## ਧੰਨਵਾਦ

ਇੰਟਰਨੈਸ਼ਨਲ ਰੰਗ ਮੰਚ ਦੇ ਪ੍ਰਧਾਨ ਸੁਖਵਿੰਦਰ ਸਿੰਘ ਬਿੱਲਾ,
ਕੌਂਸਲਰ ਜਰਨੈਲ ਸਿੰਘ, ਫਕੀਰ ਸਿੰਘ ਨਡਾਲੀ,
ਰਮੇਸ਼ ਚੰਦਰ ਗਾਂਧੀ, ਸਰੂਪ ਸਿੰਘ ਖਾਸਰੀਆ ਅਤੇ
ਤਰਸੇਮ ਸਿੰਘ ਬਲਿਆਣੀਆ ਦਾ, ਜਿਹਨਾਂ ਦੇ ਉੱਦਮ
ਨਾਲ 'ਕਲਯੁਗ ਦੀ ਮੈਲ' ਦਾ ਦੂਸਰਾ ਐਡੀਸ਼ਨ
ਪਾਠਕਾਂ ਦੇ ਰੂਬਰੂ ਹੋ ਸਕਿਆ।

# ਕਲਯੁਗ ਦੀ ਮੈਲ਼

## ਸਤਵਿੰਦਰ ਬੇਗੋਵਾਲੀਆ ਦੇ ਸਾਹਿਤਕ ਸਫ਼ਰ ਦੀ ਸੀ ਸ਼ੁਭ ਸ਼ੁਰੂਆਤ

ਪ੍ਰੋ. ਸਤਵਿੰਦਰ ਸਿੰਘ ਬੇਗੋਵਾਲੀਆ ਦਾ ਨਾਂ ਉਂਗਲਾਂ ਤੇ ਗਿਣੇ ਜਾਣ ਵਾਲੇ ਪੰਜਾਬੀ ਨਾਟਕਕਾਰਾਂ ਵਿਚ ਸ਼ੁਮਾਰ ਹੈ ਜੋ ਨਾਟ-ਰਚਨਾ ਦੇ ਨਾਲ-ਨਾਲ ਨਾਟਕ ਮੰਚਨ ਵੀ ਕਰਦੇ ਹਨ। ਹੁਣ ਤੱਕ ਉਹ ਚਾਰ ਨਾਟ ਪੁਸਤਕਾਂ 'ਕਲਯੁਗ ਦੀ ਮੈਲ', 'ਜਬੈ ਬਾਣ ਲਾਗਿਯੋ', 'ਡਾਲਰ ਮੇਰਾ ਪੁੱਤਰ' ਅਤੇ 'ਜੇਠੂ ਦਾ ਕੋਠਾ' ਜ਼ਰੀਏ ਵਿਭਿੰਨ ਵਿਸ਼ਿਆਂ / ਸਮੱਸਿਆਵਾਂ ਉਪਰ ਸਫ਼ਲਤਾ ਸਹਿਤ ਕਲਮ ਅਜ਼ਮਾ ਚੁੱਕਾ ਹੈ।

ਪ੍ਰੋ. ਸਤਵਿੰਦਰ ਬੇਗੋਵਾਲੀਆ ਦੀ ਪਲੇਠੀ ਪੁਸਤਕ 'ਕਲਯੁਗ ਦੀ ਮੈਲ' ਸੱਚ ਦੇ ਨੇੜੇ-ਤੇੜੇ ਰਹਿੰਦੇ ਹੋਏ ਅਜੋਕੇ ਸਮਾਜ ਵਿਚਲੀਆਂ ਲਾਹਨਤਾਂ ਖਿਲਾਫ਼ ਇਕ ਸਫ਼ਲ ਅਭਿਆਨ ਸੀ। ਇਸ ਪੁਸਤਕ ਵਿਚਲੇ ਪੰਜੇ ਨਾਟਕ ਭਾਵੇਂ ਲੋਕ ਨਾਟਕਾਂ ਵਰਗੇ ਸਨ, ਜਿਹਨਾਂ ਵਿਚ ਸੰਕੇਤੀ ਜੁਗਤਾਂ ਅਤੇ ਭਾਸ਼ਾਈ ਹੁਨਰ ਦੀ ਵਰਤੋਂ ਨਹੀਂ ਕੀਤੀ ਗਈ ਪਰ ਚੁਸਤ ਵਾਰਤਾਲਾਪ ਅਤੇ ਯਥਾਰਥਵਾਦੀ ਵਿਧੀ ਰਾਹੀਂ ਵਿਭਿੰਨ ਭਖਵੇਂ ਵਿਸ਼ਿਆਂ ਨੂੰ ਰੌਚਿਕਤਾ ਸਹਿਤ ਪੇਸ਼ ਕੀਤਾ ਗਿਆ। ਪਿਛਲੀਆਂ ਤਿੰਨ ਨਾਟ-ਰਚਨਾਵਾਂ ਵਿਚ ਸਤਵਿੰਦਰ ਬੇਗੋਵਾਲੀਆ ਨੇ ਸੰਕੇਤਾਂ, ਭਾਸ਼ਾਈ ਜੁਗਤਾਂ, ਮਨੋਬਚਨੀਆਂ ਅਤੇ ਅਬਸਰਡ ਥੀਏਟਰ ਦੀ ਵੀ ਵਰਤੋਂ ਕੀਤੀ। 'ਕਲਯੁਗ ਦੀ ਮੈਲ' ਪਾਠਕਾਂ ਦੇ ਵੱਡੇ ਹਿੱਸੇ ਵਿਸ਼ੇਸ਼ ਕਰ ਜਨ ਸਾਧਾਰਨ ਨੂੰ ਆਕਰਸ਼ਿਤ ਕਰਨ ਵਿਚ ਜ਼ਿਆਦਾ ਸਫ਼ਲ ਰਹੀ ਹੈ। ਮਾਰਕੀਟ ਵਿਚ ਇਸ ਪੁਸਤਕ ਦੀਆਂ ਕਾਪੀਆਂ ਉਪਲਬਧ ਨਾ ਹੋਣ ਕਾਰਨ ਇੰਟਰਨੈਸ਼ਨਲ ਰੰਗ ਮੰਚ ਬੇਗੋਵਾਲ (ਰਜਿ.) ਦੂਸਰਾ ਐਡੀਸ਼ਨ ਪਾਠਕਾਂ ਦੇ ਰੂਬਰੂ ਕਰਨ ਦੀ ਤਸੱਲੀ ਮਹਿਸੂਸ ਕਰ ਕੇ ਖੁਸ਼ੀ ਨਾਲ ਸਰਸ਼ਾਰ ਹੈ।

**ਸੁਖਵਿੰਦਰ ਸਿੰਘ ਬਿੱਲਾ**
**ਪ੍ਰਧਾਨ, ਇੰਟਰਨੈਸ਼ਨਲ ਰੰਗ ਮੰਚ ਬੇਗੋਵਾਲ (ਰਜਿ.)**
**ਜ਼ਿਲ੍ਹਾ ਕਪੂਰਥਲਾ**
**ਫੋਨ : 98762-46372**

# ਤਤਕਰਾ


1. ਕਲਯੁਗ ਦੀ ਮੈਲ
2. ਤਾਣਾ ਬਾਣਾ
3. ਸੁੰਨਾ ਚੌਂਕ
4. ਆਪਣੇ ਲੋਕ
5. ਭੂਤ

ਅਮਲੀ : ਉਮਰ 50 ਸਾਲ

ਕਰਮੀ : ਅਮਲੀ ਦੀ ਪਤਨੀ, ਉਮਰ 45 ਸਾਲ

ਭਗਤਾ :
ਫੁੰਮਣ : ਅਮਲੀ ਦੇ ਦੋ ਗੁਆਂਢੀ, ਹਰੇਕ ਦੀ ਉਮਰ ਲਗਭਗ 50 ਸਾਲ

ਦੀਪਾ : ਇੱਕ ਪੜ੍ਹਿਆ ਨੌਜਵਾਨ : ਉਮਰ 28 ਸਾਲ

ਚੇਲਾ : 35 ਸਾਲ

# ਕਲਯੁਗ ਦੀ ਮੇਲ

ਸਥਾਨ : ਅਮਲੀ ਦੇ ਘਰ ਦਾ ਵਿਹੜਾ, ਜਿਸ ਵਿਚ ਇੱਕ ਮੰਜੀ ਡਾਹੀ ਹੋਈ ਹੈ। ਮੰਜੀ ਉੱਪਰ ਅਮਲੀ ਅਤੇ ਭਗਤਾ ਬੈਠੇ ਹਨ।
(ਮੰਚ ਦੇ ਪਿੱਛੋਂ ਗੀਤ ਗਾਉਣ ਦੀ ਆਵਾਜ਼ ਆਉਂਦੀ ਹੈ।)
ਚਾਹੇ ਵਿਦਿਆ ਨੇ ਚਾਨਣ ਕੀਤਾ,
ਅਜੇ ਵੀ ਬਹੁਤ ਹਨੇਰਾ ਹੈ।
ਇੱਕ ਪਾਸੇ ਚਾਨਣ ਦੀ ਕਿਰਨ
ਉਧਰ ਦੰਭੀਆਂ ਲਾਇਆ ਡੇਰਾ ਹੈ।
ਲੋਕ ਚੱਕਰਾਂ 'ਚ ਪੈ ਗਏ ਨੇ,
ਜਿੱਥੇ ਸਾਧਾਂ ਦਾ ਚੱਲਿਆ ਗੇੜਾ ਹੈ।
ਚਾਹੇ ਵਿਦਿਆ ਨੇ ............

ਅਮਲੀ : (ਗੀਤ ਸੁਣ ਕੇ ਖੁਸ਼ੀ ਵਿਚ ਝੂਮਦਾ ਹੋਇਆ) ਵਾਹ ਬਈ ਵਾਹ, ਨਈਂ ਰੀਸਾਂ ਦੀਪੇ ਪਾਹੜੂ ਦੀਆਂ। ਸੁਣਿਐ ਕਿ ਨਈਂ? ਗੀਤ ਕਿੰਨਾ ਵਧੀਆ ਗਾਉਂਦਾ ਪਿਆ ਸੀ। ਆਪਣੇ ਘਰ ਦੇ ਕੋਠੇ ਤੇ ਚੜ੍ਹਕੇ ਜਦੋਂ ਇਵੇਂ ਦੇ ਗੀਤ ਗਾਉਂਦਾ ਏ ਤਾਂ ਧਰਮ ਨਾਲ ਸਾਰਾ ਸਰੀਰ ਖੁਸ਼ੀ ਨਾਲ ਨੱਚਣ ਲੱਗ ਪੈਂਦਾ ਏ।

ਭਗਤਾ : ਅਮਲੀਆ, ਗੀਤ ਤਾਂ ਚੰਗਾ ਸੀ ਪਰ ਉਹ ਦੀਪਾ ਕਿਧਰੇ ਚਾਰ ਕੁ ਜਮਾਤਾਂ ਤਾਂ ਕਾਲਜ ਦੀਆਂ ਪੜ੍ਹ ਗਿਐ, ਉੱਕਾ ਈ ਨਾਸਤਿਕ ਹੋ ਗਿਐ। ਰੱਬ ਦਾ ਨਾਂ ਲੈਣ ਵਾਲੇ ਸਾਧੂਆਂ ਸੰਤਾਂ ਦੀ ਭੰਡੀ ਕਰਦਾ ਫਿਰਦੈ। ਅੱਜ ਕੱਲ੍ਹ ਕਿੰਨਾ ਜ਼ੁਲਮ ਹੋ ਰਿਹੈ ਐਸ ਧਰਤੀ ਤੇ, ਫਿਰ ਵੀ ਆਹ ਧਰਤੀ ਰੱਬ ਦਾ ਨਾਂ ਲੈਣ ਵਾਲੇ ਸਾਧੂਆਂ ਸੰਤਾਂ ਦੀ ਭਜਨ ਬੰਦਗੀ ਦੇ ਸਿਰ ਤੇ ਖੜ੍ਹੀ ਏ।

ਅਮਲੀ : ਧਰਤੀ ਤਾਂ ਜਿੱਥੇ ਸੀ ਉੱਥੇ ਈ ਐ, ਪਰ ਆਹ ਸਾਧ ਸੂਧ ਤਾਂ ਜ਼ਮੀਨ ਤੇ ਵਾਧੂ ਭਾਰ ਪਾਈ ਬੈਠੇ ਨੇ। ਕਰਦੇ ਕੀ ਨੇ? ਸਾਰਾ ਦਿਨ ਚੌੜੇ ਹੋ ਕੇ ਵਿਹਲੇ ਬੈਠੇ ਰਹਿੰਦੇ ਨੇ। ਲੋਕ ਚੜ੍ਹਾਵਾ ਚਾੜ੍ਹੀ ਜਾਂਦੇ ਨੇ ਤੇ ਇਹ ਲੋਕ ਛੱਤੀ ਵੰਨਗੀਆਂ ਦੇ ਖਾਣੇ ਖਾ ਕੇ ਡਕਾਰ ਮਾਰ ਛੱਡਦੇ ਨੇ।

ਭਗਤ : ਲੋਕ ਆਪਣੇ ਆਪ ਚੜ੍ਹਾਵਾ ਚਾੜ੍ਹਦੇ ਨੇ। ਸਾਧੂ ਸੰਤ ਕਿਹੜਾ ਉਹਨਾਂ ਦੇ ਘਰ ਘਰ ਜਾ ਕੇ ਕਹਿੰਦੇ ਨੇ ਸਾਡੇ ਡੇਰਿਆਂ ਤੇ ਚੜ੍ਹਾਵਾ ਚਾੜ੍ਹੋ।

ਅਮਲੀ : ਤੂੰ ਗੱਲ ਲੋਕਾਂ ਦੀ ਕਰਦੈਂ। ਲੋਕ ਚਲਦੇ ਨੇ ਭੇਡ ਚਾਲ, ਤਾਂਹੀਉਂ ਅਸੀਂ ਦੂਜੇ ਮੁਲਕਾਂ

ਤੋਂ ਪਿੱਛੇ ਰਹਿ ਗਏ। ਬਾਕੀ ਜਿਹੜੀ ਗੱਲ ਚੜ੍ਹਾਵੇ ਦੀ ਏ, ਆਹ ਸਾਧਾਂ ਨੇ ਤੇਰੇ ਅਰਗੇ ਚੇਲੇ ਚਾਟੜੇ ਬਥੇਰੇ ਛੱਡੇ ਨੇ ਪ੍ਰਚਾਰ ਕਰਨ ਵਾਸਤੇ।

ਭਗਤਾ : ਮੇਰੇ ਅਰਗੇ? ਮੈਂ ਕਿਹਦੇ ਵਾਸਤੇ ਪ੍ਰਚਾਰ ਕੀਤੈ। ਮੈਂ ਤਾਂ ਇਹੀ ਕਹਿਨਾਂ ਕਿ ਕਿਸੇ ਸਾਧੂ ਸੰਤ ਦੇ ਉਲਟ ਨਾ ਬੋਲੋ।

ਅਮਲੀ : ਕਿਉਂ ਨਾ ਬੋਲੀਏ ਉਲਟ? ਅੱਛਾ ਇਹ ਦੱਸ ਤੂੰ ਕਿੱਥੇ ਰਿਹੈਂ ਪਿਛਲੇ ਪੰਜ-ਸੱਤ ਦਿਨ?

ਭਗਤਾ : ਮੈਂ ਮਸਤੀਪੁਰੀਏ ਜਾਂਦਾ ਰਿਹਾ ਬਾਬਾ ਜੀ ਦੇ ਡੇਰੇ। ਵਾਹ! ਉੱਥੇ ਦਾ ਨਜ਼ਾਰਾ ਤਾਂ ਵੇਖਣ ਵਾਲੈ!

ਅਮਲੀ : ਨਾ ਤੇਰੇ ਤੇ ਕੋਈ ਬਿਪਤਾ ਪੈ ਗਈ ਸੀ ਜਿਹੜਾ ਤੂੰ ਉੱਥੇ ਗੇੜੇ ਕੱਢਦਾ ਰਿਹੈਂ?

ਭਗਤਾ : ਮੈਨੂੰ ਰਾਤ ਨੂੰ ਬੜੇ ਮਾੜਾ ਸੁਫ਼ਨੇ ਆਉਂਦੇ ਸੀ। ਸੁਫ਼ਨੇ ਵਿਚ ਦਬਾਅ ਹੋ ਜਾਂਦਾ ਸੀ।

ਅਮਲੀ : ਐਥੇ ਤਾਂ ਲੋਕ ਦਿਨੇ ਸੁਫ਼ਨੇ ਲਈ ਜਾਂਦੇ ਨੇ ਤੇ ਤੈਨੂੰ ਰਾਤ ਨੂੰ ਆ ਗਏ ਤਾਂ ਕਿਹੜਾ ਚਮਤਕਾਰ ਹੋ ਗਿਐ?

ਭਗਤਾ : ਮਾੜੇ ਸੁਫ਼ਨੇ ਆਉਣ ਤਾਂ ਸਮਝੋ ਖ਼ੈਰ ਨਹੀਂ। ਮੈਂ ਬਾਬਿਆਂ ਕੋਲ ਜਾ ਫਰਿਆਦ ਕੀਤੀ– ਬਾਬਾ ਜੀ, ਸਾਡੇ ਤੇ ਵੀ ਮਿਹਰ ਦੀ ਨਜ਼ਰ ਕਰੋ।

ਅਮਲੀ : ਫੇਰ ਹੋ ਗਈ ਮਿਹਰ ਦੀ ਨਜ਼ਰ?

ਭਗਤਾ : ਹੋਰ ਕੀ। ਬਾਬੇ ਕਹਿੰਦੇ ਤੈਨੂੰ ਕਿਸੇ ਮਾੜੀ ਜ਼ਨਾਨੀ ਦੀ ਨਜ਼ਰ ਲੱਗ ਗਈ ਏ.......

ਅਮਲੀ : (ਵਿਚੋਂ ਕੱਟ ਕੇ) ਆਹੋ ਨਜ਼ਰ ਲੱਗ ਗਈ ਤੈਨੂੰ! ਚੰਗਾ ਤਖ਼ਤ ਹਜ਼ਾਰੇ ਦਾ ਰਾਂਝਾ ਏਂ ਨਾ। ਭਗਤ ਸਿੰਹਾਂ, ਜਿਥੇ ਤੇਰੇ ਮੇਰੇ ਅਰਗੇ ਹੋਣ ਉੱਥੇ ਤਾਂ ਨਜ਼ਰ ਵੱਟੂ ਲਾਉਣ ਦੀ ਲੋੜ ਨਹੀਂ ਪੈਂਦੀ। ਅੱਛਾ ਇਹ ਦੱਸ, ਬਾਬਿਆਂ ਦੇ ਡੇਰਿਉਂ ਆਉਣ ਬਾਅਦ ਤੈਨੂੰ ਰਾਤ ਦੇ ਸੁਫ਼ਨੇ ਹਟ ਗਏ?

ਭਗਤਾ : ਬਾਬਾ ਜੀ ਨੇ ਜਲ ਦਿੱਤੈ। ਆਂਹਦੇ ਸੀ ਚਾਲੀ ਦਿਨ ਰੋਜ਼ ਪੀਣ ਬਾਅਦ ਰੋਗ ਕੱਟੇ ਜਾਣਗੇ। ਮੈਂ ਤਾਂ ਉੱਥੇ ਪ੍ਰਸ਼ਾਦ ਵੀ ਸੁੱਖ ਕੇ ਆਇਆ। ਮੇਰਾ ਕਸ਼ਟ ਕੱਟਿਆ ਜਾਏ ਤਾਂ ਮੈਂ ਪ੍ਰਸ਼ਾਦ ਕਰਾਉਣ ਜ਼ਰੂਰ ਜਾਵਾਂਗਾ।

ਅਮਲੀ : ਸਮਝ ਨਹੀਂ ਆਉਂਦੀ ਕਿ ਲੋਕ ਸੁੱਖਾਂ ਪਤਾ ਨਹੀਂ ਕਿਉਂ ਸੁੱਖ ਛੱਡਦੇ ਏ। ਕਿਸੇ ਦਾ ਬੱਚਾ ਹੋਣ ਵਾਲਾ ਹੋਏ ਤਾਂ ਬਾਬੇ ਜਣੇ ਖਣੇ ਨੂੰ ਅਸ਼ੀਰਵਾਦ ਦੇਈ ਜਾਂਦੇ ਨੇ – ਕਾਕਾ ਈ ਹੋਏਗਾ। ਕੋਈ ਬੰਦਾ ਪੁੱਛਣ ਵਾਲਾ ਹੋਏ ਇੱਕ ਗੱਲ ਤਾਂ ਹੋਣੀ ਈ ਏ ਮੁੰਡਾ ਜਾਂ ਕੁੜੀ।

ਭਗਤਾ : ਬਾਬਿਆਂ ਦੇ ਬਚਨਾਂ ਨਾਲ ਕਈਆਂ ਦੇ ਘਰ ਪੁੱਤਰ ਹੋਏ ਨੇ। ਮਸਤੀਪੁਰੀਏ ਮੈਂ ਆਪਣੀ ਅੱਖੀਂ ਵੇਖਿਐ, ਲੋਕ ਸੁੱਖਣਾਂ ਪੂਰੀਆਂ ਕਰਦੇ ਪਏ ਸੀ।

ਅਮਲੀ : ਸਾਧਾਂ ਦੇ ਬਚਨਾਂ ਨਾਲ ਸਾਰਿਆਂ ਦੇ ਮੁੰਡੇ ਨਹੀਂ ਹੋ ਗਏ। ਜਿਹਨਾਂ ਦੇ ਘਰ ਕੁੜੀ ਹੋ



ਜਾਂਦੀ ਏ, ਉਹ ਪਹਿਲਾਂ ਬਾਬਾ ਛੱਡ ਕੇ ਦੂਜਾ ਬਾਬਾ ਲੱਭਣ ਤੁਰ ਪੈਂਦੇ ਨੇ। ਆਪਣਾ ਗੁਆਂਢੀ ਏ ਨਾ ਲਸ਼ਕਰ ਸਿੰਘ। ਕਿਹੜਾ ਬਾਬਾ ਛੱਡਿਆ ਉਹਨੇ? ਘਰ ਕੁੜੀਆਂ ਦੀ ਲੈਨ ਲੱਗ ਗਈ।

ਭਗਤਾ : ਜਿਹਨਾਂ ਲੋਕਾਂ ਦੀ ਆਸ ਪੂਰੀ ਨਹੀ ਹੁੰਦੀ ਉਹਨਾਂ ਦੇ ਮਨ ਦੀ ਨਿਹਚਾ ਨਈਂ ਪੱਕੀ ਹੁੰਦੀ। ਉਹ ਜ਼ਰੂਰ ਕੋਈ ਭੁੱਲ ਕਰ ਬਹਿੰਦੇ ਨੇ। ਲਸ਼ਕਰ ਤੋਂ ਵੀ ਜ਼ਰੂਰ ਕੋਈ ਭੁੱਲ ਹੋਈ ਹੋਵੇਗੀ।

ਅਮਲੀ : (ਮਖੌਲ ਕਰ ਕੇ) ਭੁੱਲ ਹੋਈ ਹੋਵੇਗੀ! ਚੰਗਾ ਉਹਨੇ ਕਿਸੇ ਘਰ ਡਾਕਾ ਮਾਰਿਐ। ਵਿਚਾਰਾ ਸਾਰਾ ਦਿਨ ਖ਼ੂਨ ਪਸੀਨਾ ਇੱਕ ਕਰਕੇ ਰੋਟੀ ਦਾ ਆਹਰ ਪਾਹਰ ਕਰਦੈ ਤੇ ਉਹਦੀ ਘਰ ਆਲੀ ਆਹ ਸਾਧਾਂ ਦੇ ਟਿਕਾਣਿਆਂ ਦਾ ਪਤਾ ਥਹੁ ਕਰਦੀ ਫਿਰਦੀ ਰਹਿੰਦੀ ਏ।

ਭਗਤਾ : ਗੱਲੀਂ ਬਾਤੀਂ ਤੇਰਾ ਮੁਕਾਬਲਾ ਕੌਣ ਕਰ ਸਕਦੈ? ਤੇਰੇ ਨਾਲ ਜਿੱਦਣ ਦਾ ਕੋਈ ਫਾਇਦਾ ਨਹੀਂ? (ਦੀਪਾ ਪਾੜ੍ਹੂ ਆਉਂਦਾ ਹੈ, ਭਗਤਾ ਮੰਜੇ ਤੋਂ ਉੱਠ ਪੈਂਦਾ ਹੈ।) ਚੰਗਾ ਅਮਲੀਆ, ਮੈਂ ਚੱਲਦਾਂ, ਆ ਗਿਐ ਤੇਰਾ ਮਨ ਪਸੰਦ ਦਾ ਸਾਥੀ।

ਅਮਲੀ : ਘੜੀ ਬਹਿਜਾ ਤੂੰ ਵੀ। ਪੜ੍ਹਿਆਂ ਲਿਖਿਆਂ ਦੀ ਕੋਈ ਗੱਲ ਸੁਣ ਲਿਆ ਕਰ। ਐਵੇਂ ਚੁਰਾਸੀ ਦੇ ਚੱਕਰਾਂ 'ਚ ਫਸਿਆ ਪਿਐਂ।

ਭਗਤਾ : ਨਾ ਬਈ ਮੈਂ ਨਹੀਂ ਸੁਣਦਾ ਤੁਹਾਡੀਆਂ ਗੱਲਾਂ। ਅੱਗੇ ਤੂੰ ਕੱਲਾ ਨਹੀਂ ਸੀ ਮੈਨੂੰ ਟਿਕਣ ਦੇਂਦਾ ਹੁਣ ਤਾਂ ਤੁਸੀਂ ਉੱਕਾ ਈ ਮੇਰਾ ਪਸੀਨਾ ਛੁਟਾ ਦੇਣਾ ਏ। (ਭਗਤਾ ਚਲਾ ਜਾਂਦਾ ਹੈ।)

ਦੀਪਾ : (ਮੰਜੇ ਤੇ ਬੈਠਦਾ ਹੋਇਆ) ਸੁਣਾ ਚਾਚਾ, ਸਿਹਤ ਕਿਸ ਤਰ੍ਹਾਂ ਰਹਿੰਦੀ ਏ ਅੱਜਕੱਲ੍ਹ?

ਅਮਲੀ : ਦੀਪਿਆ, ਕਾਹਦੀ ਸੇਹਤ। ਫੀਮ ਦੀ ਗੋਲੀ ਜਾਂ ਭੁੱਕੀ ਦੀ ਪੁੜੀ ਮਿਲ ਜਾਏ ਤਾਂ ਸੱਤੇ ਖ਼ੈਰਾਂ। ਨਹੀਂ ਤਾਂ ਸਾਡੀਆਂ ਲੱਤਾਂ ਊਈਂ ਕੀਰਤਨ ਜਿਆ ਕਰਨ ਲੱਗ ਪੈਂਦੀਆਂ ਨੇ।

ਦੀਪਾ : ਚਾਚਾ ਤੂੰ ਕਿੱਥੋਂ ਨਸ਼ੇ ਲਾ ਬੈਠੈਂ ਸਰੀਰ ਨੂੰ। ਖਾਸ ਕਰਕੇ ਅਫੀਮ ਜਾਂ ਭੁੱਕੀ ਦਾ ਨਸ਼ਾ ਬਹੁਤ ਹੀ ਮਾੜਾ ਏ। ਬੰਦਾ ਤੂੰ ਸਿਆਣਾ ਏਂ। ਗੱਲਾਂ ਤੇਰੀਆਂ 'ਚ ਦਮ ਹੁੰਦੈ, ਸਮਝ ਨਈਂ ਆਉਂਦੀ ਕਿ ਤੂੰ ਕਿਵੇਂ ਨਸ਼ਿਆਂ ਦੇ ਘੇਰੇ 'ਚ ਘਿਰ ਗਿਐਂ?

ਅਮਲੀ : ਆਹ ਫੀਮ ਤਾਂ ਸੰਤੇ ਕੰਜਰ ਨੇ ਪੱਲੇ ਪੁਆ ਤੀ। ਮੈਨੂੰ ਇੱਕ ਵਾਰ ਜ਼ੁਕਾਮ ਹੋ ਗਿਆ ਤਾਂ ਸੰਤਾ ਕਹਿੰਦੈ – ਆਹ ਗੋਲੀ ਸੁੱਟ ਖਾਂ ਅੰਦਰ ਜ਼ੁਕਾਮ ਤਾਂ ਕੀ ਜ਼ੁਕਾਮ ਦੇ ਪਿਉ ਨੂੰ ਵੀ ਭੱਜਦੇ ਨੂੰ ਰਾਹ ਨਹੀਂ ਲੱਭਣਾ। ਉਹ ਦਿਨ ਤੋਂ ਮਗਰੋਂ ਚਸਕਾ ਜਿਆ ਈ ਪੈ ਗਿਆ ਫੀਮ ਦਾ। ਕਈ ਵਾਰੀ ਮਨ 'ਚ ਸੋਚਣਾ ਕਿ ਹੁਣ ਨਹੀਂ ਖਾਣੀ ਪਰ ਫੀਮ ਕਹਿੰਦੀ – ਥੰਮਣ ਸਿੰਹਾਂ, ਤੈਨੂੰ ਨਹੀਂ ਛੱਡਦੀ। ਯਾਰੀ ਪੱਕੀ ਲਾਈ ਏ ਤੇ ਫੱਟੇ 'ਤੇ ਪੈਣ ਤੱਕ ਸਾਥ ਨਈਉਂ ਛੱਡਣਾ।

ਦੀਪਾ : ਚਾਚਾ, ਇਹਨਾਂ ਅਮਲਾਂ ਤੋਂ ਕੀ ਖੱਟਿਆ ਤੂੰ?

ਅਮਲੀ : ਖੱਟਣਾ ਸਵਾਹ ਤੇ ਖੇਹ ਸੀ। ਦੋ ਕਿੱਲੇ ਪੈਲੀ ਖਾ ਗਈ ਫੀਮ। ਬਾਕੀ ਦੀ ਪੈਲੀ (ਹੌਕਾ ਭਰ ਕੇ) ਤੇਰੀ ਚਾਚੀ ਨੇ ਜੁਆਕਾਂ ਦੇ ਨਾਂ ਕਰਵਾ ਲਈ ਮੈਥੋਂ। ਉਹ ਵੀ ਚੰਗਾ ਈ ਕੀਤੈ ਉਹਨੇ। ਦੀਪਿਆ, ਕਦੇ ਕਦੇ ਜਵਾਨੀ ਯਾਦ ਆਉਂਦੀ ਏ .......

ਦੀਪਾ : (ਗੱਲ ਨੂੰ ਵਿਚੋਂ ਕੱਟ ਕੇ) ਮੈਂ ਸੁਣਿਐਂ ਤੂੰ ਜਵਾਨੀ ਵਿਚ ਅਖਾੜੇ 'ਚ ਜੌਹਰ ਵਿਖਾਉਂਦਾ ਰਿਹੈਂ?

ਅਮਲੀ : ਜਵਾਨੀ 'ਚ ਮੈਂ ਪਾ ਕੇ ਜਾਂਘੀਆ ਤੇ ਮਲ ਕੇ ਸਰ੍ਹੋਂ ਦਾ ਤੇਲ ਜਦੋਂ ਅਖਾੜੇ ਉਤਰਦਾ ਸੀ ਤਾਂ ਵੱਡੇ-ਵੱਡੇ ਖੱਬੀਖਾਨਾਂ ਦੀ ਹਵਾ ਨਿਕਲ ਜਾਂਦੀ ਸੀ। ਮੈਨੂੰ ਇੱਕ ਗੱਲ ਯਾਦ ਆ ਗਈ - ਦਿਨ ਵਿਸਾਖੀ ਦਾ, ਆਪਣੇ ਪਿੰਡ ਦੇ ਬਾਹਰਵਾਰ ਖੁੱਲੇ ਮੈਦਾਨ 'ਚ ਕੁਸ਼ਤੀਆਂ ਹੋਈਆਂ। ਬੁਤਾਲੇ ਦੇ ਇੱਕ ਭਲਵਾਨ ਨੇ ਝੰਡੀ ਲਿਆ ਕੇ ਜ਼ਮੀਨ 'ਚ ਗੱਡ ਦਿੱਤੀ ਤੇ ਕਹਿੰਦੈ- ਨਿਕਲੋ ਕੋਈ ਬੁੜ੍ਹੀ ਦਾ ਪੁੱਤ ਜਿਹਨੇ ਮਾਂ ਦਾ ਦੁੱਧ ਪੀਤੈ। ਹੋਰ ਤਾਂ ਕੋਈ ਡਰਦਾ ਨਿਕਲੇ ਈ ਨਾ।

ਦੀਪਾ : ਫਿਰ ਸਾਡਾ ਚਾਚਾ ਜਾ ਡੱਟਿਆ ਹੋਣੈਂ?

ਅਮਲੀ : ਹੋਰ ਕਰਦਾ ਵੀ ਕੀ, ਪੰਜ ਮਿੰਟ ਨਹੀਂ ਕੱਢਿਆ ਮੇਰੇ ਅੱਗੇ। ਉਹਨੂੰ ਸੁੱਟ ਕੇ ਭੁੰਜੇ ਮਿੱਟੀ 'ਚ ਭੂਤ ਬਣਾ ਦਿੱਤਾ। ਸਾਲਾ ਥੱਲਿਉਂ ਚੀਕਾਂ ਛੱਡਣ ਲੱਗ ਪਿਆ - ਬਾਪੂ ਛੱਡ ਦੇ ਫਿਰ ਨਹੀਉਂ ਗੱਡਦਾ ਝੰਡੀ। ਆਪਣੀ ਝੰਡੀ ਪੁੱਟ ਕੇ ਉਥੇ ਨਹੀਂ ਖੜ੍ਹਾ ਮਾਂ ਦਾ ਸੂਰਮਾ ਪੁੱਤਰ। ਦੀਪਿਆ, ਜਵਾਨੀ ਮਸਤਾਨੀ ਹੁੰਦੀ ਏ। (ਉਦਾਸ ਹੋ ਜਾਂਦਾ ਹੈ। ਹੁਣ ਕਿੱਥੋਂ ਆਉਣੈ ਗਿਆ ਵਕਤ।

ਦੀਪਾ : (ਹੌਂਸਲਾ ਦਿੰਦਾ ਹੋਇਆ) ਚਾਚਾ ਐਵੇਂ ਦਿਲ ਨਾ ਛੱਡ। ਮੈਂ ਤੈਨੂੰ ਕਿਸੇ ਦਿਨ ਸ਼ਹਿਰ ਦੇ ਇੱਕ ਡਾਕਟਰ ਕੋਲ ਲੈ ਕੇ ਜਾਵਾਂਗਾ। ਉਸ ਡਾਕਟਰ ਨੇ ਕਈ ਅਮਲੀਆਂ ਦੇ ਅਮਲ ਛੁਡਾਏ ਨੇ। ਬੱਸ, ਤੂੰ ਮਨ 'ਚ ਦ੍ਰਿੜ੍ਹਤਾ ਰੱਖੀਂ ਕਿ ਫੀਮ ਵੱਲ ਨਹੀਂ ਵੇਖਣਾ।

ਅਮਲੀ : ਜੀਂਦਾ ਰਹਿ, ਜੀਂਦਾ ਰਹਿ (ਦੀਪੇ ਦੇ ਹੱਥ ਵਿਚ ਫੜੀ ਅਖਬਾਰ ਵੱਲ ਇਸ਼ਾਰਾ ਕਰਕੇ) ਕੋਈ ਖਬਰ ਖੁਬਰ ਸੁਣਾ ਕੀ ਬੋਲਦੀ ਏ ਅਖਬਾਰ? ਮਾਰ ਹੂਰਾ ਜਰਾ ਇਹਨੂੰ।

ਦੀਪਾ : (ਅਖਬਾਰ ਖੋਲ੍ਹਦਾ ਹੋਇਆ) ਲੈ ਚਾਚਾ ਲੱਭ ਗਈ ਤੇਰੇ ਕੰਮ ਦੀ ਖਬਰ। ਸੁਣਿਐ ਤਬੀਅਤ ਖੁਸ਼ ਹੋ ਜਾਏਗੀ ਤੇਰੀ।

ਅਮਲੀ : ਬੋਲੀ ਚੱਲ, ਮੇਰੇ ਕੰਨ ਤੇਰੇ ਵੱਲ ਈ ਨੇ।

ਦੀਪਾ : (ਖਬਰ ਪੜ੍ਹਦਾ ਹੋਇਆ) ਪਿੰਡ ਜੁਰਾਸੀ ਕਲਾਂ ਵਿਚ ਇੱਕ ਪਾਖੰਡੀ ਸਾਧ ਰਾਤ ਨੂੰ ਕੰਧ ਟੱਪ ਕੇ ਇੱਕ ਘਰ ਵਿਚ ਦਾਖਲ ਹੋ ਗਿਆ। ਘਰ ਵਾਲਿਆਂ ਸ਼ੋਰ ਮਚਾ ਦਿੱਤਾ। ਸਾਧ ਨੇ ਭੱਜ ਕੇ ਨਿਕਲਣ ਦੀ ਕੋਸ਼ਿਸ਼ ਕੀਤੀ। ਪਰ ਪਿੰਡ ਵਾਲਿਆਂ ਨੇ ਉਸਨੂੰ ਕਾਬੂ ਕਰ ਲਿਆ ਅਤੇ ਖੂਬ ਕੁਟਾਪਾ ਚਾੜ੍ਹਿਆ। ਬਾਅਦ ਵਿਚ ਲੋਕਾਂ ਨੇ ਸਾਧ ਨੂੰ ਫੜ੍ਹ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ।



ਅਮਲੀ : (ਖੁਸ਼ ਹੋ ਕੇ) ਫਿਰ ਤਾਂ ਹੁਣ ਹਵਾਲਾਤ ਦੀ ਹਵਾ ਈ ਖਾਂਦਾ ਹੋਣੈਂ।

ਦੀਪਾ : ਨਹੀਂ ਚਾਚਾ ਪੁਲਿਸ ਨੇ ਕੀ ਕਰਨੈ, ਉਹਨੂੰ ਰੱਖ ਕੇ। ਆਪਣੀ ਜੇਬ ਭਰ ਕੇ ਤੋਰ ਦਿੱਤਾ ਹੋਣੈਂ ਘਰ।

ਅਮਲੀ : ਕੋਈ ਗੱਲ ਨਹੀਂ ਲੋਕਾਂ ਨੇ ਤਾਂ ਰਗੜਾ ਬੰਨ ਈ ਦਿੱਤੈ। ਲੋਕ ਵੀ ਚੰਗੇ ਸਿਆਣੇ ਨਿਕਲੇ। ਹੋਰ ਸੁੱਟ ਕੋਈ ਇੱਦਾਂ ਦੀ ਚੋਂਦੀ-ਚੋਂਦੀ ਖਬਰ।

ਦੀਪਾ : ਚਾਚਾ, ਖਬਰਾਂ ਨੂੰ ਛੱਡ। ਮੈਂ ਤੇਰੇ ਵੱਲ ਬੜੇ ਜ਼ਰੂਰੀ ਕੰਮ ਆਇਆ। ਗੱਲ ਇਸ ਤਰ੍ਹਾਂ ਏ ਕਿ ਆਪਣੇ ਪਿੰਡ ਦੇ ਬਾਹਰਵਾਰ ਬਾਗ ਵਿਚ ਇੱਕ ਹੱਟੇ ਕੱਟੇ ਸਾਧ ਨੇ ਆਪਣੀ ਚੇਲਿਆਂ ਦੀ ਫੌਜ ਸਮੇਤ ਡੇਰਾ ਲਾ ਦਿੱਤਾ ਏ।

ਅਮਲੀ : (ਸਾਧ ਦਾ ਨਾਂ ਸੁਣ ਕੇ ਤ੍ਰਭਕ ਜਾਂਦਾ ਹੈ) ਉਏ ਹੌਲੀ ਬੋਲ ਹੌਲੀ। ਤੇਰੀ ਵਾਜ ਮੇਰੇ ਕੰਨਾਂ ਤੱਕ ਈ ਰਹੇ।

ਦੀਪਾ : ਕਿਉਂ ਚਾਚਾ, ਸਾਧਾਂ ਦਾ ਨਾਂ ਸੁਣਕੇ ਤੈਨੂੰ ਕਾਂਬਾ ਛਿੜ ਪਿਐ?

ਅਮਲੀ : ਕਾਂਬਾ ਮੈਨੂੰ ਨਹੀਂ, ਕਾਂਬਾ ਛਿੜ ਪੈਣੈ ਤੇਰੀ ਚਾਚੀ ਨੂੰ। ਜੇ ਉਹਦੇ ਕੰਨਾਂ ਤਾਈਂ ਆਹ ਗੱਲ ਪਹੁੰਚ ਗਈ ਕਿ ਪਿੰਡ ਵਿਚ ਸਾਧ ਆਏ ਨੇ, ਉਹਨੇ ਦੌੜ ਜਾਣੈਂ ਸਾਧਾਂ ਦੇ ਡੇਰੇ ਤੇ ਮੈਂ ਮਗਰੋਂ ਭੁੱਖ ਹੜਤਾਲ ਤਾਂ ਨਹੀਂ ਕਰ ਲੈਣੀ। ਇਧਰ ਨਜ਼ਰ ਮਾਰ ਕਿਤੇ ਤੇਰੀ ਚਾਚੀ ਤਾਂ ਨੀ ਹੈਗੀ ਕਿਤੇ?

ਦੀਪਾ : (ਇਧਰ ਉਧਰ ਵੇਖਣ ਬਾਅਦ ਮਖੌਲੀਆ ਅੰਦਾਜ਼ ਵਿਚ)
ਚਾਚਾ ਉੱਤਰ ਤੱਕਿਆ, ਦੱਖਣ ਤੱਕਿਆ
ਦੂਰ ਤੱਕ ਨਜ਼ਰ ਦੁੜਾਈ।
ਨਿਹਾਲੇ ਦੇ ਘਰ ਤਾਈਂ ਤਾਂ
ਚਾਚੀ ਸਾਡੀ ਨਜ਼ਰ ਨਾ ਆਈ।

ਅਮਲੀ : ਖੁਸ਼ ਕਰ ਤਾ ਕਵਿਤਾ ਦੀਆਂ ਲੈਨਾਂ ਸੁਣਾ ਕੇ। ਪਤਾ ਨਹੀਂ ਤੇਰੇ ਕੋਲ ਕੇਹੜੀ ਗਿੱਦੜ ਸਿੰਗੀ ਏ ਕਿ ਵੇਖਦੇ-ਵੇਖਦੇ ਕਵਿਤਾ ਬਣਾ ਦੇਂਦੈ ਤੂੰ। ਤੇਰੀ ਕਵਿਤਾ ਸੁਣ ਕੇ ਧਰਮ ਨਾਲ ਗੋਲੀ ਜਿੰਨਾ ਨਸ਼ਾ ਹੋ ਜਾਂਦੈ।

ਦੀਪਾ : ਚਾਚਾ, ਕਵਿਤਾ ਦੀ ਗੱਲ ਛੱਡ, ਉਹ ਤਾਂ ਜਦੋਂ ਕਹੇਂਗਾ ਸੁਣਾ ਦਿਆ ਕਰਾਂਗਾ। (ਡਾਇਰੀ ਵਿਖਾਉਂਦਾ ਹੋਇਆ) ਇਸ ਡਾਇਰੀ ਵਿਚ ਬਥੇਰੀਆਂ ਕਵਿਤਾਵਾਂ ਲਿਖੀਆਂ ਨੇ। ਹੁਣ ਆ ਜ਼ਰਾ ਅਸਲੀ ਗੱਲ ਵੱਲ। ਤੈਨੂੰ ਸਾਧਾਂ ਦੀਆਂ ਕਰਤੂਤਾਂ ਦਾ ਤਾਂ ਚੰਗਾ ਭਲਾ ਪਤਾ ਈ ਏ। ਯੁੱਗ ਸਾਇੰਸ ਦਾ ਏ ਪਰ ਲੋਕਾਂ ਵਿਚ ਕੋਈ ਜਾਗ੍ਰਤੀ ਨਹੀਂ। ਆਮ ਲੋਕਾਂ ਨੂੰ ਛੱਡ, ਪੜ੍ਹੇ ਲਿਖੇ ਲੋਕ ਵੀ ਸਾਧਾਂ ਦੇ ਜਾਲ ਵਿਚ ਫਸ ਜਾਂਦੇ ਨੇ। ਇਹ ਵਿਹਲੜ ਤੇ ਪਾਖੰਡੀ ਲੋਕ ਆਏ ਦਿਨ ਸਮਾਜ ਤੇ ਬੋਝ ਵਧਾਈ ਜਾ ਰਹੇ ਨੇ ਤੇ ਆਪਾਂ ਰਲ ਕੇ ਇਸ ਵਾਧੂ ਬੋਝ ਨੂੰ ਮਗਰੋਂ ਲਾਹੁਣੈਂ।

ਅਮਲੀ : ਮੈਂ ਤਾਂ ਕਹਿਨਾ ਸਾਰੇ ਸਾਧ ਫੜ੍ਹ ਕੇ ਝੋਨੇ ਦੇ ਖੇਤ ਵਿਚ ਵਾੜ ਦੇਣੇ ਚਾਹੀਦੇ ਨੇ ਤੇ

ਇਹਨਾਂ ਕੋਲੋਂ ਝੋਨਾ ਲਵਾਉਣਾ ਚਾਹੀਦੈ। ਫਿਰ ਇਹਨਾਂ ਨੂੰ ਲੋਅ ਹੋਵੇ ਕਿ ਅਨਾਜ ਕਿਵੇਂ ਤਿਆਰ ਹੁੰਦੈ। ਨਾਲੇ ਲੋਕਾਂ ਨੂੰ ਵੀ ਇਹਨਾਂ ਦੀ ਸ਼ਕਤੀ ਦਾ ਪਤਾ ਲੱਗ ਜਾਵੇ ਤੇ ਭਗਤੀ ਦਾ ਵੀ। ਦੀਪਿਆ, ਮੈਨੂੰ ਇੱਕ ਗੱਲ ਚੇਤੇ ਆਈ ਏ, ਉਹ ਗੱਲ ਜਦੋਂ ਮੇਰੀਆਂ ਅੱਖਾਂ ਅੱਗੇ ਆਉਂਦੀ ਏ, ਤਾਂ ਮੈਂ ਲਲਕਾਰਾ ਮਾਰ ਕੇ ਕਹਿ ਦਿੰਦਾ ਵਾਂ ਕਿ ਸਾਧਾਂ 'ਚ ਕੋਈ ਸ਼ਕਤੀ ਨਹੀਂ।

ਦੀਪਾ : ਜੇ ਗੱਲ ਐਨੀ ਖਾਸ ਏ ਤਾਂ ਮੈਨੂੰ ਅੱਜ ਤਾਈਂ ਸੁਣਾਈ ਕਿਉਂ ਨਹੀਂ?

ਅਮਲੀ : ਗੋਲੀ ਦੇ ਨਸ਼ੇ 'ਚ ਕਿੱਥੇ ਯਾਦ ਰਹਿੰਦੀਆਂ ਇਹੋ ਜਿਹੀਆਂ ਗੱਲਾਂ। ਇਹ ਤਾਂ ਕੁਦਰਤੀ ਯਾਦ ਆ ਗਈ। ਆਪਣੇ ਪਿੰਡ ਦੇ ਹਰਨਾਮ ਸਿੰਘ ਨੇ ਕੋਈ ਪੰਦਰਾਂ ਸਾਲ ਪਹਿਲਾਂ ਦੀ ਗੱਲ ਏ ਕਣਕ ਦੀ ਵਾਢੀ ਦੀ ਮਾਂਗੀ ਪਾ ਲਈ। ਹਰਨਾਮ ਸਿੰਘ ਦਾ ਮੁੰਡਾ ਦਰਸ਼ਨ ਸਿੰਘ ਜਿਹੜਾ ਸਾਧ ਬਣ ਗਿਐ, ਉਹ ਵੀ ਵਾਢੀ ਕਰਨ ਵਾਲਿਆਂ 'ਚ ਸੀ। ਸ਼ਾਮਾਂ ਨੂੰ ਜਦ ਵਾਢੀ ਕਰਕੇ ਵਿਹਲੇ ਹੋਏ ਤਾਂ ਉੱਥੇ ਜੰਗ ਮੱਚ ਪਿਐ।

ਦੀਪਾ : (ਉਤਸੁਕਤਾ ਵਿਖਾਉਂਦਾ ਹੋਇਆ) ਅੱਛਾ ਫੇਰ?

ਅਮਲੀ : ਫੇਰ ਕੀ ਬੰਦੇ ਦੋ ਢਾਣੀਆਂ 'ਚ ਵੰਡੇ ਗਏ ਤੇ ਅਸੀਂ ਸਾਂਝੇ ਮਾਂਝੇ ਪਰ੍ਹਾ ਦੂਰ ਈ ਖੜ੍ਹੇ ਓਦਾਂ ਈ ਪੱਟ ਖੜਕਾਂਦੇ ਰਹੇ। ਸਾਰੇ ਯੋਧਿਆਂ ਦੇ ਪਰਨੇ ਸਿਰ ਤੋਂ ਲੱਥ ਕੇ ਵੱਢ ਵਿਚ ਜਾ ਡਿੱਗੇ। ਇੱਕ ਦੂਜੇ ਦੇ ਵਾਲ ਫੜ ਕੇ ਦੇਣ ਲੱਗੇ ਇੱਕ ਦੂਜੇ ਨੂੰ ਗੇੜਾ। ਐਂ ਜਾਪੇ ਜਿਵੇਂ ਉਥੇ ਚੌਂਕੀ ਹੋ ਰਹੀ ਹੋਵੇ।

ਦੀਪਾ : ਵਾਲ ਪੁੱਟ-ਪੁਟਾ ਕੇ ਹੋ ਗਏ ਠੰਡੇ?

ਅਮਲੀ : ਨਜ਼ਾਰਾ ਤਾਂ ਉਦੋਂ ਮਚਿਆ ਜਦੋਂ ਬੀਰੇ ਨੇ ਦਰਸ਼ਨ ਸਾਧ ਨੂੰ ਥੱਲੇ ਸੁੱਟ ਲਿਆ। ਗੋਡੇ ਮਾਰ ਮਾਰ ਉਹਦੀ ਗੋਗੜ ਹਿਲਾ ਦਿੱਤੀ। ਸਾਧ ਥੱਲੇ ਪਿਆ ਈ ਆਖੀ ਜਾਏ-ਬੀਰਿਆ, ਛੱਡ ਦੇ ਬਾਬਿਆਂ ਨੂੰ ਨਹੀਂ ਤਾਂ ਗੁੱਸੇ 'ਚ ਸਰਾਪ ਦੇ ਦਿਆਂਗੇ। ਪਰ ਪਿਉ ਦੇ ਪੁੱਤ ਬੀਰੇ ਨੇ ਸਾਧ ਦਾ ਸਿਰ ਥੱਲੇ ਅਤੇ ਲੱਤਾਂ ਉਤਾਂਹ ਅਸਮਾਨ ਵੱਲ ਖੜ੍ਹੀਆਂ ਕਰ ਦਿੱਤੀਆਂ। ਉਹ ਵੇਲਾ ਗਿਆ ਤੇ ਆਹ ਵੇਲਾ ਆ ਗਿਐ। ਮੈਂ ਨਹੀਂ ਮੰਨਦਾ ਸਾਧਾਂ ਸੂਧਾਂ ਨੂੰ।

ਦੀਪਾ : ਚਾਚਾ ਗੱਲ ਬੜੀ ਮਜ਼ੇਦਾਰ ਸੁਣਾਈ ਤੂੰ। ਇਵੇਂ ਦੀਆਂ ਗੱਲਾਂ ਆਪਣੇ ਯਾਰਾਂ ਬੇਲੀਆਂ ਨੂੰ ਵੀ ਸੁਣਾਇਆ ਕਰ ਤਾਂ ਹੀ ਪਾਖੰਡੀ ਸਾਧਾਂ ਦਾ ਪਾਜ ਖੁੱਲੇਗਾ। ਤੂੰ ਭਾਵੇਂ ਪੜ੍ਹਿਆ ਨਹੀਂ ਪਰ ਹੈ ਤੂੰ ਸਿਆਣਾ।

ਅਮਲੀ : ਮੈਂ ਅੰਨੇ ਵਾਹ ਨਹੀਂ ਤਬਾਰ ਕਰਦਾ ਕਿਸੇ ਸੁਣੀ ਸੁਣਾਈ ਗੱਲ ਤੇ। ਬੰਦੇ ਨੂੰ ਤਾਂ ਮੈਂ ਇੱਕ ਮਿੰਟ 'ਚ ਟਣਕਾ ਦੇਣਾ ਉਂਗਲਾਂ ਤੇ। ਤੇਰੇ ਆਉਣ ਤੋਂ ਪਹਿਲਾਂ ਭਗਤਾ ਬੈਠਾ ਸੀ ਨਾ ਮੇਰੇ ਕੋਲ?

ਦੀਪਾ : ਹਾਂ ਬੈਠਾ ਸੀ, ਉਹਦੇ ਨਾਲ ਕੀ ਗੱਲ ਹੋ ਰਹੀ ਸੀ?

ਅਮਲੀ : ਕਹਿੰਦੈ ਰਾਤ ਨੂੰ ਸੁਫਨੇ ਭੈੜੇ ਆਉਂਦੇ ਨੇ ਤੇ ਜਦੋਂ ਜਾਗ ਆਉਂਦੀ ਏ ਤਾਂ ਡਰ ਲੱਗਦੈ। ਹੁਣ ਡਰ ਦੂਰ ਕਰਨ ਵਾਸਤੇ ਕਿਸੇ ਸਾਧ ਕੋਲੋਂ ਜਲ ਲਿਆ ਕੇ ਪੀਂਦਾ



ਫਿਰਦੈ। ਮੈਂ ਕਿਹਾ-ਡਰਦਾ ਤਾਂ ਤੂੰ ਉਹਨਾਂ ਵੇਲਿਆਂ ਦਾ ਏਂ ਜਦੋਂ ਨਲੀ ਲਮਕਾਈ ਫਿਰਦਾ ਹੁੰਦਾ ਸੀ। ਹੁਣ ਪੰਜਾਹਾਂ ਨੂੰ ਜਾ ਪਹੁੰਚਿਐ ਪਰ ਮਜਾਲ ਏ ਕਿਤੇ ਹੁਣ ਵੀ ਰਾਤ ਨੂੰ ਕੱਲਾ ਬਾਹਰ ਪੈਲੀ ਵਿਚ ਮੋਟਰ ਦਾ ਬਟਨ ਦਬਾ ਕੇ ਆ ਜਾਏ।

ਦੀਪਾ : ਵਹਿਮਾਂ ਭਰਮਾਂ ਦੇ ਗਧੀਗੇੜ ਵਿਚ ਸਾਡੇ ਲੋਕ ਬਿਨਾਂ ਵਜ੍ਹਾ ਰੋਗੀ ਬਣੇ ਪਏ ਨੇ। ਪਰ ਕੋਈ ਗੱਲ ਨਹੀਂ ਅਸੀਂ ਪਿੰਡ ਵਿਚ ਕੁਝ ਪੜ੍ਹੇ-ਲਿਖੇ ਨੌਜਵਾਨਾਂ ਦੀ ਸਭਾ ਬਣਾਈ ਏ। ਹੁਣ ਦੇਖਣਾ ਅਸੀਂ ਸਾਧਾਂ ਨੂੰ ਕਿਵੇਂ ਭਜਾਉਂਦੇ ਆ। ਚਾਚਾ, ਤੂੰ ਸਾਡਾ ਸਾਥ ਦੇ। ਸਾਨੂੰ ਤੇਰੀ ਬਹੁਤ ਲੋੜ ਏ ਨਾਲੇ ਤੈਨੂੰ ਗੱਲ ਚੰਗੀ ਫੁਰਦੀ ਏ।

ਅਮਲੀ : ਤੂੰ ਪਰਵਾਹ ਕਿਹੜੀ ਗੱਲ ਦੀ ਕਰਦੈਂ? ਮੈਂ ਤੇਰੇ ਨਾਲ ਆਂ, ਵੇਖੀਂ ਕਿਵੇਂ ਸਿੰਗ ਚੋਪੜਦਾ ਇਹਨਾਂ ਸਾਧਾਂ ਦੇ।

ਦੀਪਾ : ਚਾਚਾ ਅੱਜ ਤਾਂ ਤੂੰ ਮੈਨੂੰ ਖੁਸ਼ ਕਰ ਦਿੱਤੈ। ਮੈਂ ਹੁਣ ਚੱਲਦਾਂ, ਮੈਂ ਹੋਰ ਲੋਕਾਂ ਨੂੰ ਵੀ ਤਿਆਰ ਕਰਨੈਂ। ਤੂੰ ਆਪਣੀ ਥਾਂ ਕਾਇਮ ਰਹੀਂ।

ਅਮਲੀ : ਮੈਂ ਕਿਹਾ ਕੈਮ ਆ ਪੱਥਰ ਤੇ ਲਕੀਰ ਵਾਂਗੂੰ।

(ਦੀਪਾ ਚਲਾ ਜਾਂਦਾ ਹੈ ਅਤੇ ਅਮਲੀ ਆਪਣੇ ਆਪ ਨਾ ਗੱਲਾਂ ਕਰਦਾ ਹੈ।

ਨਈਂ ਰੀਸਾਂ ਦੀਪੇ ਪਾਹੜੂ ਦੀਆਂ। ਗੱਲ ਬੜੀ ਟਿਕਾਣੇ ਦੀ ਸੁੱਟਦਾ ਏ। ਇਹਦੇ ਨਾਲ ਗੱਲਾਂ ਕਰਕੇ ਤਾਂ ਭੁੱਕੀ ਦੀ ਪੁੜੀ ਜਿੰਨਾ ਨਸ਼ਾ ਹੋ ਗਿਐ। ਇੱਕ ਪੁੜੀ ਹੋਰ ਸੁੱਟ ਲੈਂਦੇ ਆਂ, ਨਸ਼ਾ ਡਬਲ ਹੋ ਜੂ। ਅੱਜ ਤਾਂ ਗਾਉਣ ਨੂੰ ਦਿਲ ਕਰਦੈ।

(ਅਮਲੀ ਝੂਮਦਾ ਹੋਇਆ ਗੀਤ ਗਾਉਣ ਲੱਗ ਪੈਂਦਾ ਹੈ)

ਅਸੀਂ ਗੱਭਰੂ ਦੇਸ਼ ਪੰਜਾਬ ਦੇ
ਸਾਡੀਆਂ ਵਿੰਗ ਤੜਿੰਗੀਆਂ ਬਾਹਵਾਂ
ਫੀਮ ਦੀ ਗੋਲੀ ਸੁੱਟੀ
ਤੇ ਹੀਰ ਰਾਂਝਾ ਪਿਆ ਗਾਵਾਂ।

(ਕਰਮੀ ਆਉਂਦੀ ਹੈ ਉਸਦੇ ਚਿਹਰੇ ਤੇ ਗੁੱਸੇ ਦੇ ਭਾਵ ਹਨ। ਉਹ ਬੜੇ ਗੁੱਸੇ ਨਾਲ ਅਮਲੀ ਵੱਲ ਵੇਖਦੀ ਹੈ।)

ਕਰਮੀ : ਸ਼ਰਮ ਨਹੀਂ ਆਉਂਦੀ ਗੀਤ ਗਾਉਂਦੇ ਨੂੰ? ਆਸੇ ਪਾਸੇ ਵਾਲੇ ਕੀ ਕਹਿੰਦੇ ਹੋਣਗੇ ਕਿ ਆਹ ਬੰਦਾ ਕਿਹੜੇ ਵਿਆਹ 'ਚ ਵੜਿਐ?

ਅਮਲੀ : ਕਿਉਂ? ਗਾਣੇ ਸਿਰਫ਼ ਵਿਆਹਾਂ ਵਾਸਤੇ ਈ ਰਹਿ ਗਏ। ਆਸੇ ਪਾਸੇ ਵਾਲਿਆਂ ਦੇ ਢਿੱਡ 'ਚ ਵੱਟ ਪੈਂਦੇ ਹੋਣੇ ਮੇਰੇ ਗਾਣੇ ਸੁਣ ਕੇ।

ਕਰਮੀ : (ਗੱਲ ਬਦਲਦੀ ਹੋਈ) ਗਿਆਨ ਸਿਹੁੰ ਦੇ ਘਰੋਂ ਪੰਜਾਹ ਰੁਪਏ ਲੈ ਕੇ ਆਇਐਂ ਕਿ ਨਹੀਂ ਜਿਹੜਾ ਉਹਦੇ ਖੇਤੀ ਕੰਮ ਕੀਤਾ ਸੀ ਪਰਸੋਂ?

ਅਮਲੀ : (ਲਾਪਰਵਾਹੀ ਨਾਲ) ਉਹ ਤਾਂ ਮੈਨੂੰ ਚੇਤਾ ਈ ਭੱਲ ਗਿਐ? ਜਿਵੇਂ ਜਿਵੇਂ ਉਮਰ

ਵਧਦੀ ਜਾਂਦੀ ਏ, ਚੇਤਾ ਸੌਹਰੀ ਦਾ ਘਟਦਾ ਈ ਜਾਂਦੈ।

ਕਰਮੀ : ਨਾ ਗੋਲੀ ਸੁੱਟਣ ਦਾ ਚੇਤਾ ਰਹਿ ਜਾਂਦੈ ਤੈਨੂੰ? ਬਾਕੀ ਸਭ ਗੱਲਾਂ ਭੁੱਲ ਜਾਂਦੀਆਂ ਤੈਨੂੰ। ਸਾਰਾ ਸੌਦਾ ਮੁੱਕਿਆ ਪਿਐ, ਦਾਲ ਸਬਜ਼ੀ ਕਾਹਦੀ ਬਣਾਉਣੀ ਏ? (ਖਿੱਝ ਕੇ) ਤੈਨੂੰ ਮੇਰੀ ਗੱਲ ਸੁਣੀ ਕਿ ਨਹੀਂ?

ਅਮਲੀ : ਸੁਣਦਾਂ ਸੁਣਦਾਂ ਜਰਾ ਸੁਰਤ ਤੇ ਕੈਮ ਹੋ ਲੈਣ ਦੇ। ਸਰੀਰ 'ਚ ਗਰਮੀ ਜਿਹੀ ਨਹੀਂ ਆਉਂਦੀ ਪਈ।

ਕਰਮੀ : ਤੇਰੇ ਸਰੀਰ 'ਚ ਗਰਮੀ ਨਾ ਆਈ, ਸਭ ਕੁਝ ਨਸ਼ਿਆਂ ਦੇ ਲੇਖੇ ਲਾ ਦਿੱਤਾ।

ਅਮਲੀ : ਭਲੀਏ ਲੋਕੇ, ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ। ਕਿਹੜਾ ਰੋਜ਼-ਰੋਜ਼ ਔਣੈਂ ਧਰਤੀ ਤੇ। ਐਥੇ ਘੜੀ ਦਾ ਪਤਾ ਨਹੀਂ ਕੀ ਹੋ ਜਾਣੈ? ਖਾਣਾ ਪੀਣਾ ਚਾਹੀਦੈ।

ਕਰਮੀ : ਆਹੋ ਖਾ ਪੀ ਕੇ ਚੰਗਾ ਹੁਣ ਤੂੰ ਅਖਾੜੇ ਉਤਰਨਾ ਏਂ ਨਾ?

ਅਮਲੀ : ਤੂੰ ਗੱਲ ਅਖਾੜੇ ਦੀ ਕਰਦੀ ਏਂ। ਤੈਨੂੰ ਪਤੈ ਜਦ ਮੈਂ ਗੋਲੀ ਅੰਦਰ ਸੁੱਟੀ ਹੁੰਦੀ ਏ ਫਿਰ ਮੇਰੀ ਫੁਰਤੀ ਵੇਖਣ ਵਾਲੀ ਹੁੰਦੀ ਹੈ। ਪਿੱਛੇ ਜਿਹੇ ਜਦੋਂ ਤੂਤਾਂ ਵਾਲੇ ਖੇਤ 'ਚ ਆਪਾਂ ਵਾਢੀ ਕਰਦੇ ਪਏ ਸੀ, ਤੈਨੂੰ ਯਾਦ ਹੋਣੈ ਮੈਂ ਕਣਕ ਦੀ ਵਾਢੀ ਐਂ ਕਰਦਾ ਸੀ ਜਿਵੇਂ ਪਾਣੀ 'ਚ ਮਗਰਮੱਛ ਤੈਰਦਾ ਹੁੰਦੈ। ਤੂੰ ਰਹਿ ਗਈ ਪਿੱਛੇ ਈ ਕੱਛੂ ਦੀ ਚਾਲ ਚੱਲਦੀ।

ਕਰਮੀ : ਗੋਲੀ ਖਾ ਕੇ ਤੂੰ ਮਗਰਮੱਛ ਬਣ ਜਾਂਦੈ ਜਦੋਂ ਨਸ਼ਾ ਲਹਿ ਜਾਂਦੈ ਫਿਰ ਤੇਰੇ ਤੋਂ ਇੱਕ ਪੈਰ ਨਹੀਂ ਪੁੱਟਿਆ ਜਾਂਦਾ। ਫਿਰ ਤੈਨੂੰ ਗੱਡੇ ਦੇ ਲੱਦ ਕੇ ਲਿਆਉਣਾ ਪੈਂਦਾ। ਉਦੋਂ ਤਾਂ ਤੈਥੋਂ ਗੱਲ ਵੀ ਨਹੀਂ ਹੁੰਦੀ।

ਅਮਲੀ : ਚੱਲ ਛੱਡ ਇਧਰ-ਉਧਰ ਦੀਆਂ। ਅੰਦਰੋਂ ਦਸ-ਬਾਰਾਂ ਰੁਪਈਏ ਲਿਆ ਕੇ ਦੇਹ। ਭੁੱਕੀ ਦੀਆਂ ਦੋ ਪੁੜੀਆਂ ਈ ਲੈ ਆਵਾਂ।

ਕਰਮੀ : ਕਿੱਥੋਂ ਲਿਆਵਾਂ ਪੈਸੇ? ਤੂੰ ਇਸ ਘਰ 'ਚ ਛੱਡਿਆ ਈ ਕੀ ਏ?

ਅਮਲੀ : (ਹਾਸੇ ਵਿਚ) ਆਹ ਦੋ ਜੁਆਕ। ਇੱਕ ਹੀਰਾ ਤੇ ਦੂਜਾ ਮੋਤੀ।

ਕਰਮੀ : ਇਹ ਵੀ ਰੋਣਗੇ ਤੇਰੀ ਜਾਨ ਨੂੰ ਸਾਰੀ ਉਮਰ।

ਅਮਲੀ : ਆਹੋ ਰੋਣਗੇ, ਜਦੋਂ ਅਸੀਂ ਸਵਰਗ ਸਿਧਾਰ ਗਏ।

ਕਰਮੀ : (ਚੋਟ ਕਰਦੀ ਹੋਈ) ਚੰਗਾ ਉਪਰੋਂ ਅਵਤਾਰ ਧਾਰਿਐ ਜਿਹੜਾ ਸਿੱਧਾ ਸਵਰਗ ਵਿਚ ਈ ਜਾਵੇਂਗਾ। ਤੇਰੇ ਜਿਹੇ ਨਸ਼ਿਆਂ ਦੇ ਮਾਰੇ ਬੰਦੇ ਸਵਰਗ ਜਾ ਵੜ੍ਹਨ ਤਾਂ ਫਿਰ ਸਵਰਗ ਵੀ ਨਰਕ ਈ ਬਣ ਜਾਊ। ਤੇਰੇ ਵਰਗੇ ਸੜਨਗੇ ਨਰਕਾਂ ਵਿਚ।

ਅਮਲੀ : ਮੇਰੀ ਚਿੰਤਾ ਛੱਡ ਤੂੰ ਆਪਣਾ ਖਿਆਲ ਕਰ। ਮਰਨ ਮਗਰੋਂ ਸਵਰਗ ਮਿਲੇ ਜਾਂ ਨਰਕ, ਕਿਹਨੇ ਵੇਖਣੈਂ? ਆਹ ਪੁੜੀ ਲੱਗੀ ਏ ਹੁਣ ਬੋਲਣ ਅੰਦਰ ਜਾ ਕੇ, ਲੱਗੀ ਔਣ ਸਵਰਗ ਦਾ ਝੂਟਾ।

(ਅਮਲੀ ਦੇ ਘਰ ਦੇ ਦਰਵਾਜੇ ਦਾ ਕੁੰਡਾ ਖੜਕਦਾ ਹੈ ਫਿਰ ਫੁੰਮਣ ਸਿੰਘ ਦੀ



ਆਵਾਜ਼ ਆਉਂਦੀ ਹੈ।)

ਫੁੰਮਣ : ਅਮਲੀਆ ਘਰ ਈ ਏਂ?

ਅਮਲੀ : (ਮਖੌਲ ਨਾਲ) ਨਾ ਹੋਰ ਅਸੀਂ ਘਰੋਂ ਕੱਢੇ ਹੋਏ ਆਂ ਤੇਰੇ ਵਾਂਗੂੰ। ਜਿਹਨੂੰ ਕੋਈ ਨਈਂ ਝੱਲਦਾ ਉਹ ਮੇਰੇ ਘਰ ਵੱਲ ਤੁਰਿਆ ਔਂਦੈ।

(ਫੁੰਮਣ ਸਿੰਘ ਆਉਂਦਾ ਹੈ।)

ਕਰਮੀ : ਵੇ ਘਰ ਆਏ ਨਾਲ ਇਵੇਂ ਬੋਲੀਦੈ?

ਅਮਲੀ : ਨਾ ਹੋਰ ਮੈਂ ਇਹਦੇ ਗਲ 'ਚ ਹਾਰ ਪਾਉਂਦਾ, ਚੰਗਾ ਬਰਮਾ ਦਾ ਜੰਗ ਜਿੱਤ ਕੇ ਆਇਐ!

ਫੁੰਮਣ : ਭਾਬੀ, ਅਮਲੀ ਦਾ ਗੁੱਸਾ ਕੀ ਕਰਨੈਂ। ਨਾਲੇ ਸਾਡਾ ਹਾਸਾ ਠੱਠਾ ਤਾਂ ਚੱਲਦਾ ਈ ਰਹਿੰਦੈ। ਸਾਡੇ ਅਮਲੀ ਭਰਾ ਦਾ ਤਾਂ ਸੁਭਾਅ ਈ ਐਸਾ ਏ ਕਿ ਹਾਰੀ ਸਾਰੀ ਨੂੰ ਇਹਨੇ ਮਖੌਲ ਕਰ ਕੇ ਈ ਬੁਲੌਣੈਂ।

ਕਰਮੀ : (ਮੰਜੀ ਵੱਲ ਇਸ਼ਾਰਾ ਕਰ ਕੇ) ਆ ਵੀਰਿਆ, ਬਹਿ ਜਾ ਇੱਥੇ। ਅੱਜ ਕਿਵੇਂ ਸਾਡੇ ਘਰ ਦਾ ਰਾਹ ਲੱਭ ਪਿਐ।

ਫੁੰਮਣ : ਮੈਂ ਬਾਹਰ ਪੈਲੀ 'ਚੋਂ ਪੱਠੇ ਲੈਣ ਚੱਲਿਆ ਸੀ। ਸੋਚਿਆ ਜਾਂਦੇ-ਜਾਂਦੇ ਤੁਹਾਨੂੰ ਵੀ ਇਕ ਖੁਸ਼ਖਬਰੀ ਸੁਣਾਂਦਾ ਜਾਵਾਂ।

ਅਮਲੀ : ਖੁਸ਼ਖਬਰੀ ਕਿ ਖੁਸ਼ਕਖਬਰੀ?

ਫੁੰਮਣ : ਅਮਲੀਆ ਗੱਲ ਹੈ ਈ ਖੁਸ਼ੀ ਵਾਲੀ ਏ। ਤਿੰਨ ਚਾਰ ਦਿਨ ਹੋਏ ਆਪਣੇ ਸ਼ਾਮੇ ਚੌਧਰੀ ਦੇ ਬਾਗ ਵਿਚ ਬੜੇ ਪਹੁੰਚੇ ਹੋਏ ਬਾਬਾ ਜੀ ਆਏ ਨੇ। ਉਥੇ ਤਾਂ ਰੌਣਕਾਂ ਲੱਗੀਆਂ ਨੇ ਰੌਣਕਾਂ।

ਕਰਮੀ : (ਖੁਸ਼ ਹੋ ਕੇ) ਅੱਛਾ! ਅਸੀਂ ਕੰਮ ਧੰਦੇ 'ਚ ਲੱਗੇ ਰਹੇ ਆਂ। ਤਾਈਂ ਸਾਨੂੰ ਪਤਾ ਨਹੀਂ ਲੱਗਾ।

ਅਮਲੀ : ਹੁਣ ਕਰ ਲੈ ਪਤਾ। (ਫੁੰਮਣ ਨੂੰ) ਇਹਨੂੰ ਦੱਸ ਦੇ ਸਾਰੀ ਗੱਲ, ਘਰ ਦੀ ਲੰਬੜਦਾਰਨੀ ਇਹੋ ਈ ਏ।

ਫੁੰਮਣ : ਬਾਬਾ ਜੀ ਦੇ ਡੇਰੇ ਸੰਗਤ ਦਾ ਕੋਈ ਸਾਬ੍ਹ ਈ ਨਹੀਂ। ਦੂਜੇ ਪਿੰਡਾਂ ਤੋਂ ਵੀ ਲੋਕ ਆ ਕੇ ਉਹਨਾਂ ਦੇ ਦਰਸ਼ਨ ਕਰ ਰਹੇ ਨੇ। ਕੋਈ ਆ ਰਿਹੈ ਤੇ ਕੋਈ ਜਾ ਰਿਹੈ।

ਅਮਲੀ : ਫੁੰਮਣਾਂ, ਆਹ ਸਾਧਾਂ ਨੇ ਆਪਣਾ ਉੱਲੂ ਸਿੱਧਾ ਕਰਨਾ ਹੁੰਦਾ ਏ ਤੇ ਤੇਰੇ ਅਰਗੇ ਉੱਲੂ ਬਣਨ ਲਈ ਪਹਿਲਾਂ ਈ ਖੜ੍ਹੇ ਹੁੰਦੇ ਨੇ ਲੈਨਾਂ ਦੀਆਂ ਲੈਨਾਂ ਲਾ ਕੇ।

ਫੁੰਮਣ : ਤੂੰ ਐਵੇਂ ਯਬਲੀਆਂ ਨਾ ਮਾਰ। ਤੂੰ ਉਹਨਾਂ ਦੇ ਦਰਸ਼ਨ ਕੀਤੇ ਈ ਨਹੀਂ, ਬਾਬਾ ਜੀ ਲੋਕਾਂ ਦੇ ਰੋਗਾਂ ਦਾ ਇਲਾਜ ਕਰ ਰਹੇ ਨੇ। ਨਸ਼ੇ ਵੀ ਛੁਡਾ ਰਹੇ ਨੇ। ਤਾਰੇ ਸ਼ਰਾਬੀ ਦੀ ਉਨ੍ਹਾਂ ਸ਼ਰਾਬ ਛੁਡਾ ਦਿੱਤੀ। ਉਹ ਕਹਿੰਦੇ ਨੇ ਭਲੇ ਕੰਮ ਕਰੋ ਤਾਂ ਈ ਕਲਯੁੱਗ ਦੀ

ਮੈਲ ਉਤਰ ਸਕਦੀ ਏ।

ਕਰਮੀ : (ਖੁਸ਼ ਹੋ ਕੇ) ਨਸ਼ੇ ਛੁਡਾਉਣ ਵਾਲੀ ਗੱਲ ਤਾਂ ਸਾਡੇ ਭਲੇ ਦੀ ਦੱਸੀ। ਹੁਣ ਤਾਂ ਮੈਂ ਬਾਬਾ ਜੀ ਦੇ ਡੇਰੇ ਜ਼ਰੂਰ ਜਾਵਾਂਗੀ।

ਅਮਲੀ : ਨਾ ਤੂੰ ਕੇਹੜਾ ਨਸ਼ਾ ਕਰਦੀ ਏਂ ਜਿਹਦੇ ਛੱਡਣ ਦੀ ਲੋੜ ਪੈ ਗਈ?

ਕਰਮੀ : ਮੈਂ ਨਹੀਂ ਕਰਦੀ ਤੇਰਾ ਤਾਂ ਮੱਕੂ ਠੱਪਣਾ ਈ ਪੈਣੈਂ। ਤੇਰੇ ਨਸ਼ੇ ਛੁੱਟ ਜਾਣ ਸਾਨੂੰ ਹੋਰ ਕੀ ਚਾਹੀਦੈ?

ਅਮਲੀ : ਇਹ ਤਾਂ ਲੱਗਦੈ ਹੁਣ ਨਾਲ ਈ ਜਾਣਗੇ।
(ਬਾਹਰੋਂ ਕਿਸੇ ਦੇ ਗਾਉਣ ਦੀ ਆਵਾਜ਼ ਆਉਂਦੀ ਹੈ।)
ਕਈ ਤੁਰ ਗਏ ਕਈਆਂ ਨੇ ਤੁਰ ਜਾਣਾ
ਜਿਹਨਾਂ ਨੇ ਤੇਰਾ ਨਾਮ ਜਪਿਆ।
ਨਾਮ ਜਪਿਆ ਨਾ ਭਗਤੀ ਕੀਤੀ,
ਕਿਥੋਂ ਭਾਲੇਂ ਰਾਜ ਗੱਦੀਆਂ।

ਕਰਮੀ : (ਹੈਰਾਨੀ ਵਿਚ) ਵੀਰਿਆ, ਆਹ ਵਾਜ ਕਿਹਦੀ ਏ?

ਛੁੰਮਣ : ਆਹ ਬਾਬਾ ਜੀ ਦੇ ਕਿਸੇ ਚੇਲੇ ਦੀ ਵਾਜ ਲੱਗਦੀ ਏ। ਬਾਬਾ ਜੀ ਨਾਲ ਉਹਨਾਂ ਦੇ ਦਸ ਬਾਰਾਂ ਸੇਵਕ ਵੀ ਨੇ। ਸਾਰੇ ਮਿਲ ਕੇ ਜਦੋਂ ਗਾਉਂਦੇ ਨੇ, ਨਜ਼ਾਰਾ ਬੱਝ ਜਾਂਦੈ। ਕੋਈ ਚਿਮਟਾ ਖੜਕਾਉਂਦਾ ਏ, ਕੋਈ ਢੋਲਕੀ, ਕੋਈ ਛੈਣੇ ਤੇ ਕਈ ਹੋਰ ਵੀ ਸਾਜ ਨੇ। ਪਤਾ ਨਹੀਂ ਕੀ-ਕੀ ਉਹਨਾਂ ਦੇ ਨਾਂ।

ਕਰਮੀ : ਕਿੰਨੀ ਮਿੱਠੀ ਆਵਾਜ਼ ਕੰਨੀਂ ਪਈ ਸੀ।

ਅਮਲੀ : ਆਹੋ ਮਿੱਠੀ ਏ! ਅਵਾਜ਼ ਜਲੰਧਰ ਵੱਲ ਜਾਂਦੀ ਏ ਤੇ ਚਿਮਟੇ ਅੰਮ੍ਰਿਤਸਰ ਵੱਲ।

ਕਰਮੀ : (ਛੁੰਮਣ ਨੂੰ) ਤੁਸੀਂ ਉਹਨਾਂ ਨੂੰ ਅੰਦਰ ਸੱਦ ਕੇ ਲਿਆਓ ਜਰਾ ਜਿਹਨਾਂ ਦੇ ਗਾਉਣ ਦੀ ਵਾਜ਼ ਆਈ ਸੀ।

ਅਮਲੀ : ਨਾ ਤੂੰ ਕਿਹੜਾ ਖੀਰ ਤੇ ਮਾਹਲ ਪੂੜੇ ਬਣਾ ਕੇ ਬੈਠੀ ਏਂ ਜਿਹੜਾ ਉਹਨੂੰ ਅੰਦਰ ਸੱਦਣੈਂ।

ਛੁੰਮਣ : ਅਮਲੀਆ, ਜਿਸ ਘਰ 'ਚ ਤੇਰੇ ਜਿਹੇ ਭੁੱਕੀ ਦੀਆਂ ਪੁੜੀਆਂ ਤੇ ਫੀਮ ਦੀਆਂ ਗੋਲੀਆਂ ਛਕਦੇ ਹੋਣ ਉੱਥੇ ਭਲਾ ਖੀਰਾਂ ਕਿੱਥੋਂ ਬਣਨ?

ਕਰਮੀ : ਵੀਰਿਆ, ਇਹਦੀ ਗੱਲ ਛੱਡੋ। ਇਹਨੇ ਤਾਂ ਬਸ ਰੌਲਾ ਪਾਈ ਜਾਣੈਂ ਵਾਧੂ ਦਾ। ਤੁਸੀਂ ਉਹਨਾਂ ਨੂੰ ਅੰਦਰ ਸੱਦੋ।
(ਛੁੰਮਣ ਸਿੰਘ ਜਾਂਦਾ ਹੈ)
ਸਾਡੇ ਘਰ ਉਹਨਾਂ ਦੇ ਚਰਨ ਪੈ ਜਾਣ ਕਿਤੇ ਸਾਡੇ ਮਾੜ੍ਹਜ਼ਾਂ ਦੇ ਵੀ ਦਿਨ ਫਿਰ



ਜਾਣ। ਉਹਨਾਂ ਤੋਂ ਅਸੀਂ ਪਾਪੀ ਜੀਵ ਵੀ ਕੋਈ ਬਚਨ ਸੁਣ ਲਈਏ।

ਅਮਲੀ : ਸੁਣ ਲੈ ਸੁਣ ਲੈ ਬਚਨ ਪਰ ਬਚਨ ਸੁਣਦੀ-ਸੁਣਦੀ ਆਪ ਬਚ ਕੇ ਰਹੀਂ। ਨਿਗ੍ਹਾ ਬੜੀ ਮਾੜੀ ਹੁੰਦੀ ਏ ਸਾਧਾਂ ਦੀ।
(ਛੁੰਮਣ ਤੇ ਚੇਲਾ ਆਉਂਦੇ ਹਨ। ਚੇਲੇ ਦੇ ਹੱਥ ਵਿਚ ਚਿਮਟਾ ਹੈ ਅਤੇ ਉਸਦਾ ਪਹਿਰਾਵਾ ਭਗਵੇ ਰੰਗ ਦਾ ਹੈ।)

ਚੇਲਾ : (ਉੱਚੀ ਆਵਾਜ਼ ਵਿਚ) ਜੈ ਸ਼ਿਵ ਸ਼ੰਭੂ, ਜੈ ਸ਼ਿਵ ਸ਼ੰਭੂ। ਢਾਹ ਦੇ ਕੋਠੇ ਲਾ ਦੇ ਤੰਬੂ।

ਕਰਮੀ : (ਡਰਦੀ ਹੋਈ) ਹੈਂ, ਢਾਹ ਦੇ ਕੋਠੇ ਲਾ ਦੇ ਤੰਬੂ! ..... ਇਹ ਕੀ ਕਹਿ ਦਿੱਤੈ? ਕਿਤੇ ਕੋਈ ਸਰਾਪ ਤਾਂ ਨਹੀਂ ਦੇ ਦਿੱਤਾ?

ਚੇਲਾ : ਨਹੀਂ, ਸਾਡੀ ਬਿਰਤੀ ਉਪਰ ਲੱਗੀ ਹੋਈ ਸੀ। ਸਾਡੀ ਉਪਰ ਗੱਲਬਾਤ ਚੱਲ ਰਹੀ ਸੀ।

ਅਮਲੀ : (ਵਿਅੰਗ ਕਰਦਾ ਹੋਇਆ) ਨਾ ਫਿਰ ਉਪਰ ਹੀ ਰਹਿਣਾ ਸੀ, ਥੱਲੇ ਆ ਕੇ ਤੂੰ ਕਿਹੜੀ ਮੁੰਗਲੀ ਫੇਰਨੀ ਏ।

ਚੇਲਾ : (ਗੁੱਸੇ ਭਰੀ ਹੈਰਾਨੀ ਵਿਚ) ਇਹ ਕੌਣ ਹੈ? ਸਾਨੂੰ ਘਰ ਕਿਸ ਬੁਲਾਇਆ ਹੈ?

ਕਰਮੀ : (ਹੱਥ ਜੋੜਦੀ ਹੋਈ) ਮਾਫ ਕਰਿਓ ਬਾਬਾ ਜੀ, ਤੁਹਾਨੂੰ ਮੈਂ ਈ ਬੁਲਾਇਆ ਏ।

ਚੇਲਾ : ਅਸੀਂ ਬਾਬੇ ਨਹੀਂ। ਅਸੀਂ ਬਾਬਾ ਜੀ ਦੇ ਸੇਵਾਦਾਰ ਹਾਂ, ਸੇਵਾਦਾਰ। ਬਾਬਾ ਜੀ ਦਾ ਸੁਨੇਹਾ ਗਲੀ-ਗਲੀ ਪਹੁੰਚਾ ਰਹੇ ਹਾਂ, ਸਾਨੂੰ ਭਗਤ ਕਹਿੰਦੇ ਹਨ ਭਗਤ।

ਕਰਮੀ : ਭਗਤ ਜੀ (ਅਮਲੀ ਵੱਲ ਇਸ਼ਾਰਾ ਕਰਕੇ) ਇਹਨੂੰ ਨਸ਼ਿਆਂ ਦੀ ਭੈੜੀ ਵਾਦੀ ਪਈ ਹੋਈ ਏ। ਬਾਬਾ ਜੀ ਇਸ ਭੁੱਲੜ ਤੇ ਵੀ ਕੋਈ ਕਿਰਪਾ ਕਰਨਗੇ ਕਿ ਨਹੀਂ ਕਿ ਇਹਦੇ ਨਸ਼ੇ ਵੀ ਛੁੱਟ ਜਾਣ?

ਚੇਲਾ : ਕਿਉਂ ਨਹੀਂ, ਕਿਉਂ ਨਹੀਂ। ਬਾਬਾ ਜੀ ਲੋਕਾਂ ਦਾ ਭਲਾ ਕਰਨ ਵਾਸਤੇ ਇਸ ਸੰਸਾਰ ਵਿਚ ਪਧਾਰੇ ਹਨ। ਇਸ ਅਮਲੀ ਨੂੰ ਹੁਣੇ ਲੈ ਚੱਲੋ ਬਾਬਾ ਜੀ ਦੇ ਡੇਰੇ। ਉਹਨਾਂ ਦੀਆਂ ਨਜ਼ਰਾਂ ਵਿਚ ਕਹਿਰਾਂ ਦੀ ਲਾਲੀ ਹੈ। ਇਕੋ ਨਜ਼ਰ ਨਾਲ ਇਹਦੇ ਸਭ ਨਸ਼ੇ ਛੁੱਟ ਜਾਣਗੇ ਤੇ ਕਲਯੁੱਗ ਦੀ ਮੈਲ ਵੀ ਉੱਤਰ ਜਾਵੇਗੀ। ਬਾਬਾ ਜੀ ਦਾ ਟੀਚਾ ਹੀ ਦੀਨ ਦੁਨੀਆਂ ਦੀ ਕਲਯੁੱਗ ਦੀ ਮੈਲ ਲਾਹ ਕੇ ਲੋਕਾਂ ਤੇ ਪਰਉਪਕਾਰ ਕਰਨਾ ਹੈ।

ਅਮਲੀ : ਆਪਣੀ ਮੈਲ ਤਾਂ ਲਾਹ ਨੀਂ ਸਕਦੇ। ਸਾਡੀ ਮੈਲ ਲਾਹੁਣ ਦੀ ਕੀ ਚਿੰਤਾ ਪੈ ਗਈ ਇਹਨਾਂ ਬਾਬਿਆਂ ਨੂੰ।

ਚੇਲਾ : (ਗਰਜਵੀਂ ਆਵਾਜ਼ ਵਿਚ) ਚੁੱਪ ਕਰ ਜਾ ਓਏ ਦੁਸ਼ਟਾ! ਜੇ ਤੂੰ ਬਾਬਾ ਜੀ ਦੇ ਉਲਟ ਇਕ ਬੋਲ ਵੀ ਬੋਲਿਆ ਤਾਂ ਬਾਬਾ ਜੀ ਕ੍ਰੋਧਿਤ ਹੋ ਕੇ ਤੈਨੂੰ ਭਸਮ ਕਰ ਦੇਣਗੇ।

ਅਮਲੀ : ਨਾ ਅੱਗੋ ਅਸੀਂ ਕਿਹੜਾ ਭਸਮ ਹੋਣੋਂ ਬਚੇ ਆਂ? ਸਰੀਰ ਤਾਂ ਸਾਡਾ ਪਹਿਲਾਂ ਈ ਭਸਮ ਹੋਇਆ ਪਿਐ। ਇਹ ਤਾਂ ਭੁੱਕੀ ਦੀ ਮੇਹਰਬਾਨੀ ਏ ਜਿਹਦੇ ਸਿਰ ਤੇ ਤੁਰੇ ਫਿਰਦੇ ਆਂ।

ਕਰਮੀ : (ਅਮਲੀ ਨੂੰ ਗੁੱਸੇ ਭਰੀ ਆਵਾਜ਼ ਵਿਚ) ਵੇ ਕੁਝ ਹੋਸ਼ ਨਾਲ ਗੱਲ ਕਰ। ਥਾਂ ਕੁਥਾਂ ਤਾਂ ਵੇਖਿਆ ਕਰ। ਅੱਖਾਂ ਤੇ ਪੱਟੀ ਬੰਨੀ ਹੋਈ ਏ ਤੂੰ। ਤੇਰੀ ਤਾਂ ਮੱਤ ਮਾਰ ਦਿੱਤੀ ਨਸ਼ਿਆਂ ਨੇ।

ਫੁੰਮਣ : ਚਾਰੇ ਪਾਸੇ ਬਾਬਾ ਜੀ ਦੇ ਚਮਤਕਾਰਾਂ ਦੀਆਂ ਗੱਲਾਂ ਹੋ ਰਹੀਆਂ ਨੇ। ਅਮਲੀਆ ਕੁਝ ਸਮਝ ਕਰ ਤੂੰ ਵੀ, ਕਿਤੇ ਤੇਰੇ ਵੀ ਖਾਨੇ ਕੋਈ ਗੱਲ ਚੰਗੀ ਪੈ ਜਾਏ। ਆਪਣਾ ਆਪ ਨਈਂ ਵੇਖਦਾ। ਪੁੜੀਆਂ ਖਾ ਖਾ ਕੇ ਇਹ ਹਾਲ ਕਰ ਲਿਐ ਕਿ ਮੰਜੀ ਤੇ ਬੈਠਾ ਵੀ ਦਿਸਦਾ ਨਹੀਂ।

ਅਮਲੀ : ਨਾ ਤੂੰ ਚੰਗਾ ਰੋਜ਼ ਚਾਰ ਭਲਵਾਨ ਢਾਹ ਕੇ ਦਮ ਲੈਣੈਂ!

ਫੁੰਮਣ : ਮੇਰੀ ਗੱਲ ਛੱਡ, ਤੂੰ ਆਪਣੀ ਕਰ। ਕੁਝ ਖੱਟ ਲੈ ਬਾਬਾ ਜੀ ਤੋਂ।

ਚੇਲਾ : ਇਹ ਅਮਲੀ ਨਹੀਂ ਜਾਣਦਾ ਬਾਬਾ ਜੀ ਦੇ ਚਮਤਕਾਰ। ਬਾਬਾ ਜੀ ਨੇ ਪੂਰੇ ਵੀਹ ਸਾਲ ਜੰਗਲਾਂ ਵਿਚ ਘੋਰ ਤਪੱਸਿਆ ਕੀਤੀ। ਉਹਨਾਂ ਦੇ ਤੱਪ ਨਾਲ ਤਾਂ ਸੁੱਕੇ ਦਰੱਖਤ ਵੀ ਹਰੇ ਹੋ ਗਏ, ਜੰਗਲ ਮੰਗਲ ਬਣ ਗਏ। ਇਹ ਅਮਲੀ ਬੰਦਾ ਬਣ ਜੂ ਠੀਕ ਹੈ ਨਹੀਂ ਤਾਂ ਮਰੇਗਾ ਕੁੱਤੇ ਦੀ ਮੌਤ।

ਅਮਲੀ : ਹੂੰ, ਕਹਿੰਦੈ ਬਾਬੇ ਨੇ ਜੰਗਲਾਂ ਵਿਚ ਤਪੱਸਿਆ ਕੀਤੀ ਹੈ। ਦੀਪਾ ਪਾਹੜੂ ਦੱਸਦਾ ਸੀ-

ਫਰੀਦਾ ਜੰਗਲ ਜੰਗਲ ਕਿਆ ਭਵੇ ਵਣ ਕੰਡਾ ਮੋੜੇ।
ਵਸੇ ਰੱਬ ਹਿਆਲੀਆ ਜੰਗਲ ਕਿਆ ਢੂੰਡੇ।
ਮੈਂ ਪੁੱਛਦਾਂ ਰੱਬ ਭਲਾ ਜੰਗਲਾਂ 'ਚ ਧੂਣੀ ਲਾ ਕੇ ਬੈਠੈਂ?

ਚੇਲਾ : ਤੂੰ ਕਿਸ ਪਾਹੜੂ ਦੀ ਗੱਲ ਕਰਦਾ ਹੈਂ? ਇਸ ਜੁੱਗ ਦੇ ਸਾਰੇ ਪਾਹੜੂ ਨਾਸਤਕ ਨੇ ਨਾਸਤਕ। ਕੋਈ ਸ਼ਰਮ ਨਹੀਂ, ਕੋਈ ਮਰਿਆਦਾ ਨਹੀਂ। ਇਹਨਾਂ ਦੇ ਦਿਮਾਗ ਦੀ ਹਵਾ ਉੱਪਰ ਚੜ੍ਹੀ ਹੋਈ ਹੈ। ਫੈਸ਼ਨ ਕਰ ਕਰ ਇਹਨਾਂ ਦੀ ਮੱਤ ਮਾਰੀ ਗਈ ਏ।

ਅਮਲੀ : (ਚੋਟ ਕਰਦਾ ਹੋਇਆ) ਨਾ ਤੂੰ ਫੈਸ਼ਨ ਘੱਟ ਕੀਤਾ ਹੋਣਾ ਏ!

ਚੇਲਾ : (ਬਹੁਤ ਜ਼ਿਆਦਾ ਗੁੱਸੇ ਵਿਚ) ਗੁਸਤਾਖ! ਇਹ ਤਪੱਸਵੀ ਚੇਲਾ ਹੈ। ਇਹ ਹਰ ਕੋਈ ਨਹੀਂ ਪਹਿਨ ਸਕਦਾ। ਬੜੀ ਕਠਿਨ ਤਪੱਸਿਆ ਕਰਨ ਬਾਅਦ ਹਾਸਲ ਹੁੰਦਾ ਹੈ।

ਕਰਮੀ : ਭਗਤ ਜੀ, ਤੁਸੀਂ ਬਿਲਕੁਲ ਠੀਕ ਕਹਿ ਰਹੇ ਓ। (ਅਮਲੀ ਵੱਲ ਇਸ਼ਾਰਾ ਕਰਕੇ) ਇਹਦੇ ਅੰਦਰ ਐਸ ਵੇਲੇ ਭੁੱਕੀ ਦੀ ਪੁੜੀ ਬੋਲਦੀ ਪਈ ਏ। ਜਦ ਤਕ ਨਸ਼ਾ ਰਹੇਗਾ ਇੰਜ ਹੀ ਪਟਾਕਦਾ ਰਹੇਗਾ। ਤੁਸੀਂ ਇਹਦੀ ਗੱਲ ਦਾ ਬੁਰਾ ਨਾ ਮਨਾਇਓ, ਇਹਨੇ ਜੋ ਵੀ ਅਵਾ ਤਵਾ ਬੋਲਿਐ ਉਹਦੇ ਲਈ ਮੈਂ ਮਾਫੀ ਮੰਗਦੀ ਆਂ। ਮੈਂ ਬਾਬਾ ਜੀ ਦੇ ਦਰਸ਼ਨ ਕਰਨ ਜ਼ਰੂਰ ਜਾਵਾਂਗੀ।



ਚੇਲਾ : ਬਸ ਕਰ ਬੀਬੀ, ਸਾਡਾ ਪਾਰਾ ਐਸ ਵਕਤ ਸਤਵੇਂ ਅਸਮਾਨ ਤੇ ਜਾ ਪਹੁੰਚਿਆ ਹੈ।

ਅਮਲੀ : ਨਾ ਸਤਵੇਂ ਆਸਮਾਨ ਤੇ ਤੂੰ ਰਾਕਟ ਚਲਾਉਣੈਂ?

(ਚੇਲਾ ਨਿਰ ਉੱਤਰ ਹੋ ਜਾਂਦਾ ਹੈ। ਉਸਦੇ ਚਿਹਰੇ ਦਾ ਰੰਗ ਹਾਰ ਜਾਣ ਵਾਲੀ ਅਵਸਥਾ ਵਿਚ ਪੀਲਾ ਹੋ ਜਾਂਦਾ ਹੈ।)

ਫੁੰਮਣ : ਭਗਤ ਜੀ, ਤੁਸੀਂ ਕਿੱਥੇ ਅਮਲੀ ਦੀਆਂ ਗੱਲਾਂ ਸੁਣਨ ਲੱਗ ਪਏ। ਤੁਸੀਂ ਇਹਦੀਆਂ ਗੱਲਾਂ ਨੂੰ (ਕੰਨ ਨੂੰ ਹੱਥ ਲਾਉਂਦਾ ਹੋਇਆ) ਇਧਰੋਂ ਸੁਣ ਕੇ ਤੇ ਦੂਜੇ ਪਾਸਿਉਂ ਬਾਹਰ ਕੱਢ ਦਿਓ। ਜਿੰਨਾ ਚਿਰ ਇਹਨੂੰ ਅਮਲ ਦਾ ਨਸ਼ਾ ਰਹਿੰਦੈ ਉਨਾ ਚਿਰ ਗੱਲੀਂ ਬਾਤੀਂ ਇਹਦਾ ਸਾਹਮਣਾ ਕਰਨਾ ਔਖਾ ਈ ਏ। ਤੁਸੀਂ ਆਹ ਗਰੀਬਣੀ ਵੱਲ ਵੇਖੋ ਜਿਹਨੇ ਤੁਹਾਨੂੰ ਘਰ ਸੱਦਿਐ। ਭਗਤ ਜੀ, ਐਸ ਘਰ ਤੇ ਮੇਹਰ ਦੀ ਨਜ਼ਰ ਈ ਰੱਖਿਉ।

ਚੇਲਾ : (ਖਹਿੜਾ ਛੁਡਾਉਣਾ ਚਾਹੁੰਦਾ ਹੋਇਆ) ਅਸੀਂ ਐਸ ਘਰ 'ਚ ਹੋਰ ਜ਼ਿਆਦਾ ਵਕਤ ਨਹੀਂ ਠਹਿਰ ਸਕਦੇ। ਇਸ ਅਮਲੀ ਨੇ ਸਾਡਾ ਕੀਮਤੀ ਵਕਤ ਬਰਬਾਦ ਕੀਤੈ। ਫਿਰ ਵੀ ਐਸ ਔਰਤ ਕਰਕੇ ਗੁੱਸਾ ਪੀ ਲੈਂਦੇ ਹਾਂ। ਐਸ ਅਮਲੀ ਨੂੰ ਬਾਬਾ ਜੀ ਦੇ ਡੇਰੇ ਨਾ ਲਿਆਉਣਾ, ਨਹੀਂ ਤਾਂ ਡੇਰਾ ਭ੍ਰਿਸ਼ਟਿਆ ਜਾਵੇਗਾ। ਬਾਬਾ ਜੀ ਅੰਤਰਜਾਮੀ ਨੇ ਆਪੇ ਇਹਦਾ ਰੋਗ ਸਮਝ ਲੈਣਗੇ ਤੇ ਦਵਾ ਦੇ ਦੇਣਗੇ।

ਕਰਮੀ : ਸਤ ਬਚਨ ਭਗਤ ਜੀ, ਇਵੇਂ ਹੀ ਕਰਾਂਗੇ। ਤੁਸੀਂ ਚਾਹ ਪੀਉਗੇ ਕਿ ਦੁੱਧ?

ਚੇਲਾ : ਬੀਬੀ, ਸਾਨੂੰ ਕਿਸੇ ਚੀਜ ਦੀ ਲੋੜ ਨਹੀਂ। ਜੇ ਦੁੱਧ ਦੀ ਸੇਵਾ ਕਰਨ ਦੀ ਇੱਛਾ ਹੈ ਤਾਂ ਬਾਬਾ ਜੀ ਦੇ ਡੇਰੇ ਤੇ ਡੋਲੂ ਭਰ ਕੇ ਲੈ ਜਾਓ। ਅਸੀਂ ਚਲਦੇ ਹਾਂ। ਜੈ ਸ਼ਿਵ ਸ਼ੰਭੂ, ਢਾਹ ਦੇ ਕੋਠੇ ਲਾ ਦੇ ਤੰਬੂ।

(ਚੇਲਾ ਚਲਾ ਜਾਂਦਾ ਹੈ।)

ਅਮਲੀ : ਦੁੱਧ ਜਾਂ ਚਾਹ ਚੇਲੇ ਨੇ ਕੀ ਪੀਣੀ ਸੀ, ਖੀਰ ਦੀ ਬਾਲਟੀ ਖਾ ਕੇ ਆਇਆ ਹੋਣੈਂ। ਹੁਣ ਪਚਾਉਂਦਾ ਫਿਰਦੈ ਗਲੀ ਗਲੀ ਫਿਰ ਕੇ। ਫਿੱਟਿਆ ਕਿਵੇਂ ਗੁੱਜਰਾਂ ਦੀ ਬੂਰੀ ਝੋਟੀ ਵਾਂਗੂੰ। ਦੀਪੇ ਨੇ ਖਬਰ ਪੜ੍ਹ ਕੇ ਦੱਸਿਆ ਸੀ ਰੂਸ ਵਿਚ ਮੰਨੇ-ਪ੍ਰਮੰਨੇ ਭਲਵਾਨਾਂ ਦੀਆਂ ਕੁਸ਼ਤੀਆਂ ਹੋ ਰਹੀਆਂ ਨੇ। ਇਵੇਂ ਦੇ ਸਾਧਾਂ ਨੂੰ ਘੱਲਣਾ ਚਾਹੀਦੈ ਕੁਸ਼ਤੀ ਕਰਨ ਵਾਸਤੇ।

ਕਰਮੀ : ਕੋਈ ਚੱਜ ਦੀ ਗੱਲ ਨਾ ਕੱਢੀਂ ਮੂੰਹੋਂ। ਸਾਰੀ ਉਮਰ ਇਵੇਂ ਗੱਲਾਂ ਬਣਾਉਣ 'ਚ ਕੱਢ ਤੀ।

ਅਮਲੀ : ਤੇ ਤੂੰ ਸਾਰੀ ਉਮਰ ਸਾਧਾਂ ਦੇ ਡੇਰਿਆਂ ਤੇ ਨੱਕ ਰਗੜ ਕੇ ਕੱਢ ਤੀ।

ਕਰਮੀ : (ਖਿੱਝ ਕੇ) ਤੂੰ ਆਪਣਾ ਵਾਜਾ ਵਜਾਈ ਜਾ। ਮੈਂ ਚੱਲੀ ਆਂ ਬਾਬਾ ਜੀ ਦੇ ਡੇਰੇ।

ਅਮਲੀ : ਭਲੀਏ ਲੋਕੇ, ਤੂੰ ਮੇਰੇ ਕਰਕੇ ਸਾਧਾਂ ਦੇ ਡੇਰੇ ਨਾ ਜਾਈਂ।

ਕਰਮੀ : ਕਿਉਂ ਨਾ ਜਾਵਾਂ? ਹੁਣ ਮੈਂ ਵੇਖਾਂਗੀ ਤੂੰ ਨਸ਼ੇ ਕਿਵੇਂ ਕਰਨੈਂ। ਮੇਰੀ ਤਾਂ ਤੂੰ ਕਿਸਮਤ

ਗਾਲ ਤੀ। ਹਾਏ ਮੇਰੀ ਖੋਟੀ ਕਿਸਮਤ! ਪਿਉ ਨੇ ਕੀ ਦੇਖਿਆ ਮੇਰੇ ਗਲ ਮੜ੍ਹ ਦਿੱਤੈ ਆਹ ਬੰਦਾ ਅਮਲਾਂ ਦੇ ਮਾਰਿਐ। ਹੁਣ ਮੈਂ ਪੱਕਾ ਧਾਰ ਲਿਐ ਮਨ 'ਚ ਜਾਂ ਤੇਰੀਆਂ ਪੁੜੀਆਂ, ਗੋਲੀਆਂ ਘਰ ਰਹਿਣਗੀਆਂ ਜਾਂ ਮੈਂ ਰਹਾਂਗੀ।

ਅਮਲੀ : ਕਰਮੀਏ, ਕਿਉਂ ਸੁੱਖੀ ਸਾਂਦੀ ਕਿਸਮਤ ਨੂੰ ਕੋਸਦੀ ਏਂ। ਤੂੰ ਮੇਰੇ ਨਸ਼ੇ ਈ ਛੁਡਾਉਣਾ ਚਾਹੁੰਦੀ ਏ ਨਾ? ਠੀਕ ਏ ਤੇਰੀ ਗੱਲ ਮੰਨੀ। ਮੈਨੂੰ ਕਿਸੇ ਸਿਆਣੇ ਜਿਹੇ ਨਸ਼ੇ ਛੁਡਾਉਣ ਵਾਲੇ ਡਾਕਟਰ ਕੋਲ ਲੈ ਚੱਲ। ਇਹਨਾਂ ਸਾਧਾਂ ਦੇ ਮੈਂ ਬੜੇ ਕਿੱਸੇ ਸੁਣੇ ਨੇ। ਇਹ ਤਾਂ ਆਪਣਾ ਢਿੱਡ ਭਰਨ ਵਾਸਤੇ ਦਿਨ ਰਾਤ ਲੋਕਾਂ ਨੂੰ ਦੋਵਾਂ ਹੱਥਾਂ ਨਾਲ ਲੁੱਟਦੇ ਨੇ।

ਕਰਮੀ : ਸਾਥੋਂ ਨਹੀਂ ਭਰੀਆਂ ਜਾਂਦੀਆਂ ਡਾਕਟਰਾਂ ਦੀਆਂ ਫੀਸਾਂ। ਨਾਲੇ ਡਾਕਟਰ ਵੀ ਤਾਂ ਅਮਲ ਦੀਆਂ ਗੋਲੀਆਂ ਹੀ ਦਿੰਦੇ ਨੇ। ਪਰਸੋਂ ਪਿੰਡ ਆਲੇ ਡਾਕਟਰ ਤੋਂ ਜ਼ੁਕਾਮ ਦੀ ਗੋਲੀ ਲਈ। ਉਸ ਗੋਲੀ ਨੇ ਚੱਤੇ ਪੈਹਰ ਚੱਕਰ ਚਾੜ੍ਹ ਦਿੱਤੇ। ਜੇ ਫੀਮ ਦੀਆਂ ਗੋਲੀਆਂ ਛੱਡ ਕੇ ਡਾਕਟਰ ਦੀ ਦਵਾਈ ਲਾ ਲਈ ਤਾਂ ਪਰਨਾਲਾ ਤਾਂ ਉੱਥੇ ਦਾ ਉੱਥੇ ਈ ਰਿਹੈ।

ਭੂੰਮਣ : ਅਮਲੀਆ, ਭਾਬੀ ਸਹੀ ਕਹਿੰਦੀ ਏ।

ਅਮਲੀ : ਆਹੋ, ਸਹੀ ਕਹਿੰਦੀ ਏ! ਇਹਦੇ ਤੇ ਐਸ ਵਕਤ ਸਾਧਾਂ ਦਾ ਭੂਤ ਸਵਾਰ ਏ। ਕੋਈ ਨਹੀਂ ਮੱਛੀ ਪੱਥਰ ਚੱਟ ਕੇ ਈ ਪਿਛਾਂਹ ਮੁੜਦੀ ਏ।

(ਪਿੱਛੋਂ ਅਵਾਜ਼ਾਂ ਆਉਂਦੀਆਂ ਹਨ। ਲੋਕਾਂ ਦੀਆਂ ਰਲੀਆਂ-ਮਿਲੀਆਂ ਇੱਕੋ ਜਿਹੀਆਂ ਅਵਾਜ਼ਾਂ ਹਨ।)

ਅਵਾਜ਼ਾਂ : ਬਾਬਾ ਜੀ ਦੀਆਂ ਤਾਂ ਰੱਬ ਨਾਲ ਗੱਲਾਂ ਨੇ।
ਹਾਂ, ਕਿੰਨਾ ਚਿਰ ਸਮਾਧੀ ਲਾਈ ਰੱਖਦੇ ਨੇ।
ਮੈਂ ਸੁਣਿਐ ਸਾਰੀ ਸਾਰੀ ਰਾਤ ਭਗਤੀ ਕਰਦੇ ਨੇ।

ਕਰਮੀ : (ਸੁਣਨ ਬਾਅਦ ਖੁਸ਼ੀ ਨਾਲ) ਵੇ ਆਹ ਸੁਣਿਐ?

ਅਮਲੀ : ਸਾਨੂੰ ਨਹੀਂ ਸੁਣਦੀਆਂ ਫਾਲਤੂ ਗੱਲਾਂ।

ਕਰਮੀ : ਨਹੀਂ ਸੁਣਦੀਆਂ ਤੇ ਨਾ ਸਹੀ। ਤੂੰ ਆਪਣੀ ਕਥਾ ਗਾਈ ਜਾ। ਮੈਂ ਚੱਲੀ ਆਂ ਬਾਬਿਆਂ ਦੇ ਡੇਰੇ। ਇਵੇ ਦੇ ਮਹਾਂਪੁਰਸ਼ਾਂ ਦਾ ਕੀ ਪਤੈ ਕਦੋਂ ਕਿਤੇ ਜਾਣ ਦਾ ਮਨ ਬਣਾ ਲੈਣ।

ਭੂੰਮਣ : ਭਾਬੀ ਆਹ ਤੇਰੀ ਗੱਲ ਲੱਖ ਰੁਪਏ ਦੀ ਏ। ਦੂਜੇ ਪਿੰਡਾਂ ਦੀ ਸੰਗਤ ਬਾਬਾ ਜੀ ਤੇ ਜ਼ੋਰ ਦੇਂਦੀ ਪਈ ਏ ਕਿ ਸਾਡੇ ਪਿੰਡ ਵੀ ਫੇਰੀ ਪਾਓ। ਭਾਬੀ ਤੂੰ ਜਾ, ਮੌਕਾ ਨਿਕਲ ਨਾ ਜਾਵੇ। ਮੈਂ ਐਥੇ ਘੜੀ ਅਮਲੀ ਨਾਲ ਗੱਪਾਂ ਮਾਰਨਾ।
(ਕਰਮੀ ਚਲੀ ਜਾਂਦੀ ਹੈ) ਅਮਲੀਆ ਤੇਰੇ ਭਲੇ ਦੀ ਗੱਲ ਕਰਦੀ ਏ।

ਅਮਲੀ : ਭਲਾ ਇਹਨੇ ਸਵਾਹ ਸੋਚਣੈਂ। ਕੋਈ ਮੰਗਤਾ ਆ ਜਾਏ ਹੱਥ 'ਚ ਠੂਠਾ ਫੜ ਕੇ, ਮੂੰਹ ਤੇ ਸਵਾਹ ਮਲ ਕੇ, ਬੂਥੀ ਬਾਂਦਰ ਵਰਗੀ ਬਣਾ ਕੇ ਤੇ ਉੱਚੀ ਵਾਜ 'ਚ ਔਲੱਖ ਨਿਰੰਜਨ ਬੋਲ ਦੇਵੇ ਤਾਂ ਕਰਮੀ ਕਹਿ ਦਿੰਦੀ ਏ ਘਰ ਫਕੀਰ ਆਏ ਨੇ। (ਗੱਲ ਬਦਲ



ਕੇ) ਭੂੰਮਣ ਸਿਹਾਂ, ਭਲਾ ਤੂੰ ਦੱਸ ਮੇਰੇ ਜੁਆਕਾਂ ਦੀ ਸਿਹਤ ਕਿਉਂ ਨਹੀਂ ਬਣਦੀ?

ਭੂੰਮਣ : ਜੁਆਕ ਤੇਰੇ ਤੇ ਸਿਹਤ ਦੀ ਗੱਲ ਮੇਰੇ ਕੋਲੋਂ ਪੁੱਛਦੈਂ। ਮੈਨੂੰ ਭਲਾ ਕੋਈ ਉਪਰੋਂ ਆਕਾਸ਼ਵਾਣੀ ਹੋਣੀ ਏ ਬਈ ਤੇਰੇ ਜੁਆਕਾਂ ਦੀ ਸਿਹਤ ਕਿਉਂ ਨਹੀਂ ਬਣਦੀ। ਤੂੰ ਹਰ ਕਿਸੇ ਸਾਧੂ ਸੰਤ ਦੇ ਉਲਟ ਬੋਲਦੈਂ। ਮੈਨੂੰ ਤਾਂ ਲੱਗਦੈ ਕਿਸੇ ਰੱਬ ਦੇ ਪਿਆਰੇ ਨੇ ਜ਼ਰੂਰ ਤੁਹਾਨੂੰ ਸਰਾਪ ਦਿੱਤਾ ਏ।

ਅਮਲੀ : ਸਰਾਪ ਸਵਾਹ ਲੱਗਣੈ ਇਹਨਾਂ ਵਿਹਲੜਾਂ ਦਾ। ਗੱਲ ਅਸਲੀ ਇਹ ਵੇ ਕਿ ਘਰ ਰੱਖੀ ਗਾਂ ਦਾ ਦੋ ਕੁ ਕਿਲੋ ਦੁੱਧ ਹੁੰਦਾ ਏ, ਪਹੁੰਚ ਜਾਂਦੈ ਕਿਸੇ ਨਾ ਕਿਸੇ ਸਾਧ ਦੀ ਗੋਗੜ 'ਚ ਤੇ ਜੁਆਕਾਂ ਨੇ ਸਿਹਤ ਹਵਾ ਫਕ ਕੇ ਤਾਂ ਨਹੀਂ ਬਣਾ ਲੈਣੀ।

ਭੂੰਮਣ : ਰੋਜ਼ ਤਾਂ ਨਹੀਂ ਸਾਧੂ ਸੰਤ ਤੁਹਾਡੀ ਗਾਂ ਦਾ ਦੁੱਧ ਪੀ ਜਾਂਦੇ? ਗੱਪ ਜ਼ਰਾ ਸੋਚ ਕੇ ਛੱਡਿਆ ਕਰ।

ਅਮਲੀ : ਸਾਡੇ ਇਲਾਕੇ ਵਿਚ ਸਾਧਾਂ ਦੀਆਂ ਹੇੜਾਂ ਤੁਰੀਆਂ ਫਿਰਦੀਆਂ ਨੇ। ਦੀਪਾ ਪਾਹੜੂ ਕਹਿੰਦਾ ਸੀ ਹੁਣ ਤਾਂ ਇੱਟ ਪੁੱਟਿਆ ਸਾਧ ਨਿਕਲਦਾ ਏ, ਪਰ ਮੈਂ ਤਾਂ ਕਹਿਣਾਂ ਇੱਟ ਇੱਟ ਤੇ ਸਾਧ ਬੈਠੈ। ਜਿਹਨੂੰ ਕੋਈ ਕੰਮ ਧੰਦਾ ਰਾਸ ਨਾ ਆਏ ਉਹ ਪਾ ਕੇ ਚੋਲਾ ਸਾਧ ਬਣ ਜਾਂਦੈ।

ਭੂੰਮਣ : ਤੂੰ ਬਾਕੀ ਸਾਧਾਂ ਦੀ ਗੱਲ ਛੱਡ, ਆਪਣੇ ਪਿੰਡ ਵਾਲੇ ਬਾਬਾ ਜੀ ਨੂੰ ਤਾਂ ..........

ਅਮਲੀ : (ਗੱਲ ਵਿਚੋਂ ਕੱਟ ਕੇ) ਘੁੰਗਰੂ ਲੱਗੇ ਨੇ।

ਭੂੰਮਣ : ਅਮਲੀਆ, ਸਿਆਣੇ ਕਹਿੰਦੇ ਨੇ ਸਾਧ ਦੀ ਨਿੰਦਿਆ ਨਾ ਕਰੀਏ। ਆਪਣੇ ਪਿੰਡ ਵਾਲੇ ਬਾਬਾ ਜੀ ਤਾਂ ਲੋਕ ਪ੍ਰਲੋਕ ਦੀਆਂ ਗੱਲਾਂ ਦੱਸਦੇ ਨੇ। ਹਰ ਬੰਦੇ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰਦੇ ਨੇ। ਇੱਥੋਂ ਤੱਕ ਕਿ ਲੋਕਾਂ ਦੇ ਚੋਰੀ ਹੋਏ ਡੰਗਰ ਵੀ ਲੱਭ ਦਿੰਦੇ ਨੇ।

ਅਮਲੀ : ਡੰਗਰਾਂ ਦੀ ਚੋਰੀ ਅੱਜਕੱਲ ਕਿਹੜਾ ਸਿਰ ਫਿਰਾ ਕਰਦੈ। ਲੋਕ ਤਾਂ ਸਿੱਧਾ ਕੈਸ਼ ਨੂੰ ਪੈਂਦੇ ਨੇ।

ਭੂੰਮਣ : ਅਜੇ ਵੀ ਬੜੀ ਦੁਨੀਆਂ ਏ ਡੰਗਰ ਚੋਰੀਂਕਰਨ ਵਾਲਿਆਂ ਦੀ। ਅਜੇ ਕੱਲ੍ਹ ਦੀ ਗੱਲ ਏ ਰੋਸ਼ਨ ਮੜ੍ਹੀ ਪੱਟ ਦਾ ਬਲਦ ਗੁਆਚ ਗਿਆ। ਰੋਸ਼ਨ ਦੇ ਮੂੰਹ ਤੇ ਇੱਕ ਰੰਗ ਆਵੇ ਤੇ ਇੱਕ ਰੰਗ ਜਾਵੇ। ਆਖਰ ਬਾਬਾ ਜੀ ਕੋਲ ਜਾ ਹਾਜ਼ਰ ਹੋਇਆ। ਹੱਥ ਜੋੜ ਕੇ ਉਹਨਾਂ ਨੂੰ ਤਰਲਾ ਮਾਰਿਆ। ਬਾਬਾ ਜੀ ਨੇ ਅੱਖਾਂ ਮੀਟੀਆਂ, ਧਿਆਨ ਮਾਰਿਆ ਤੇ ਫਿਰ ਉੱਚੀ ਵਾਜ ਵਿਚ ਕਿਹਾ - ਡਬ ਖੜੱਬਾ ਬਲਦ, ਛੋਟੇ-ਛੋਟੇ ਸਿੰਗ ਤੇ ਭਰਵੇਂ ਸਰੀਰ ਵਾਲਾ ਬਲਦ ਸਾਨੂੰ ਪਿੰਡ ਦੀ ਢਲਾਨ 'ਚ ਨਜ਼ਰ ਆ ਰਿਹੈ। ਬਾਬਾ ਜੀ ਦੀ ਗੱਲ ਸੱਚੀ ਨਿਕਲੀ ਤੇ ਬਲਦ ਉੱਥੋਂ ਹੀ ਮਿਲਿਆ।

ਅਮਲੀ : ਰੋਸ਼ਨ ਦਾ ਬਲਦ ਪਹਿਲਾਂ ਨਾ ਕਦੇ ਗੁਆਚਿਆ, ਹੁਣੇ ਗੁਆਚਣਾ ਸੀ? ਤੂੰ ਨਹੀਂ

ਜਾਣਦਾ ਸਾਧਾਂ ਦੀਆਂ ਚਾਲਾਂ।

ਭੂੰਮਣ : ਤੂੰ ਤਾਂ ਸਾਰਿਆਂ ਨੂੰ ਇੱਕੋ ਤੱਕੜੀ 'ਚ ਤੋਲਦੈਂ। ਮੇਰੀ ਮੰਨ, ਬਾਬਾ ਜੀ ਤੋਂ ਦਵਾਈ ਖਾਹ ਤੇ ਕਲਯੁਗ ਦੀ ਮੈਲ ਲਾਹ ਸੁੱਟ।
(ਕਰਮੀ ਆਉਂਦੀ ਹੈ। ਉਹ ਬੜੀ ਖੁਸ਼ ਨਜ਼ਰ ਆਉਂਦੀ ਹੈ।)
ਲੈ ਬਈ ਅਮਲੀਆ, ਤੇਰੀ ਘਰਵਾਲੀ ਵੀ ਆ ਗਈ।

ਕਰਮੀ : ਵਾਹ ਜੀ ਵਾਹ, ਬਾਬਾ ਜੀ ਦੇ ਚਿਹਰੇ ਤੇ ਤਾਂ ਕਹਿਰਾਂ ਦਾ ਨੂਰ ਏ।

ਅਮਲੀ : ਨੂਰ ਕਿਵੇਂ ਨਾ ਹੋਏ। ਦਿਨੇ ਖੀਰਾਂ ਖਾਂਦੇ ਨੇ ਤੇ ਰਾਤ ਨੂੰ ਲਿਟਰ ਲਿਟਰ ਦਾਰੂ ਚਾੜ੍ਹ ਕੇ ਸੌਂਦੇ ਨੇ।

ਕਰਮੀ : ਤੂੰ ਆਪਣਾ ਲਚਕਰ ਬੰਦ ਕਰ। ਹੁਣ ਨਹੀਂ ਮਿਲਦੀ ਤੈਨੂੰ ਭੁੱਕੀ ਦੀ ਪੁੜੀ ਜਾਂ ਫੀਮ ਦੀ ਗੋਲੀ। ਬਾਬਾ ਜੀ ਨੇ ਦਵਾਈ ਦਿੱਤੀ ਏ। ਮੈਂ ਜਾ ਕੇ ਵੀਹ ਰੁਪਏ ਰੱਖ ਕੇ ਮੱਥਾ ਟੇਕਿਆ। ਉਹਨਾਂ ਮੇਰੀ ਸਾਰੀ ਗੱਲ ਸੁਣੀ ਤੇ ਬਚਨ ਕੀਤਾ। ਉਹ ਕਹਿੰਦੇ ਸੀ - ਬੀਬੀ ਤੇਰਾ ਬੰਦਾ ਆਹ ਦਵਾਈ ਖਾਵੇਗਾ ਤਾਂ ਉਹਦੇ ਅਮਲ ਵੀ ਗਲੋਂ ਲਹਿ ਜਾਣਗੇ ਤੇ ਸਿਹਤ ਵੀ ਘੋੜੇ ਵਰਗੀ ਹੋ ਜਾਵੇਗੀ।

ਅਮਲੀ : ਨਾ ਘੋੜਾ ਬਣ ਕੇ ਮੈਂ ਕਿਹੜਾ ਤਾਂਗਾ ਖਿਚਣੈਂ?

ਭੂੰਮਣ : ਅਮਲੀਆ, ਚੁੱਕ ਜਾ ਦਵਾਈ ਅੱਖਾਂ ਮੀਟ ਕੇ।

ਅਮਲੀ : ਤਾਂ ਕਿ ਮੈਂ ਜਲਦੀ ਅੱਖਾਂ ਮੀਟ ਜਾਵਾਂ? ਐਵੇਂ ਭੰਗ ਦੇ ਭਾੜੇ ਨਹੀਂ ਗਵਾਉਂਦਾ ਮੈਂ ਆਪਣੀ ਜ਼ਿੰਦਗੀ। ਤੂੰ ਕਿੱਥੋਂ ਆ ਗਿਆ ਮੱਤਾਂ ਦੇਣ ਵਾਲਾ ਰਾਹੂ ਕੇਤੂ ਦਾ ਗ੍ਰਹਿ?

ਭੂੰਮਣ : ਮੈਨੂੰ ਤੂੰ ਜੋ ਮਰਜ਼ੀ ਆਖੀ ਜਾ, ਪਰ ਲੈ ਕੇ ਰੱਬ ਦਾ ਨਾਂ, ਮਾਰ ਦਵਾਈ ਦਾ ਫੱਕਾ, ਪੱਕਾ ਠੀਕ ਹੋਵੇਂਗਾ। ਚੰਗਾ ਮੈਂ ਚੱਲਦਾਂ। ਅੱਜ ਤਾਂ ਤੇਰੇ ਕੋਲ ਬੈਠੇ ਬੈਠੇ ਅੱਧੀ ਦਿਹਾੜੀ ਕੱਢ ਤੀ। ਉਧਰ ਡੰਗਰ ਵੀ ਭੁੱਖੇ ਕਿੱਲੇ ਤੁੜਾਉਂਦੇ ਹੋਣੇ ਨੇ। ਭਾਬੀ, ਅਮਲੀ ਨੂੰ ਪੁੜੀਆਂ ਨਾ ਖਾਣ ਦਿਉ, ਫੇਰ ਵੇਖਿਉ ਆਪੇ ਦਵਾਈ ਖਾਵੇਗਾ।
(ਭੂੰਮਣ ਚਲਾ ਜਾਂਦਾ ਹੈ।)

ਅਮਲੀ : ਨਸ਼ਾ ਟੁੱਟਦਾ ਪਿਐ। ਅੰਦਰ ਦੋ ਪੁੜੀਆਂ ਰੱਖੀਆਂ ਸੀ, ਕੌਣ ਲੈ ਗਿਐ?

ਕਰਮੀ : ਮੈਨੂੰ ਨਹੀਂ ਪਤਾ ਕੌਣ ਲੈ ਗਿਆ? ਮੈਂ ਤੇਰੀਆਂ ਪੁੜੀਆਂ ਦੀ ਰਾਖੀ ਤਾਂ ਨਹੀਂ ਬੈਠੀ?

ਅਮਲੀ : ਤੂੰ ਈ ਸੁੱਟ ਦਿੱਤੀਆਂ ਹੋਣੀਆਂ ਨੇ ਕਿਤੇ।

ਕਰਮੀ : (ਗੁੱਸੇ ਨਾਲ) ਮੈਂ ਤੇਰੀਆਂ ਪੁੜੀਆਂ ਨੂੰ ਅੱਗ ਲਾਉਣੀ ਏ ਜਾਂ ਇਹਨਾਂ ਦਾ ਅਚਾਰ ਪੌਣੈਂ?

ਅਮਲੀ : ਤੂੰ ਨਹੀਂ ਚੁੱਕੀਆਂ ਤਾਂ ਹੋਰ ਕੋਠਾ ਤਾਂ ਨਹੀਂ ਖਾ ਗਿਐ ਪੁੜੀਆਂ ਨੂੰ?

ਕਰਮੀ : ਕੋਠਾ ਖਾਵੇ ਜਾਂ ਕੋਈ ਹੋਰ ਪਰ ਹੁਣ ਨਾ ਤੈਨੂੰ ਪੁੜੀਆਂ ਮਿਲੀਆਂ। ਆਹ ਦਵਾਈ ਖਾਹ ਫਿਰ ਵੇਖੀਂ ਦੇਹ ਕਿਵੇਂ ਰਾਜ਼ੀ ਹੁੰਦੀ ਏ?
(ਕਰਮੀ ਸਵਾਹ ਦੀ ਪੁੜੀ ਨੂੰ ਅਮਲੀ ਅੱਗੇ ਕਰਦੀ ਹੈ ਪਰ ਅਮਲੀ ਹੱਥ ਮਾਰ ਕੇ



ਸਵਾਹ ਦੀ ਪੁੜੀ ਨੂੰ ਜ਼ਮੀਨ ਤੇ ਸੁੱਟ ਦਿੰਦਾ ਹੈ।

ਅਮਲੀ : ਅੱਗੇ ਈ ਮੈਂ ਮਰਦਾ ਪਿਆਂ ਹੋਰ ਸਵਾਹ ਖਵਾ ਕੇ ਮੈਨੂੰ ਸਵਾਹ ਲੱਗੀਂ ਏਂ ਕਰਨ। (ਅਮਲ ਦੀ ਤੋਟ ਮਹਿਸੂਸ ਕਰਦਾ ਹੋਇਆ) ਮੈਂ ਮਰ ਗਿਆ। ਸਰੀਰ 'ਚ ਜਾਨ ਨਹੀਂ ਰਹੀ।
(ਦੀਪਾ ਆਉਂਦਾ ਹੈ।)

ਦੀਪਾ : ਚਾਚਾ ਕੀ ਗੱਲ ਹੋ ਗਈ? ਸਵੇਰੇ ਤਾਂ ਬਿਲਕੁਲ ਠੀਕ ਸੀ।

ਅਮਲੀ : ਸਵੇਰੇ ਤਾਂ ਚੰਗਾ ਭਲਾ ਸੀ। ਬਿਮਾਰੀ ਦਾ ਹਮਲਾ ਹੁਣੇ ਸ਼ੁਰੂ ਹੋਇਐ।

ਦੀਪਾ : ਕਿਤੇ ਨਸ਼ੇ ਦੀ ਤੋਟ ਤਾਂ ਨਹੀਂ ਆ ਗਈ। ਸਿਹਤ ਕੁਝ ਢਿੱਲੀ ਜਿਹੀ ਜਾਪਦੀ ਏ।

ਕਰਮੀ : ਇਹਨੇ ਢਿੱਲੇ ਈ ਹੋਣੈ। ਮੈਂ ਵਾਰ-ਵਾਰ ਸਿਰ ਖਪਾਉਂਦੀ ਰਹੀ ਕਿ ਫੀਮ ਛੱਡ, ਭੁੱਕੀ ਛੱਡ ਪਰ ਇਹਦੇ ਕੰਨਾਂ ਤੇ ਜੂੰ ਨਹੀਂ ਸਰਕੀ। ਇਹਨੇ ਆਪਣੀ ਸੋਨੇ ਵਰਗੀ ਦੇਹ ਗਾਲ ਲਈ ਨਾਲੇ ਘਰ ਦਾ ਦੀਵਾਲਾ ਕੱਢ ਤਾ। ਪਰ ਹੁਣ ਮੈਂ ਪੱਕਾ ਫੈਸਲਾ ਕਰ ਲਿਐ ਕਿ ਇਹਦੇ ਨਸ਼ੇ ਛੁਡਾ ਕੇ ਰਹਾਂਗੀ।

ਦੀਪਾ : ਉਹ ਕਿਵੇਂ, ਚਾਚੀ?

ਕਰਮੀ : ਪਿੰਡ ਜਿਹੜੇ ਬਾਬਾ ਜੀ ਆਏ ਨੇ, ਉਹਨਾਂ ਤੋਂ ਦਵਾਈ ਲਿਆ ਕੇ ਦਿੱਤੀ ਏ।

ਅਮਲੀ : ਦੀਪਿਆ, ਮੈਂ ਤੇਰੀ ਚਾਚੀ ਨੂੰ ਕਿਹੈ ਜੇ ਮੇਰੇ ਜ਼ਰੂਰ ਈ ਨਸ਼ੇ ਛੁਡਾਉਣੇ ਨੇ ਤਾਂ ਮੈਨੂੰ ਕਿਸੇ ਚੰਗੇ ਡਾਕਟਰ ਕੋਲ ਲੈ ਚੱਲ ਪਰ ਆਹ ਅਫਲਾਤੂਨ ਦੀ ਬੱਚੀ ਸਾਧ ਦੇ ਡੇਰਿਉਂ ਸਵਾਹ ਕੱਠੀ ਕਰਕੇ ਚੁੱਕ ਲਿਆਈ ਏ।

ਕਰਮੀ : ਦੀਪਿਆ, ਤੂੰ ਈ ਇਹਨੂੰ ਸਮਝਾ। ਸਾਡੀ ਤਾਂ ਇੱਕ ਨਹੀਂ ਮੰਨਦਾ। ਕਿਤੇ ਤੇਰੇ ਆਖੇ ਇਹਦੇ ਮਨ ਮਿਹਰ ਪੈ ਜਾਏ।

ਦੀਪਾ : ਚਾਚੀ, ਚਾਚੇ ਨੇ ਗੱਲ ਠੀਕ ਕੀਤੀ ਏ। ਤੁਸੀਂ ਸੁਣਿਆ ਨਹੀਂ ਨੰਗਲੀ ਵਾਲੇ ਪੰਜ ਸਾਲ ਦੇ ਬਾਬੇ ਦੀ ਕਹਾਣੀ ਜਿਹਦੀ ਮਾਂ ਨੇ ਲੋਕਾਂ ਨੂੰ ਬੁੱਧੂ ਬਣਾ ਕੇ ਆਪਣੇ ਘਰ ਚੁਬਾਰੇ ਬਣਾ ਲਏ।

ਅਮਲੀ : ਇਹਨੂੰ ਸੁਣਾ ਦੇ ਸਾਰੀ ਕਹਾਣੀ। ਕਿਤੇ ਇਹ ਵੀ ਸਾਧਾਂ ਦੇ ਚੱਕਰ ਤੋਂ ਆਜ਼ਾਦ ਹੋ ਜਾਏ।

ਕਰਮੀ : ਮੈਂ ਤਾਂ ਨੰਗਲੀ ਵਾਲੇ ਕਿਸੇ ਬਾਬੇ ਦੀ ਗੱਲ ਨਹੀਂ ਸੁਣੀ।

ਦੀਪਾ : (ਡਾਇਰੀ ਦਾ ਇੱਕ ਵਰਕਾ ਪਲਟਾਉਂਦਾ ਹੈ) ਤਾਂ ਲਉ ਸੁਣੋ, ਤੁਹਾਨੂੰ ਕਵਿਤਾ 'ਚ ਸੁਣਾ ਰਿਹਾਂ। (ਡਾਇਰੀ ਵਿਚੋਂ ਪੜ੍ਹਦਾ ਹੈ।)
ਇੱਕ ਚਲਾਕ ਔਰਤ ਨੂੰ ਸੁੱਝਿਆ ਸ਼ੈਤਾਨੀ ਵਿਚਾਰ
ਸਾਡੇ ਢੰਡੋਰਾ ਪਿੱਟਿਆ, ਕਹਿੰਦੀ
ਮੇਰਾ ਪੰਜ ਸਾਲ ਦਾ ਬੱਚਾ

ਬਣ ਗਿਐ ਰੱਬੀ ਅਵਤਾਰ

ਕਰਮੀ : (ਹੈਰਾਨ ਹੋ ਕੇ) ਹੈਂ! ਰੱਬੀ ਅਵਤਾਰ?

ਦੀਪਾ : ਹਾਂ, ਕਹਿੰਦੀ ਪਿਛਲੇ ਜਨਮ ਦੀ
ਇਹਨੂੰ ਯਾਦ ਆ ਗਈ ਸਾਰੀ
ਭਜਨ ਇਹਦਾ ਨਾਂ ਸੀ
ਸਾਰੇ ਜਾਣਦੇ ਨਰ ਤੇ ਨਾਰੀ
ਛੇ ਸਾਲ ਪਹਿਲਾਂ ਜ਼ਹਿਰ ਖਾ ਕੇ ਮਰ ਗਿਐ
ਉਹ ਯੋਧਾ ਬਲਕਾਰੀ
ਹੁਣ ਦੂਜਾ ਜਨਮ ਧਾਰਿਆ
ਬੱਚਾ ਗੱਲ ਦੱਸਦਾ ਸਾਰੀ।

ਕਰਮੀ : (ਉਤਸੁਕਤਾ ਵਿਚ) ਫਿਰ ਕੀ ਹੋਇਆ?

ਦੀਪਾ : ਚਾਚੀ, ਇਧਰ ਲੋਕਾਂ ਦੀ ਮੱਤ ਵੇਖੋ
ਬਿਨਾਂ ਸੋਚੇ ਸਮਝੇ ਘੱਤ ਲਈਆਂ ਵਹੀਰਾਂ
ਕਈ ਉਹਨੂੰ ਬਾਬਾ ਕਹਿਣ
ਕਈਆਂ ਮੰਨਿਆ ਵਾਂਗ ਫਕੀਰਾਂ।
ਮੱਥੇ ਉੱਥੇ ਰਗੜਨ ਲੱਗੇ
ਨੱਕ ਨਾਲ ਕੱਢੀਆਂ ਖੂਬ ਲਕੀਰਾਂ।

ਕਰਮੀ : ਅੱਛਾ! ਬੜੇ ਲੋਕ ਉੱਥੇ ਗਏ ਹੋਣਗੇ?

ਦੀਪਾ : ਹਾਂ, ਹੰਸੋ, ਬੰਸੋ, ਬੰਤੋ, ਕੰਤੋ, ਸੰਤੋ,
ਵੀਰੋ, ਕਸ਼ਮੀਰੋ ਤੇ ਗਈ ਕਰਤਾਰੀ
ਸ਼ੀਲੋ, ਨੀਲੋ, ਰਾਧੀ, ਝੰਡੋ,
ਛਿਨੋ, ਫਿੰਨੋ ਤੇ ਪਹੁੰਚੀ ਰਾਮ ਪਿਆਰੀ
ਲਵਲੀ, ਸਵੀਟੀ, ਬਬਲੀ, ਬੰਟੀ, ਬੌਬੀ ਵੀ ਗਈ
ਜਿਹਨੇ ਸਾਰੀ ਦੁਨੀਆਂ ਚਾਰੀ
ਨੱਥੇ ਜ਼ਨਾਨੀਆਂ ਤੇ ਦਸ ਬੰਦੇ
ਰੌਣਕ ਹੋ ਗਈ ਭਾਰੀ
ਉਲਟੀ ਗੰਗਾ ਚਲਣ ਲੱਗੀ, ਕੰਮ ਹੋ ਗਿਆ ਔਖਾ
ਨੈਣ ਪ੍ਰੀਤੋ ਦੇ ਵੀ, ਖਾ ਗਏ ਉਥੇ ਧੋਖਾ।

ਕਰਮੀ : ਲੋਕ ਜਾਣ ਵੀ ਕਿਵੇਂ ਨਾ। ਸੰਤਾਂ ਮਹਾਂਪੁਰਸ਼ਾਂ ਕਿਹੜਾ ਰੋਜ਼-ਰੋਜ਼ ਦਰਸ਼ਨ ਦੇਣੇ ਹੁੰਦੇ ਨੇ। ਮੈਨੂੰ ਪਤਾ ਨਹੀਂ ਲੱਗਾ ਨਹੀਂ ਤਾਂ ਮੈਂ ਵੀ ਜ਼ਰੂਰ ਜਾਂਦੀ। ਅੱਛਾ, ਫੇਰ ਕੀ ਹੋਇਆ ਉੱਥੇ?

ਦੀਪਾ : ਉਕੜ ਦੁੱਕੜ ਭੰਬਾ ਭੌ। ਦਸ, ਵੀਹ, ਪੰਜਾਹ ਸੌ।



ਦਰਸ਼ਨ ਕਰ, ਰੁਪਈਏ ਰੱਖ। ਇਕੱਠਾ ਹੋ ਗਿਆ ਦੋ ਤਿੰਨ ਲੱਖ।
(ਡਾਇਰੀ ਬੰਦ ਕਰਦਾ ਹੈ।)
ਚਾਚੀ, ਪਾਜ ਤਾਂ ਉਹਦਾ ਉਦੋਂ ਖੁੱਲਿਆ ਜਦ ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਉਸ ਚਲਾਕ ਔਰਤ ਦੇ ਘਰ ਨੂੰ ਘੇਰਾ ਪਾ ਲਿਆ।

ਕਰਮੀ : ਉਹਨਾਂ ਦੇ ਘਰ ਨੂੰ ਘੇਰਾ ਪਾਉਣ ਵਾਲੀ ਆਹ ਕਿਹੜੀ ਸੈਟੀ ਹੋਈ?

ਦੀਪਾ : ਇਹ ਪੜ੍ਹੇ ਲਿਖੇ ਲੋਕਾਂ ਦੀ ਸੰਸਥਾ ਏ ਜਿਸਦਾ ਕੰਮ ਭੋਲੇ ਭਾਲੇ ਲੋਕਾਂ ਨੂੰ ਪਾਖੰਡੀਆਂ ਦੀ ਪਕੜ ਤੋਂ ਛੁਡਾਉਣਾ ਹੁੰਦੈ। ਮੈਂ ਗੱਲ ਕਰ ਰਿਹਾ ਸੀ ਨੰਗਲੀ ਵਾਲੇ ਪੰਜ ਸਾਲ ਦੇ ਅਖੌਤੀ ਬਾਬੇ ਬਾਰੇ। ਜਦੋਂ ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਉਸ ਮੁੰਡੇ ਨੂੰ ਕੁੱਝ ਸਵਾਲ ਕੀਤੇ ਤਾਂ ਉਹ ਮੁੰਡਾ ਇੱਕ ਵੀ ਸਵਾਲ ਦਾ ਜਵਾਬ ਨਾ ਦੇ ਸਕਿਆ। ਉਸ ਮੁੰਡੇ ਦੀ ਮਾਂ ਨੇ ਮਾਫੀ ਮੰਗ ਕੇ ਜਾਨ ਛੁਡਾਈ। ਇਸੇ ਕਰਕੇ ਮੈਂ ਤੁਹਾਨੂੰ ਵੀ ਕਹਿ ਰਿਹਾਂ ਇਹਨਾਂ ਪਾਖੰਡੀਆਂ ਤੋਂ ਬਚੋ।

ਕਰਮੀ : ਨਾ ਪੁੱਤ, ਨੰਗਲੀ ਦੀ ਗੱਲ ਰਹੀ ਨੰਗਲੀ ਨਾਲ ਪਰ ਜਿਹੜੇ ਬਾਬਾ ਜੀ ਆਪਣੇ ਪਿੰਡ ਆਏ ਨੇ ਉਹਨਾਂ ਨੂੰ ਮੰਦਾ ਨਾ ਬੋਲੀਂ।

ਅਮਲੀ : ਉਹਨੂੰ ਕੋਈ ਚੰਗਾ ਕਿਵੇਂ ਬੋਲੇਗਾ? ਉਹ ਸਾਧ ਤਾਂ ਆ ਗਿਐ ਆਹ ਜਨਾਨੀ ਨੂੰ ਮੇਰੀਆਂ ਪੁੜੀਆਂ ਛੁਡਾਉਣ ਦੀ ਪੈ ਗਈ। ਮਾਰ ਲਿਐ ਇਸ ਭੈੜੀ ਜ਼ਨਾਨੀ ਨੇ ਤੇ ਵਹਿਮੀ ਫੁੰਮਣ ਨੇ। ਮੇਰੀਆਂ ਪੁੜੀਆਂ ਸੁਟਾ ਕੇ ਫੁੰਮਣੀਆਂ ਪਵਾ ਦਿੱਤੀਆਂ ਨੇ। ਦੀਪਿਆ, ਅੱਗੇ ਪੁੜੀ ਸੁੱਟ ਲੈਂਦਾ ਸੀ ਤਾਂ ਪਿੰਡ ਦਾ ਚੱਕਰ ਲਾ ਆਉਂਦਾ ਸੀ ਤੇ ਰਾਤ ਨੀਂਦ ਵੀ ਚੰਗੀ ਆ ਜਾਂਦੀ ਸੀ। ਹੁਣ ਤਾਂ ਲੱਗਦੈ ਤਾਰੇ ਗਿਣ-ਗਿਣ ਰਾਤਾਂ ਕੱਢਣੀਆਂ ਪੈਣਗੀਆਂ। ਦੀਪਿਆ, ਤੂੰ ਮੈਨੂੰ ਸ਼ਹਿਰ ਵਾਲੇ ਡਾਕਟਰ ਕੋਲ ਲੈ ਜਾ, ਨਹੀਂ ਤਾਂ ਮੈਂ ਗੱਡੀ ਚੜ੍ਹ ਜਾਣੈਂ। ਰੱਬ ਤੇਰਾ ਭਲਾ ਕਰੇ।

ਦੀਪਾ . ਘਬਰਾ ਨਾ ਚਾਚਾ, ਮੈਂ ਕੱਲ ਈ ਤੈਨੂੰ ਲੈ ਕੇ ਚੱਲਦਾਂ।
(ਅਮਲੀ ਦੀ 'ਹਾਏ, ਹਾਏ' ਦੀ ਆਵਾਜ਼ ਸੁਣਨ ਨੂੰ ਮਿਲਦੀ ਹੈ।)
(ਫੁੰਮਣ ਬੜੀ ਘਬਰਾਹਟ ਵਿਚ ਆਉਂਦਾ ਹੈ ਅਤੇ ਉਸਦੇ ਪਿੱਛੇ ਪਿੱਛੇ ਭਗਤਾ ਵੀ ਆਉਂਦਾ ਹੈ। ਦੋਵੇਂ ਸਾਹੋ ਸਾਹੀ ਹੋਏ ਹਨ।)

ਫੁੰਮਣ : ਤੁਸੀਂ ਸਾਰੇ ਐਥੇ ਬੈਠੇ ਓ? ਉਧਰ ਗਜਬ ਹੋ ਗਿਐ। ਬੜੀ ਮਾੜੀ ਗੱਲ ਹੋਈ ਏ, ਅਸੀਂ ਪਿੰਡ ਵਾਲੇ ਤਾਂ ਦਿਨ ਦੀਵੀਂ ਲੁੱਟੇ ਗਏ।

ਕਰਮੀ : ਕੀ ਹੋਇਆ ਵੀਰਿਆ, ਬੜਾ ਘਬਰਾਇਆ ਪਿਆ ਏਂ?

ਫੁੰਮਣ : (ਰੋਣਹਾਕਾ ਹੋ ਕੇ) ਸਾਰੇ ਪਿੰਡ ਦੀ ਨੱਕ ਵੱਢੀ ਗਈ।

ਭਗਤਾ : ਸਾਡੇ ਤਾਂ ਪੱਲੇ ਕੱਖ ਨਹੀਂ ਰਿਹਾ।

ਕਰਮੀ : ਕੁਝ ਦੱਸੋ ਵੀ ਕਿਹੜਾ ਭਾਣਾ ਵਰਤ ਗਿਐ?

ਫੁੰਮਣ : ਉਹ ਸਾਧ ਜਿਹਨੂੰ ਅਸੀਂ ਬਾਬਾ ਜੀ, ਬਾਬਾ ਜੀ ਕਹਿੰਦੇ ਸੀ ..........

ਭਗਤਾ : ਤੇ ਜਿਹਦੀਆਂ ਲੱਤਾਂ ਘੁੱਟ-ਘੁੱਟ ਸਾਡੀਆਂ ਬਾਹਵਾਂ 'ਚ ਖੱਲੀਆਂ ਪੈ ਗਈਆਂ।

ਅਮਲੀ : ਕੀ ਹੋਇਐ ਉਸ ਪਤੰਦਰ ਨੂੰ?

ਫੁੰਮਣ : ਉਹ ਸਾਧ ਪਿੰਡ ਦੇ ਚੜ੍ਹਦੇ ਪਾਸੇ ਦੀ ਇੱਕ ਕੁੜੀ ਕੱਢ ਕੇ ਫਰਾਰ ਹੋ ਗਿਐ।

ਦੀਪਾ : ਵੇਖ ਲਉ ਚਾੜ੍ਹ ਦਿੱਤਾ ਨਾ ਚੰਨ। ਕੁਝ ਲੋਅ ਹੋਈ ਕਿ ਨਹੀਂ ਤੁਹਾਨੂੰ। ਇਹੋ ਕੰਮ ਕਰਦੇ ਨੇ ਆਹ ਪਾਖੰਡੀ ਲੋਕ। ਤੁਹਾਡਾ ਈ ਖਾਂਦੇ ਰਹੇ ਤੇ ਤੁਹਾਡੇ ਸਿਰ 'ਚ ਈ ਮਿੱਟੀ ਪਾ ਗਏ।

ਕਰਮੀ : (ਹੈਰਾਨ ਅਤੇ ਪ੍ਰੇਸ਼ਾਨੀ ਵਾਲੀ ਹਾਲਤ ਵਿਚ) ਹਾਏ ਰੱਬਾ! ਇਹ ਕੀ ਹੋ ਗਿਐ? ਇਵੇਂ ਤਾਂ ਮੈਂ ਸੁਫਨੇ 'ਚ ਵੀ ਨਹੀਂ ਸੀ ਸੋਚਿਆ।

ਅਮਲੀ : (ਵਿਅੰਗ ਨਾਲ) ਨਾਂ ਅੱਗੇ ਤੂੰ ਸੁਫਨੇ ਈ ਲੈਂਦੀ ਰਹੀ ਏਂ। ਫੁੰਮਣ ਸਿੰਘ ਤੇ ਭਗਤਾ ਸਿੰਘ ਬਾਬੇ ਦੇ ਪੱਕੇ ਚੇਲੇ ਸੀ। ਬਾਬਾ ਪਤਾ ਨਹੀਂ ਇਹਨਾਂ ਦੋਵਾਂ ਨੂੰ ਨਾਲ ਕਿਉਂ ਨਹੀਂ ਲੈ ਗਿਆ। ਸ਼ਾਇਦ ਪਿੱਛੇ ਪ੍ਰਚਾਰ ਵਾਸਤੇ ਛੱਡ ਗਿਐ।

ਫੁੰਮਣ : ਸਾਨੂੰ ਏਦਾਂ ਟਾਂਚ ਤਾਂ ਨਾ ਕਰ, ਅਸੀਂ ਅੱਗੇ ਡਾਹਢੇ ਪ੍ਰੇਸ਼ਾਨ ਆਂ।

ਅਮਲੀ : ਤੁਹਾਡੀ ਲੱਥੀ ਏ ਕਿ ਨਹੀਂ ਕਲਯੁੱਗ ਦੀ ਮੈਲ? ਜੇ ਪੂਰੀ ਨਹੀਂ ਲੱਥੀ ਤਾਂ ਇੱਕ ਸਾਧ ਹੋਰ ਲੈ ਆਓ। ਅਕਲ ਦੇ ਵੈਰੀ, ਆਪਣੀ ਮੈਲ ਤਾਂ ਲੁਹਾ ਈ ਬੈਠੇ ਨੇ ਤੇ ਨਾਲ ਲੱਗਦੇ ਮੇਰੀ ਮੈਲ ਵੀ ਲਾਹ ਸੁੱਟਣ ਲੱਗੇ ਸੀ।

ਭਗਤਾ : ਅਮਲੀਆ ਬੱਸ ਵੀ ਕਰ, ਤੇਰੇ ਅੱਗੇ ਹੱਥ ਜੋੜਦਾਂ। ਮੈਨੂੰ ਤਾਂ ਅੱਜ ਚਾਨਣ ਹੋਇਐ।

ਦੀਪਾ : ਹੁਣ ਯੁੱਗ ਬਦਲ ਗਿਆ ਏ। ਹੁਣ ਲੋੜ ਹੈ ਵਿਦਿਆ ਦੇ ਚਾਨਣ ਦੀ, ਤਾਂ ਹੀ ਇਹਨਾਂ ਪਾਖੰਡੀ ਲੋਕਾਂ ਦਾ ਬੋਰੀ ਬਿਸਤਰਾ ਗੋਲ ਹੋਵੇਗਾ। ਚਾਚਾ, ਤੂੰ ਸਾਡੇ ਨਾਲ ਖੜ੍ਹਾ ਰਿਹੈਂ, ਮੈਨੂੰ ਤੇਰੇ ਤੇ ਮਾਣ ਏ। ਤੇਰੇ ਨਸ਼ੇ ਛੁਡਾਉਣ ਲਈ ਮੈਂ ਤੈਨੂੰ ਕੱਲ੍ਹ ਸਵੇਰੇ ਈ ਸ਼ਹਿਰ ਦੇ ਇੱਕ ਚੰਗੇ ਜਿਹੇ ਡਾਕਟਰ ਕੋਲ ਲੈ ਕੇ ਜਾਵਾਂਗਾ। ਤੇਰੇ ਜਿਹੇ ਬੰਦਿਆਂ ਦੀ ਤਾਂ ਸਾਨੂੰ ਬੜੀ ਲੋੜ ਏ।

ਕਰਮੀ : (ਹੈਰਾਨ ਹੋ ਕੇ) ਹਾਏ ਰੱਬਾ, ਮੈਂ ਇਹ ਸਭ ਕੀ ਵੇਖਦੀ ਪਈ ਆਂ।

(ਸਾਰੇ ਫਰੀਜ ਹੋ ਜਾਂਦੇ ਨੇ ਅਤੇ ਮੰਚ ਪਿੱਛੋਂ ਗੀਤ ਦੇ ਬੋਲ ਸੁਣਾਈ ਦਿੰਦੇ ਹਨ।)

ਪਾਜ ਖੋਲ ਪਾਖੰਡੀਆਂ ਦਾ, ਸੱਥ ਨੂੰ ਮੁਕਤ ਕਰਾਉਣਾ ਹੈ
ਵਹਿਮ ਭਰਮ ਦੀ ਫੱਟੀ ਪੋਚ, ਚਾਨਣ ਦਾ ਮੀਂਹ ਵਰਸਾਉਣਾ ਹੈ
ਰੂੜੀਵਾਦ ਦੀ ਜੜ੍ਹ ਵੱਢ ਕੇ, ਨਵਾਂ ਸਮਾਜ ਬਣਾਉਣਾ ਹੈ
ਮਾਰ ਕੇ ਛਿੱਟਾ ਵਿੱਦਿਆ ਦਾ, ਅਸਾਂ ਸਭ ਨੂੰ ਆਣ ਜਗਾਉਣਾ ਹੈ।

(ਪਰਦਾ)



# ਤਾਣਾ ਬਾਣਾ

| | | |
|---|---|---|
| ਮਾਸਟਰ ਜੀ | : | ਉਮਰ 57 ਸਾਲ |
| ਮੰਗਲਾਂ | : | ਮਾਸਟਰ ਜੀ ਦੀ ਪਤਨੀ 55 ਸਾਲ |
| ਗਿਆਨ ਸਿੰਘ | : | ਮਾਸਟਰ ਜੀ ਦਾ ਗੁਆਂਢੀ : 50 ਸਾਲ |
| ਅਮਰਨਾਥ | : | ਇੱਕ ਸੇਠ : 65 ਸਾਲ |
| ਬਹਾਦਰ ਸਿੰਘ | : | ਬਿਜਲੀ ਵਾਲਾ ਉਮਰ 40 ਸਾਲ |
| ਸੁਖਬੀਰ | : | ਮਾਸਟਰ ਜੀ ਦਾ ਪੁੱਤਰ, 27 ਸਾਲ |
| ਬੀਮਾ ਏਜੰਟ | : | 30 ਸਾਲ |

# ਤਾਣਾ ਬਾਣਾ

ਜਦ ਪਰਦਾ ਉੱਠਦਾ ਹੈ ਤਾਂ ਮੰਚ ਤੇ ਇੱਕ ਮੰਜਾ ਪਿਆ ਹੈ। ਉਸ ਦੇ ਨਾਲ ਦੋ ਕੁਰਸੀਆਂ ਵੀ ਰੱਖੀਆਂ ਹੋਈਆਂ ਹਨ ਤੇ ਉਹਨਾਂ ਅੱਗੇ ਇੱਕ ਛੋਟਾ ਜਿਹਾ ਮੇਜ ਵੀ ਹੈ। ਮਾਸਟਰ ਰਤਨ ਸਿੰਘ ਕੁਰਸੀ ਤੇ ਬੈਠਾ ਇੱਕ ਕਾਪੀ ਤੇ ਕੁਝ ਲਿਖ ਰਿਹਾ ਹੈ। ਉਸਦੇ ਚਿਹਰੇ ਉਪਰ ਥਕਾਵਟ ਦੇ ਚਿੰਨ ਨਜ਼ਰ ਆ ਰਹੇ ਹਨ। ਉਹ ਰੁਮਾਲ ਨਾਲ ਆਪਣੀ ਐਨਕ ਸਾਫ਼ ਕਰਦਾ ਹੈ ਅਤੇ ਲਗਾ ਲੈਂਦਾ ਹੈ। ਕੋਲ ਹੀ ਮੰਜੇ ਤੇ ਬੈਠੀ ਉਸਦੀ ਪਤਨੀ ਸਵੈਟਰ ਬੁਣ ਰਹੀ ਹੈ।

ਮੰਗਲਾਂ : (ਮਾਸਟਰ ਜੀ ਨੂੰ) ਹਰ ਵੇਲੇ ਕਿਹੜੀਆਂ ਸੋਚਾਂ 'ਚ ਪਏ ਰਹਿੰਦੇ ਹੋ? ਲੋਕ ਘਰਾਂ 'ਚ ਬੈਠੇ ਸੌ ਸੁੱਖ ਦੀਆਂ, ਸੌ ਦੁੱਖ ਦੀਆਂ ਗੱਲਾਂ ਕਰਦੇ ਨੇ, ਹਾਸੇ ਹੱਸਦੇ ਨੇ। ਇੱਕ ਤੁਸੀਂ ਹੋ ਗੁੰਮ-ਸੁੰਮ ਜਿਹੇ ਹੋ ਕੇ ਬੈਠੇ ਰਹਿੰਦੇ ਹੋ। ਮੈਂ ਪੁੱਛਦੀ ਆਂ ਏਹਨਾਂ ਕਾਗਜ਼ਾਂ ਨਾਲ ਮੱਥਾ ਮਾਰਿਆਂ ਮਿਲਦਾ ਕੀ ਏ?

ਮਾਸਟਰ : ਕਾਗਜ਼ਾਂ ਨਾਲ ਮੱਥਾ ਨਾ ਮਾਰਾਂ ਤਾਂ ਹੋਰ ਕਿਹੜੇ ਗੰਢੇ ਗੋਡਾਂ? ਹੋਰ ਕੰਮ ਵੀ ਕਿਹੜਾ ਏ ਆਪਾਂ ਨੂੰ ਕਰਨ ਵਾਲਾ?

ਮੰਗਲਾਂ : ਨਾ ਹੋਰ ਕੋਈ ਕੰਮ ਨਹੀਂ ਰਹਿ ਗਿਆ ਕਰਨ ਵਾਲਾ। ਕਦੇ ਅਖਬਾਰ ਪੜ੍ਹ ਛੱਡੀ ਤੇ ਕਦੇ ਡਾਇਰੀ ਫੋਲ ਛੱਡੀ।

ਮਾਸਟਰ : ਅਖਬਾਰ ਪੜ੍ਹਨ ਬਿਨਾਂ ਰੋਟੀ ਖਾਣ ਨੂੰ ਵੀ ਚਿੱਤ ਨਹੀਂ ਕਰਦਾ। ਅਖਬਾਰ ਪੜ੍ਹਨ ਤੇ ਇੱਕ ਤਾਂ ਟਾਈਮ ਚੰਗਾ ਪਾਸ ਹੋ ਜਾਂਦੈ ਤੇ ਨਾਲੇ ਮਨ ਵੀ ਲੱਗਾ ਰਹਿੰਦੈ। ਬਾਕੀ ਗੱਲ ਡਾਇਰੀ ਦੀ, ਮੈਂ ਗਿਣਤੀ-ਮਿਣਤੀ ਕਰ ਰਿਹਾ ਸੀ ਕਿ ਆਪਣਾ ਡੀ. ਏ. ਦਾ ਬਕਾਇਆ ਕਿੰਨਾ ਬਣੇਗਾ।

ਮੰਗਲਾਂ : ਕਿੰਨਾ ਬਣਿਐ ਬਕਾਇਆ?

ਮਾਸਟਰ : ਸੱਤ ਸੌ ਰੁਪਏ ਤੋਂ ਥੋੜਾ ਉਪਰ ਬਣਿਐ। ਉਮੀਦ ਏ ਇਹਦੇ ਵਿਚ ਪੱਖਾ ਠੀਕ ਹੋ ਜਾਏਗਾ ਤੇ ਸਾਇਕਲ ਨੂੰ ਟਾਇਰ ਟਿਊਬ ਪੈ ਜਾਣਗੇ। ਹੋ ਸਕਦੈ ਘਰ ਦਾ ਇੱਕ ਅੱਧਾ ਹੋਰ ਵੀ ਛੋਟਾ-ਮੋਟਾ ਕੰਮ ਹੋ ਜਾਵੇ।

ਮੰਗਲਾਂ : ਤੇ ਫਰਿੱਜ਼ ਕਦੋਂ ਠੀਕ ਕਰਾਉਣੀ ਏ? ਤਿੰਨ ਮਹੀਨੇ ਇਵੇਂ ਈ ਲੰਘ ਗਏ। ਅੱਜ ਠੀਕ ਕਰਾਉਂਦੇ ਆਂ ਕੱਲ੍ਹ ਠੀਕ ਕਰਾਉਂਦੇ ਆਂ।

ਮਾਸਟਰ : ਕੋਈ ਗੱਲ ਨਹੀਂ ਉਹ ਵੀ ਠੀਕ ਕਰਵਾ ਲਵਾਂਗੇ ਜਰਾ ਹੱਥ ਸੌਖਾ ਹੋ ਲੈਣ ਦੇ।

ਮੰਗਲਾਂ : ਸਾਡਾ ਹੱਥ ਨਾ ਕਦੇ ਸੌਖਾ ਹੋਇਆ। ਉਸ ਚੀਜ਼ ਦਾ ਫਾਇਦਾ ਹੀ ਕੀ ਜਿਹੜੀ ਖਰਾਬ ਪਈ-ਪਈ ਕੰਡਮ ਹੋ ਜਾਏ।

ਮਾਸਟਰ : ਮੈਂ ਤੈਨੂੰ ਪਹਿਲਾਂ ਵੀ ਸਮਝਾਇਆ ਸੀ ਕਿ ਫਰਿੱਜ ਨਾ ਲਈਏ। ਇਸ ਤੋਂ ਬਿਨਾਂ ਵੀ ਟਾਈਮ ਲੰਘ ਈ ਰਿਹਾ ਏ। ਪਰ ਤੂੰ ਐਸੀ ਤੋਤਾ ਰੱਟ ਲਾਈ ਜੇ ਫਰਿੱਜ ਘਰ ਨਾ ਲਿਆਂਦੀ ਤਾਂ ਮੈਂ ਰੋਟੀ ਨਹੀਂ ਖਾਣੀ। ਮਸਾਂ-ਮਸਾਂ ਦਸ ਹਜ਼ਾਰ ਰੁਪਏ ਗਰੇਡ ਰਵੀਜ਼ਨ ਦਾ ਬਕਾਇਆ ਮਿਲਿਆ ਸੀ। ਉਹ ਭੰਗ ਦੇ ਭਾੜੇ ਉੱਡ ਗਿਆ। ਸੋਚਿਆ ਸੀ ਕੁਝ ਮਾਇਆ ਸਾਡੇ ਹੱਥਾਂ ਵਿਚ ਵੀ ਖੇਡੇਗੀ ਪਰ ਸਭ ਕੁਝ ....... (ਗੁੱਸੇ ਵਿਚ ਆਪਣੀ ਗੱਲ ਪੂਰੀ ਨਹੀਂ ਕਰ ਸਕਦਾ।)

ਮੰਗਲਾਂ : ਮੈਂ ਤੁਹਾਡੇ ਦਸ ਹਜ਼ਾਰ ਬਕਾਏ 'ਚੋਂ ਕਿਹੜੀਆਂ ਖਜੂਰਾਂ ਖਾਧੀਆਂ ਸੀ, ਘਰ ਦੀ ਚੀਜ਼ ਈ ਬਣਾਈ ਸੀ।

ਮਾਸਟਰ : ਖਜੂਰਾਂ ਖਾਂਦੀ ਭਾਵੇਂ ਚੀਕੂ ਪਰ ਫਰਿੱਜ ਵਾਲੀ ਬਿਮਾਰੀ ਘਰ ਨਾ ਆਉਂਦੀ ਤਾਂ ਚੰਗਾ ਸੀ।

ਮੰਗਲਾਂ : ਆਹੋ ਇਹ ਬਿਮਾਰੀ ਦਿਸਦੀ ਤੁਹਾਨੂੰ। ਜੇ ਠੀਕ ਨਹੀਂ ਕਰਵਾਈ ਗਈ ਤਾਂ ਇਹਨੂੰ ਬਿਮਾਰੀ ਕਹਿ ਤਾ। ਜਦ ਠੰਡਾ ਪਾਣੀ ਪੀਂਦੇ ਬਸ ਨਹੀਂ ਸੀ ਕਰਦੇ ਉਦੋਂ ਤਾਂ ਨਾ ਇਹਨੂੰ ਬਿਮਾਰੀ ਕਿਹਾ ਕਦੇ।

ਮਾਸਟਰ : ਬਿਮਾਰੀ ਨਾ ਆਖਾਂ ਤਾਂ ਹੋਰ ਇਹਦੀਆਂ ਸਿਫਤਾਂ ਦੇ ਪੁੱਲ ਬੰਨਾਂ। ਠੰਡਾ ਪਾਣੀ, ਠੰਡਾ ਪਾਣੀ, ਇੰਝ ਸੁਣਾਉਂਦੀ ਏ ਜਿਵੇਂ ਅੱਗੇ ਅਸੀਂ ਗਰਮੀਆਂ 'ਚ ਠੰਡਾ ਪਾਣੀ ਨਹੀਂ ਸੀ ਪੀਂਦੇ। ਆਹ ਵਰਾਂਡੇ 'ਚ ਕੋਰਾ ਘੜਾ ਰੱਖਿਆ ਹੁੰਦਾ ਸੀ। ਆਰਾਮ ਨਾਲ ਠੰਡਾ ਪਾਣੀ ਪੀ ਲਈਦਾ ਸੀ। ਨਾ ਕੋਈ ਰਿਪੇਅਰ ਦਾ ਖਰਚਾ, ਨਾ ਕੋਈ ਬਿਜਲੀ ਦਾ ਖਰਚਾ। ਪਹਿਲੀ ਗੱਲ ਤਾਂ ਇਹ ਵੇ ਕਿ ਕਿੰਨਾ ਥਾਂ ਫਰਿੱਜ ਨੇ ਮੱਲ ਛੱਡਿਆ ਏ। ਦੂਜਾ ਬਿਜਲੀ ਦੇ ਮੀਟਰ ਦੇ ਵੀ ਚੰਗੇ ਗੇੜੇ ਕਢਾਉਂਦੀ ਏ। ਇਕੱਲੀ ਦੋ ਯੂਨਿਟ ਬਿਜਲੀ ਖਾ ਛੱਡਦੀ ਏ। ਬਿਜਲੀ ਦਾ ਬਿੱਲ ਦੂਣਾ ਆਉਣ ਲੱਗ ਪਿਐ।

ਮੰਗਲਾਂ : ਇਹਦੇ 'ਚ ਵੀ ਤੁਹਾਡਾ ਈ ਕਸੂਰ ਏ। ਬਿਜਲੀ ਦਾ ਬਿੱਲ ਵੱਧ ਨਾ ਆਉਣ ਦਿਓ। ਸਾਰੇ ਲੋਕ ਡਰੈਕਟ ਤਾਰਾਂ ਲਾਉਂਦੇ ਨੇ। ਸਾਡੇ ਤੋਂ ਅੱਧਾ ਬਿੱਲ ਨਹੀਂ ਆਉਂਦਾ ਉਹਨਾਂ ਦਾ। ਇਕ ਤੁਸੀਂ ਧਰਮ ਪੁੱਤਰ ਰਹਿ ਗਏ ਕਿ ਬਿਜਲੀ ਚੋਰੀ ਨਹੀਂ ਕਰਨੀ।

ਮਾਸਟਰ : ਮੈਨੂੰ ਬੇਈਮਾਨੀ ਦਾ ਪਾਠ ਨਾ ਪੜ੍ਹਾ। ਆਪਣੀ ਅਕਲ ਆਪਣੇ ਕੋਲ ਈ ਸਾਂਭ ਕੇ ਰੱਖ।



ਮੰਗਲਾਂ : ਨਹੀਂ ਤੇ ਨਾ ਸਹੀ ਪਰ ਫਰਿੱਜ ਠੀਕ ਕਰਾ ਦਿਓ। ਬਕਾਇਆ ਮਿਲਦੈ ਤਾਂ ਮਕੈਨਿਕ ਨੂੰ ਘਰ ਲਿਆ ਕੇ ਫਰਿੱਜ ਜ਼ਰੂਰ ਵਿਖਾਓ।

ਮਾਸਟਰ : ਮਕੈਨਿਕ ਨੂੰ ਘਰ ਲਿਆਉਣਾ ਕੋਈ ਸੌਖਾ ਕੰਮ ਨਹੀਂ। ਮਕੈਨਿਕ ਬੜੇ ਸ਼ਰੀਫ ਆਦਮੀ ਨੇ। ਦੋ-ਚਾਰ ਵਾਰ ਇੱਧਰ-ਉੱਧਰ ਪੇਚਕਸ ਈ ਘੁੰਮਾਉਂਦੇ ਨੇ। ਨੁਕਸ ਭਾਵੇਂ ਮਾਮੂਲੀ ਹੋਵੇ ਉਹਨਾਂ ਹੌਲੀ ਜਿਹੀ ਕਹਿ ਦੇਣੈਂ ਪੰਜ ਸੌ ਰੁਪਏ।

ਮੰਗਲਾਂ : ਤੁਸੀਂ ਹਰ ਵੇਲੇ ਮਕੈਨਿਕਾਂ ਤੇ ਈ ਗੁੱਸਾ ਕੱਢਣ ਲੱਗ ਪੈਂਦੇ ਓ। ਮਾਸਟਰ ਸ਼ਰਮੇ ਹੋਰੀਂ ਜਦ ਕੋਈ ਚੀਜ਼ ਖਰਾਬ ਹੋਏ ਉਸੇ ਵੇਲੇ ਮਕੈਨਿਕ ਤੋਂ ਠੀਕ ਕਰਵਾ ਲੈਂਦੇ ਨੇ, ਕੱਲ ਉਹ ਘਰੇ ਕੂਲਰ ਵੀ ਲੈ ਆਏ ਨੇ। ਵੇਖ ਲਓ ਉਹਨਾਂ ਨੂੰ ਖਰਚੇ ਦੀ ਕੋਈ ਪਰਵਾਹ ਨਹੀਂ।

ਮਾਸਟਰ : ਉਹਨੂੰ ਕੀ ਪਰਵਾਹ ਹੋਣੀ ਏ ਉਹਦੀ ਮੁੱਠੀ ਰੋਜ਼ ਗਰਮ ਹੋ ਜਾਂਦੀ ਏ।

ਮੰਗਲਾਂ : ਤੁਹਾਡੀ ਮੁੱਠੀ ਨਾ ਕਦੇ ਗਰਮ ਹੋਈ। ਜਦੋਂ ਦੀ ਇਸ ਘਰ 'ਚ ਆਈ ਆਂ ਬਸ ਸਰਫਾ ਕਰਕੇ ਈ ਡੰਗ ਲੰਘਾਉਣਾ ਪਿਐ। ਗੁਆਂਢੀ ਠਾਠ ਨਾਲ ਰਹਿੰਦੇ ਨੇ। ਚੰਗਾ ਖਾਂਦੇ ਨੇ, ਚੰਗਾ ਪਾਉਂਦੇ ਨੇ।

ਮਾਸਟਰ : ਅਸੀਂ ਮੱਧ ਵਰਗ ਦੇ ਲੋਕ ਇਸੇ ਗੱਲੋਂ ਮਾਰ ਖਾਂਦੇ ਆਂ। ਉਪਰਲੇ ਵਰਗ ਨਾਲ ਪੈਰ ਨਾਲ ਪੈਰ ਮਿਲਾ ਕੇ ਚਲਣਾ ਚਾਹੁੰਦੇ ਆਂ ਤਾਂ ਹੋਰ ਵੀ ਪਛੜ ਜਾਂਦੇ ਆਂ। ਤੂੰ ਗੁਆਂਢੀਆਂ ਦੀ ਰੀਸ ਨਾ ਕਰਿਆ ਕਰ।

ਮੰਗਲਾਂ : ਗੁਆਂਢੀਆਂ ਦੀ ਰੀਸ ਨਾ ਕਰਾਂ ਤਾਂ ਹੋਰ ਕਿਹਦੀ ਕਰਾਂ? ਹਰ ਵੇਲੇ ਭਾਸ਼ਣ ਝਾੜਦੇ ਹੋ ਆਪਣੇ ਖਰਚੇ ਤੇ ਬਰੇਕ ਲਾਓ। ਆਪਣੀ ਅਖਬਾਰ ਨਹੀਂ ਬੰਦ ਕਰਾਉਣ ਹੁੰਦੀ। ਮਹੀਨੇ ਬਾਅਦ ਭਾਈ ਆ ਕੇ ਬਿੱਲ ਲੈ ਜਾਂਦੈ। ਅਖਬਾਰ ਦਿੰਦੀ ਕੀ ਏ?

ਮਾਸਟਰ : (ਖਿੱਝ ਕੇ) ਤੂੰ ਸਾਰਾ ਗੁੱਸਾ ਅਖਬਾਰ ਤੇ ਕੱਢ ਛੱਡਿਆ ਕਰ। ਨਾ ਅਖਬਾਰ ਤੈਨੂੰ ਭਲਾ ਚੂੰਢੀਆਂ ਮਾਰਦੀ ਏ? ਅਖਬਾਰ ਗਿਆਨ ਦਿੰਦੀ ਏ, ਨੌਕਰੀਆਂ ਨਾਲ ਸਬੰਧਤ ਵਿਗਿਆਪਨ ਆਉਂਦੇ ਨੇ। ਅਖਬਾਰ ਦੇ ਤਾਂ ਸੌ ਫਾਇਦੇ।

ਮੰਗਲਾਂ : (ਵਿਅੰਗ ਨਾਲ) ਆਹੋ ਬੜੇ ਫਾਇਦੇ ਨੇ ਪਰ ਨਾਲ ਸਾਡੇ ਖਰਚਿਆਂ ਤੇ ਛੁਰੀ ਚੱਲ ਪੈਂਦੀ ਏ।

ਮਾਸਟਰ : ਤੂੰ ਮੈਨੂੰ ਮਿਹਣਾ ਨਹੀਂ ਮਾਰ ਸਕਦੀ। ਮੈਂ ਕਦੇ ਸੂਟ ਨਾ ਲਵਾਂ ਪਰ ਤੈਨੂੰ ਸੂਟਾਂ ਦੀ ਕਮੀ ਨਹੀਂ ਆਉਣ ਦਿੱਤੀ ਕਦੇ। ਜਦ ਵੀ ਨਵਾਂ ਫੈਸ਼ਨ ਚੱਲਦਾ ਰਿਹੈ ਤੂੰ ਉਸੇ ਤਰ੍ਹਾਂ ਦੇ ਕੱਪੜੇ ਪਾਏ। ਮੈਂ ਤੇਰੀ ਹਰ ਰੀਝ ਪੂਰੀ ਕੀਤੀ ਤੇ ਆਪਣੇ ਵਾਲ ਚਿੱਟੇ ਕਰਵਾ ਲਏ। ਹੁਣ ਤੂੰ ਬੁੱਢੇ ਵਾਰੇ ਕਿਹੜਾ ਘੱਟ ਕਰਦੀ ਏਂ, ਕਦੇ ਆਈ ਬਰੋ

ਕਰਵਾਉਣ ਚਲੀ ਜਾਂਦੀ ਏ, ਵੰਨ ਸਵੰਨੀਆਂ ਕਰੀਮਾਂ ਲੈ ਆਉਂਦੀ ਏ ਤੇ ਕਦੇ ਮੂੰਹ ਬਲੀਚ ਕਰਨ ਬਹਿ ਜਾਂਦੀ ਏਂ।

ਮੰਗਲਾਂ : ਤੁਸੀਂ ਮੇਰੀ ਕੋਈ ਰੀਝ ਪੂਰੀ ਨਹੀਂ ਕੀਤੀ। ਇਹ ਤਾਂ ਮੈਂ ਧੱਕੇ ਨਾਲ ਚੀਜ਼ਾਂ ਖਰੀਦਦੀ ਆਂ। ਪਰਸੋ ਸ਼ੋਅ ਕੇਸ ਵਾਸਤੇ ਦੋ ਖਿਡੌਣੇ ਤਾਂ ਲੈ ਆਈ ਮੇਰੇ ਗਲ ਪੈ ਗਏ। ਇਹ ਨਾ ਸੋਚਿਆ ਇਹਨਾਂ ਚੀਜ਼ਾਂ ਨਾਲ ਘਰ ਦਾ ਈ ਟੌਹਰ ਬਣਿਐ। ਜੇ ਮੈਂ ਕਿਤੇ ਭਾਂਡਾ ਖਰੀਦ ਲਿਆਈ ਤਾਂ ਫਿਰ ਇਹੋ ਨੋਕ-ਝੋਕ। ਜੇ ਹੁਣ ਰਸੋਈ ਭਾਂਡਿਆਂ ਨਾਲ ਭਰੀ ਏ ਤਾਂ ਸੋਹਣੀ ਵੀ ਤਾਂ ਲੱਗਦੀ ਏ।

ਮਾਸਟਰ : ਨਾ ਵਾਧੂ ਭਾਂਡੇ ਸਿਰ 'ਚ ਮਾਰਨੇ ਨੇ? ਭਾਂਡੇ ਇੰਨੇ ਕੁ ਹੋਣ ਜਿਹੜੇ ਵਰਤੋਂ 'ਚ ਆ ਜਾਣ। ਵਾਧੂ ਭਾਂਡਿਆਂ ਦੀ ਬਿਨਾਂ ਵਜ੍ਹਾ ਨੁਮਾਇਸ਼ ਲਾ ਰੱਖੀ ਏ। ਮਹੀਨੇ ਦੋ ਮਹੀਨੇ ਬਾਅਦ ਸਲਫ ਤੋਂ ਲਾਹ ਕੇ ਕਿਸੇ ਤੋਂ ਸਫਾਈ ਕਰਾਉਣੀ ਪੈਂਦੀ ਏ।

ਮੰਗਲਾਂ : ਭਾਂਡੇ ਖਰੀਦ ਈ ਬੈਠੇ ਆਂ ਤਾਂ ਹੁਣ ਗਲੀ 'ਚ ਸੁੱਟ ਦੇਈਏ। ਸਫਾਈ ਬਾਝੋਂ ਤਾਂ ਨਹੀਂ ਰਹਿਣ ਦੇਣੇ।

ਮਾਸਟਰ : ਕਰੀ ਜਾ, ਕਰੀ ਜਾ ਸਫਾਈ। ਇਵੇਂ ਦੀਆਂ ਸਫਾਈਆਂ ਨੇ ਮੇਰੀ ਜੇਬ ਦੀ ਵੀ ਸਫਾਈ ਕਰ ਦਿੱਤੀ ਏ।

ਮੰਗਲਾਂ : ਤੁਹਾਡੀ ਜੇਬ 'ਚ ਨਾ ਰੌਣਕ ਹੋਈ। ਆਹ ਪੰਜ-ਪੰਜ ਜਮਾਤਾਂ ਪਾਸ ਨੇ ਮੁਨਿਆਰੀ ਦੀਆਂ ਦੁਕਾਨਾਂ ਵਾਲੇ। ਨੋਟਾਂ ਨਾਲ ਗੱਲੇ ਭਰੇ ਪਏ ਨੇ।

ਮਾਸਟਰ : ਤੇਰੇ ਜਿਹੀਆਂ ਮੇਹਰਬਾਨ ਔਰਤਾਂ ਜੂ ਹੈਨ ਉਹਨਾਂ ਦੇ ਗੱਲੇ ਭਰਨ ਵਾਸਤੇ। ਨਹੀਂ ਤਾਂ ਇਹਨਾਂ ਮੁਨਿਆਰੀ ਵਾਲਿਆਂ ਦਾ ਇਹ ਹਸ਼ਰ ਹੋਏ ਕਿ ਦੁਕਾਨਾਂ ਛੱਡ ਕੇ ਨਾ ਦੌੜ ਜਾਣ ਰਾਤੋ-ਰਾਤ।

ਮੰਗਲਾਂ : ਐਵੇਂ ਦੁਕਾਨਾਂ ਛੱਡ ਜਾਣ। ਅੰਨੀ ਖੱਟੀ ਏ ਉਹਨਾਂ ਨੂੰ। ਉਹਨਾਂ ਦੀ ਤਾਂ ਗੱਲ ਈ ਹੋਰ ਏ, ਰੇਹੜੀ ਲਾਉਣ ਵਾਲਿਆਂ ਦੀ ਗੱਲ ਕਰ ਲਉ। ਕੱਲ ਜਦੋਂ ਮੈਂ ਇੱਕ ਰੇਹੜੀ ਵਾਲੇ ਤੋਂ ਸੇਬ ਲੈ ਰਹੀ ਸੀ ਤਾਂ ਮੈਂ ਉਹਦੇ ਗੱਲੇ 'ਚ ਪਏ ਨੋਟ ਵੇਖ ਕੇ ਹੈਰਾਨ ਹੋ ਗਈ। ਬਾਪ ਰੇ ! ਮੈਂ ਤਾਂ ਪਹਿਲਾਂ ਰੇਹੜੀ ਲਾਉਣ ਵਾਲਿਆਂ ਨੂੰ ਗਰੀਬ ਈ ਸਮਝਦੀ ਰਹੀ।

ਮਾਸਟਰ : ਚੰਗੀ ਟਾਟੇ ਦੀ ਧੀ ਏਂ ਨਾ ਜਿਹੜੀ ਰੇਹੜੀ ਵਾਲਿਆਂ ਨੂੰ ਗਰੀਬ ਸਮਝਦੀ ਰਹੀ। ਰੇਹੜੀ ਦੁਕਾਨਦਾਰੀ ਦੀ ਪਹਿਲੀ ਮੰਜ਼ਿਲ ਏ। ਦੁਕਾਨਦਾਰ ਦੇ ਹੱਥ 'ਚ ਹੁੰਦੈ ਕਿ ਕਿਹੜੇ ਗਾਹਕ ਦੀ ਕਿੰਨੀ ਕੁ ਛੋਈ ਲਾਹੁਣੀ ਏ। ਦੂਸਰੇ ਪਾਸੇ ਅਸੀਂ ਹਾਂ ਜਿਹਨਾਂ ਦੇ ਵੱਸ 'ਚ ਨਹੀਂ ਕਿ ਆਪਣੀ ਤਨਖਾਹ 'ਚ ਇਕ ਰੁਪਈਆ ਵੀ ਵਧਾ ਸਕੀਏ।

ਮੰਗਲਾਂ : ਮੈਂ ਸੁਣਿਐ ਅਗਲੀ ਤਨਖਾਹ ਵੱਧ ਮਿਲੇਗੀ?



ਮਾਸਟਰ : ਹਾਂ ਵੱਧ ਤਾਂ ਜ਼ਰੂਰ ਮਿਲੇਗੀ ਪਰ ਫ਼ਰਕ ਕੋਈ ਨਹੀਂ ਪੈਣਾ ਸਾਨੂੰ। ਕੀਮਤਾਂ ਨੇ ਤਾਂ ਪਹਿਲਾਂ ਈ ਅਸਮਾਨ ਵੱਲ ਮੂੰਹ ਚੁੱਕਿਆ ਹੋਇਐ। ਖੰਡ ਦੋ ਰੁਪਏ ਚੜ੍ਹ ਗਈ ਏ, ਪੱਤੀ ਅੱਠ ਰੁਪਏ ਤੇ ਗੰਢੇ ਸਿੱਧੇ ਈ ਦਸ ਰੁਪਏ ਕਿਲੋ ਤੋਂ ਵੀਹ ਰੁਪਏ ਕਿਲੋ ਚੜ੍ਹ ਗਏ ਨੇ। ਆਟਾ ਵੀ ਕਿਲੋ ਪਿੱਛੇ ਦੋ ਰੁਪਏ ਮਹਿੰਗਾ ਹੋ ਗਿਐ।

ਮੰਗਲਾਂ : ਗੰਢਿਆਂ ਨੂੰ ਪਤਾ ਨਹੀਂ ਕੀ ਅੱਗ ਲੱਗ ਗਈ ਏ? ਦੁਕਾਨਾਂ ਵਾਲੇ ਕਹਿੰਦੇ ਨੇ ਗੰਢਿਆਂ ਦੀ ਕਮੀ ਆ ਗਈ ਏ।

ਮਾਸਟਰ : ਗੰਢਿਆਂ ਦੀ ਕਮੀ ਕੁਮੀ ਕੋਈ ਨਹੀਂ। ਸਾਰਾ ਪਿਆਜ ਸਰਮਾਏਦਾਰਾਂ ਨੇ ਸਟੋਰਾਂ 'ਚ ਵਾੜ ਦਿੱਤੈ ਤੇ ਮਾਰਕੀਟ 'ਚ ਕਿੱਥੋਂ ਲੱਭੇਗਾ। ਮਾਰਕੀਟ 'ਚ ਵਿਖਾ ਕੇ ਕਮੀ ਤੇ ਹੁਣ ਲਾ ਰਹੇ ਨੇ ਮਨ ਚਾਹੇ ਰੇਟ। ਇਵੇਂ ਲੁੱਟਣਗੇ ਬੁੱਲ੍ਹੇ ਤੇ ਵਧਾਉਣਗੇ ਗੋਗੜਾਂ ਦਾ ਭਾਰ। ਇਹ ਤਾਨਾ ਬਾਣਾ ਜਖੀਰੇਬਾਜਾਂ ਦੇ ਸ਼ੈਤਾਨੀ ਦਿਮਾਗ ਦੀ ਕਾਢ ਏ।

ਮੰਗਲਾਂ : ਇਹਨਾਂ ਪਾਪੀਆਂ ਨੂੰ ਪੈਣਗੇ ਕੀੜੇ ਜਿਹੜੇ ਹਰ ਦਮ ਗਰੀਬਾਂ ਦਾ ਲਹੂ ਚੂਸਦੇ ਨੇ।

ਮਾਸਟਰ : ਇਹ ਤਾਂ ਪਤਾ ਨਹੀਂ ਕੀੜੇ ਪੈਣਗੇ ਜਾਂ ਕੁਝ ਹੋਰ ਪਰ ਇਸ ਸਮੇਂ ਤਾਂ ਲੋਕਾਂ ਦੀ ਨੱਕ 'ਚ ਦਮ ਕੀਤੈ ਇਹ ਲੋਕਾਂ ਨੇ। ਮੇਰਾ ਵੱਸ ਚੱਲੇ ਤਾਂ ਇੱਕ-ਇੱਕ ਜਖੀਰੇਬਾਜ ਨੂੰ ਗੋਲੀ ਮਾਰ ਦਿਆਂ।

ਮੰਗਲਾਂ : ਚਲੋ ਛੱਡੋ ਇਹਨਾਂ ਨੂੰ। ਰੱਬ ਆਪੇ ਲਏਗਾ ਬਦਲੇ ਇਹਨਾਂ ਤੋਂ ਗਿਣ-ਗਿਣ ਕੇ। ਮੈਂ ਕਾਲੇ ਦੀ ਦੁਕਾਨ ਤੇ ਗੋਭੀ ਵੇਖੀ ਏ। ਅੱਜ ਗੋਭੀ ਲੈ ਆਓ, ਖਾਣ ਨੂੰ ਬੜਾ ਚਿੱਤ ਕਰਦੈ।

ਮਾਸਟਰ : ਖਾਣ ਨੂੰ ਬੜਾ ਚਿੱਤ ਕਰਦੈ ! ਜਦ ਰੇਟ ਸੁਣੇਂਗੀ ਤਾਂ ਚਿੱਤ ਆਪੇ ਹੱਟ ਜਾਏਗਾ ਖਾਣੋਂ। ਇਹ ਬੇਮੌਸਮੀ ਸਪਰੇਆਂ ਦੀ ਮਾਰੀ ਗੋਭੀ ਛੱਤੀ ਰੁਪਏ ਕਿਲੋ ਵਿਕ ਰਹੀ ਏ।

ਮੰਗਲਾਂ : (ਹੈਰਾਨ ਹੋ ਕੇ) ਕੀ ! ਛੱਤੀ ਰੁਪਏ? (ਫਿਰ ਗਿਣਤੀ ਮਿਣਤੀ ਕਰਦੀ ਹੋਈ) ਤੁਸੀਂ ਪਾਈਆ ਕੁ ਈ ਲੈ ਆਓ।

ਮਾਸਟਰ : ਆਪਣੇ ਚਾਰ ਜੀਆ ਦੇ ਹਿੱਸੇ ਕੀ ਆਏਗਾ, ਸੱਠ-ਸੱਠ ਗ੍ਰਾਮ, ਗੋਭੀ ਦਾ ਤਾਂ ਅਜੇ ਚਾਰ ਦਿਨ ਖਿਆਲ ਈ ਨਾ ਕਰ, ਚੁੱਪ ਕਰਕੇ ਦਾਲ ਰੱਧਦੇ। ਪੈਸੇ ਤਾਂ ਹੁਣ ਗਿਣੇ ਚੁਣੇ ਨੇ। ਜੀਤੀ ਦੀ ਜੁੱਤੀ ਵੀ ਟੁੱਟੀ ਪਈ ਏ। ਸ਼ਾਮ ਨੂੰ ਲੈ ਕੇ ਆਉਣੀ ਏ ਮੋਚੀ ਤੋਂ।

ਮੰਗਲਾਂ : ਕੋਈ ਗੱਲ ਨਹੀਂ ਜੇ ਪੈਸੇ ਘੱਟ ਨੇ ਤਾਂ ਤਨਖਾਹ ਮਿਲਣ 'ਚ ਵੀ ਸਾਰੇ ਸੱਤ ਦਿਨ ਈ ਪਏ ਨੇ।

ਮਾਸਟਰ : ਸੱਤ ਦਿਨ ਥੋੜ੍ਹੇ ਹੁੰਦੇ ਨੇ? ਇਥੇ ਤਾਂ ਇੱਕ-ਇੱਕ ਦਿਨ ਪਹਾੜ ਜਿੱਡਾ ਲੱਗਦੈ।

ਮੰਗਲਾਂ : ਹਰ ਮਹੀਨੇ ਪਹਿਲਾ ਹਫਤਾ ਈ ਚੰਗਾ ਲੰਘਦੈ। ਬਾਕੀ ਮਹੀਨਾ ਤਾਂ ਰੁੱਖੀ-ਸੁੱਖੀ ਖਾ ਕੇ ਤਰਲਿਆਂ ਨਾਲ ਈ ਦਿਨ ਕੱਢਣੇ ਪੈਂਦੇ ਨੇ।

ਮਾਸਟਰ : (ਹੌਂਸਲਾ ਦਿੰਦਾ ਹੋਇਆ) ਦਿਲ ਕਿਉਂ ਛੱਡਦੀ ਏਂ! ਬਾਬਾ ਫਰੀਦ ਕਹਿੰਦਾ ਏ ਰੁੱਖੀ-ਸੁੱਖੀ ਖਾਓ ਤੇ ਠੰਡਾ ਪਾਣੀ ਪੀਓ। ਰੱਬ ਦਾ ਸ਼ੁਕਰ ਕਰ ਕੇ ਇਵੇਂ ਦੀ ਰੋਟੀ ਤਾਂ ਮਿਲਦੀ ਜਾ ਰਹੀ ਏ ਨਾ।

ਮੰਗਲਾਂ : ਅੱਜ ਪੂਰੇ ਪੰਜ ਦਿਨ ਹੋ ਗਏ ਸੁਖਬੀਰ ਨੂੰ ਕਾਨਪੁਰ ਗਿਐਂ, ਪਤਾ ਨਹੀਂ ਕਿਹੜੇ ਹਾਲ 'ਚ ਹੋਏਗਾ? ਉਹਦੇ ਕੋਲ ਪੈਸੇ ਵੀ ਥੋੜ੍ਹੇ ਈ ਨੇ।

ਮਾਸਟਰ : ਤੂੰ ਘਬਰਾ ਨਾ ਜੋ ਹੋਏਗਾ ਠੀਕ ਈ ਹੋਏਗਾ। ਭਾਵੇਂ ਉਹਦੇ ਕੋਲ ਪੈਸੇ ਥੋੜ੍ਹੇ ਨੇ ਪਰ ਹੈ ਉਹ ਬੜਾ ਸਿਆਣਾ। ਥੋੜ੍ਹੇ ਪੈਸਿਆਂ ਵਿਚ ਵੀ ਟਾਈਮ ਪਾਸ ਕਰ ਲੈਂਦੈ।

ਮੰਗਲਾਂ : ਵਿਚਾਰਾ ਥਾਂ-ਥਾਂ ਠੋਕਰਾਂ ਖਾਂਦਾ ਫਿਰਦਾ ਏ। ਪੜ੍ਹਾਈ ਵਿਚ ਕਿੰਨਾ ਲਾਇਕ ਰਿਹੈ। ਨੰਬਰ ਵੀ ਚੰਗੇ ਆਏ ਪਰ ਹੁਣ ਕੋਈ ਪੁੱਛਦਾ ਈ ਨਹੀਂ ਉਹਦੀ ਪੜ੍ਹਾਈ ਨੂੰ। ਉਹ ਦਿਨ ਵੀ ਕਰਮਾਂ ਵਾਲਾ ਹੋਏਗਾ ਜਦ ਕਿਤੇ ਉਹਨੂੰ ਵੀ ਨੌਕਰੀ ਮਿਲੇਗੀ।

ਮਾਸਟਰ : ਨੌਕਰੀ ਮਿਲਦੀ ਕਿੱਥੇ ਅੱਜ ਕੱਲ। ਜਿੱਥੇ ਜਾਓ ਲੰਮੀਆਂ ਲੰਮੀਆਂ ਲਾਇਨਾਂ ਲੱਗੀਆਂ ਹੁੰਦੀਆਂ ਨੇ ਇੰਟਰਵਿਊ ਦੇਣ ਵਾਲਿਆਂ ਦੀਆਂ।

ਮੰਗਲਾਂ : ਐਨੀ ਦੁਨੀਆਂ ਪਤਾ ਨੀ ਕਿੱਥੋਂ ਆ ਗਈ ਖਸਮਾਂ ਨੂੰ ਖਾਣੀ।

ਮਾਸਟਰ : ਇਹ ਦੁਨੀਆਂ ਉਪਰੋਂ ਤਾਂ ਨਹੀਂ ਡਿੱਗ ਪਈ। (ਵਿਅੰਗ ਨਾਲ) ਇਥੋਂ ਦੇ ਸਮਝਦਾਰ ਲੋਕਾਂ ਦੀ ਹੀ ਕਮਾਲ ਏ। ਅਸੀਂ ਪਰਿਵਾਰ ਨਿਯੋਜਨ ਨੂੰ ਵੀ ਧਿਆਨ ਵਿਚ ਰੱਖਿਆ। ਚਾਰ ਮੈਂਬਰੀ ਪਰਿਵਾਰ ਏ, ਫਿਰ ਵੀ ਗ੍ਰਿਹਸਥ ਦੀ ਗੱਡੀ ਮਸਾਂ ਚੱਲ ਰਹੀ ਏ। ਉਹਨਾਂ ਲੋਕਾਂ ਦੇ ਘਰ ਪਤਾ ਨਹੀਂ ਕੀ ਭੰਗ ਭੁੱਜਦੀ ਹੋਵੇਗੀ ਜਿਹਨਾਂ ਦੇ ਅੱਧੀ-ਅੱਧੀ ਦਰਜਨ ਨਿਆਣੇ ਨੇ।

ਮੰਗਲਾਂ : ਉਹਨਾਂ ਦਾ ਰੱਬ ਰਾਖਾ ਜਿਹਨੇ ਪੈਦਾ ਕੀਤੇ ਉਹਨੇ ਰੋਟੀ ਤਾਂ ਦੇਣੀ ਏ।

ਮਾਸਟਰ : ਬੱਸ ਇਹੋ ਗੱਲ ਕਰਕੇ ਮਨ ਨੂੰ ਧਰਵਾਸ ਦਿੱਤਾ ਜਾ ਸਕਦੈ।
(ਘਰ ਦਾ ਦਰਵਾਜਾ ਖੜਕਦਾ ਹੈ। ਆਵਾਜ਼ ਆਉਂਦੀ ਹੈ : ਮਾਸਟਰ ਜੀ!)
ਲੰਘ ਆਓ ਗਿਆਨ ਸਿੰਘ ਜੀ!
(ਗਿਆਨ ਸਿੰਘ ਆਉਂਦਾ ਹੈ। ਮਾਸਟਰ ਜੀ ਉਹਨੂੰ ਕੁਰਸੀ ਤੇ ਬੈਠਣ ਦਾ ਇਸ਼ਾਰਾ ਕਰਦੇ ਹਨ। ਗਿਆਨ ਸਿੰਘ ਕੁਰਸੀ ਤੇ ਬੈਠ ਜਾਂਦਾ ਹੈ।)
ਹੋਰ ਸੁਣਾਓ ਗਿਆਨ ਸਿੰਘ ਜੀ, ਕਿਵੇਂ ਚੱਲ ਰਿਹੈ?

ਗਿਆਨ ਸਿੰਘ : ਠੀਕ ਈ ਚੱਲ ਰਿਹੈ ਪਰ ਗੁਆਂਢੀਆਂ ਬੜਾ ਪ੍ਰੇਸ਼ਾਨ ਕੀਤੈ। ਆਪਣਾ ਗੁਆਂਢੀ ਏ ਨਾ ਮਾਸਟਰ ਸ਼ਰਮਾ? ਉਹਦੇ ਤੋਂ ਬੜੇ ਦੁਖੀ ਆਂ। ਅਜੇ ਸਕੂਲ ਪੂਰਾ ਬੰਦ ਹੁੰਦਾ



ਨਹੀਂ ਤੇ ਨਿਆਣਿਆਂ ਦੀ ਪੂਰੀ ਜਮਾਤ ਉਹਦੇ ਘਰ ਦਗੜ-ਦਗੜ ਕਰਦੀ ਪਹੁੰਚ ਜਾਂਦੀ ਏ। ਕਿਤੇ ਵੇਖੋ ਜਾ ਕੇ, ਸਾਰਾ ਮੁਹੱਲਾ ਉਹਨਾਂ ਨੇ ਸਿਰ ਤੇ ਚੁੱਕਿਐ। ਬਾਕੀ ਰੱਬ ਤੁਹਾਡਾ ਭਲਾ ਕਰੇ, ਤੁਹਾਨੂੰ ਤਾਂ ਪਤਾ ਈ ਏ ਕਿ ਮੈਂ ਬਲੱਡ ਪ੍ਰੈਸ਼ਰ ਦਾ ਮਰੀਜ ਆਂ। ਮਨ ਬੜਾ ਕਾਹਲਾ ਪੈ ਰਿਹਾ ਸੀ ਤੇ ਮੈਂ ਇੱਧਰ ਆ ਗਿਆ।

ਮੰਗਲਾਂ : ਤੁਹਾਡਾ ਮਨ ਕਾਹਲਾ ਪੈ ਰਿਹੈ, ਮਾਸਟਰ ਸ਼ਰਮੇ ਨੂੰ ਕੀ? ਉਹ ਤਾਂ ਪੈਸਿਆਂ 'ਚ ਖੇਡ ਰਿਹੈ। ਉਹਦੀ ਤਾਂ ਚਾਂਦੀ ਬਣੀ ਪਈ ਏ। (ਮਾਸਟਰ ਵੱਲ ਇਸ਼ਾਰਾ ਕਰਕੇ) ਮੈਂ ਇਹਨੂੰ ਬੱਤੀ ਵਾਰ ਕਿਹੈ ਤੁਸੀਂ ਵੀ ਘਰ ਚਾਰ ਨਿਆਣੇ ਪੜ੍ਹਾ ਲਿਆ ਕਰੋ। ਅਸੀਂ ਵੀ ਚਾਰ ਪੈਸੇ ਵੇਖ ਲਈਏ ਪਰ ਮੇਰੀ ਮੰਨਣ ਤਾਂ ਸੋਨਾ ਨਾ ਬਣ ਜਾਣ।

ਮਾਸਟਰ : ਕਿਉਂ ਅੱਗੇ ਮੈਂ ਲੋਹਾ ਦਿਸਦਾ? ਗਿਆਨ ਸਿੰਘ ਜੀ, ਇੱਕ ਸਾਲ ਮੈਂ ਵੀ ਟਿਊਸ਼ਨ ਦਾ ਫਾਹ ਪਾ ਬੈਠਾ। ਮੈਨੂੰ ਰਾਤ ਸੌਣ ਵੇਲੇ ਤੱਕ ਸਿਰ ਖੁਰਕਣ ਦੀ ਵਿਹਲ ਨਾ ਮਿਲੇ। ਆਪਣੇ ਸਾਰੇ ਰੁਝੇਵੇਂ ਠੱਪ ਕਰਨੇ ਪਏ। ਟਿਊਸ਼ਨ ਪੜ੍ਹਾਉਣ ਕਰਕੇ ਬੰਦਾ ਪੂਰੀ ਤਰ੍ਹਾਂ ਬੱਝ ਜਾਂਦੈ............

ਮੰਗਲਾਂ : (ਗੱਲ ਨੂੰ ਕੱਟ ਕੇ) ਫਿਰ ਨੋਟਾਂ ਦੀਆਂ ਦੱਥੀਆਂ ਵੀ ਤਾਂ ਬੱਝ-ਬੱਝ ਜਾਂਦੀਆਂ ਨੇਂ ਬੈਂਕਾਂ ਵਿਚ।

ਮਾਸਟਰ : ਮੇਰੇ ਕੋਲੋਂ ਨਹੀਂ ਵਾਧੂ ਸਿਰ ਖਪਾਈ ਹੁੰਦੀ। ਮੈਨੂੰ ਯਾਦ ਏ ਜਿਸ ਸਾਲ ਮੈਂ ਟਿਊਸ਼ਨ ਦਾ ਕੰਮ ਕੀਤਾ ਸੀ, ਮੇਰਾ ਸਿਰ ਨਹੀਂ ਸੀ ਹਿਲਦਾ। ਪੂਰੇ ਦੋ ਮਹੀਨੇ ਮੇਰਾ ਸਿਰ ਦਰਦ ਕਰਦਾ ਰਿਹੈ। ਰੋਜ਼ ਡਾਕਟਰ ਤੋਂ ਬਲੱਡ ਪ੍ਰੈਸ਼ਰ ਚੈੱਕ ਕਰਾਉਣਾ ਪੈਂਦਾ ਸੀ, ਪਤਾ ਨਹੀਂ ਕਿੰਨੀ ਦਵਾਈ ਖਾ ਕੇ ਮੈਂ ਟਾਈਮ ਕੱਢਿਆ। ਡਾਕਟਰ ਨੇ ਸਲਾਹ ਦਿੱਤੀ -ਮਾਸਟਰ ਜੀ, ਦਿਮਾਗੀ ਕੰਮ ਘਟਾਓ। ਟਿਊਸ਼ਨ ਦਾ ਕੰਮ ਖ਼ਤਮ ਹੋਇਆ ਤੇ ਸਿਰ ਨੂੰ ਵੀ ਸਾਹ ਆ ਗਿਆ।

ਮੰਗਲਾਂ : ਨਾ ਮਾਸਟਰ ਸ਼ਰਮੇ ਹੋਰਾਂ ਦੇ ਸਿਰ ਦਰਦ ਨਹੀਂ ਹੁੰਦੀ? ਸ਼ਾਮ ਤਿੰਨ ਵਜੇ ਤੋਂ ਅੱਠ ਵਜੇ ਤਾਈਂ ਉਹਦੇ ਘਰ ਮੇਲਾ ਲੱਗਾ ਰਹਿੰਦੈ।

ਗਿਆਨ : ਤੇ ਸਵੇਰੇ ਜਦੋਂ ਗੁਰਦੁਆਰੇ ਦਾ ਭਾਈ ਬੋਲਦੈ, ਮਾਸਟਰ ਸ਼ਰਮੇ ਦਾ ਗੇਟ ਵੀ ਖੁੱਲ ਜਾਂਦੈ ਨਿਆਣਿਆਂ ਲਈ। ਪੜ੍ਹਨ ਵਾਲੇ ਮੁੰਡੇ ਸੌਹਰੀ ਦੇ ਐਨਾ ਰੌਲਾ ਪਾਉਂਦੇ ਨੇ ਕਿ ਸਾਡੀ ਨੀਂਦ ਹਰਾਮ ਹੋ ਜਾਂਦੀ ਏ। ਮਾਸਟਰ ਸ਼ਰਮੇ ਨੇ ਪਤਾ ਨਹੀਂ ਕਿਹੜੇ ਕਾਂ ਖਾਧੇ ਨੇ, ਪੜ੍ਹਾਉਂਦੇ ਥੱਕਦਾ ਈ ਨਹੀਂ। ਸਵੇਰੇ ਪੜ੍ਹਾ ਕੇ, ਕਰਕੇ ਸਕੂਟਰੀ ਸਟਾਰਟ ਤੇ ਫਿਰ ਸਕੂਲ ਵੀ ਪਹੁੰਚ ਜਾਂਦੈ।

ਮਾਸਟਰ : ਤੇ ਸਕੂਲ ਜਾ ਕੇ ਅੱਖਾਂ ਈ ਮੀਟਦਾ ਰਹਿੰਦੈ। ਦੋ ਵਾਰ ਤਾਂ ਪ੍ਰਿੰਸੀਪਲ ਸਾਹਿਬ ਨੇ ਉਹਨੂੰ ਕਲਾਸ ਵਿਚ ਸੁੱਤੇ ਪਏ ਵੇਖਿਆ। ਕੁਰਸੀ ਤੇ ਬੈਠਾ ਬੈਠਾ ਈ ਇੰਜ

ਘੁਰਾੜੇ ਮਾਰਨ ਲੱਗ ਪੈਂਦੇ ਜਿਵੇਂ ਕੋਈ ਆਟੋਮੈਟਿਕ ਮਸ਼ੀਨ ਗਨ ਚਲਦੀ ਹੁੰਦੀ ਏ। ਮੁੰਡੇ ਉਹਦੇ ਵੱਲ ਵੇਖ-ਵੇਖ ਮਸਖਰੀਆਂ ਕਰਦੇ ਨੇ। ਸ਼ਰਮਾ ਜੀ ਦੀ ਵਿਦਿਆਰਥੀਆਂ 'ਚ ਕੋਈ ਇੱਜ਼ਤ ਨਹੀਂ। ਸਕੂਲ ਇੱਕ ਅੱਖਰ ਨਹੀਂ ਪੜ੍ਹਾਉਣਾ। ਜੇ ਵਿਦਿਆਰਥੀ ਰੌਲਾ ਪਾਉਣ ਤਾਂ ਉਹਦੀ ਜਾਗ ਖੁੱਲਦੀ ਏ ਤੇ ਫਿਰ ਉੱਚੀ ਆਵਾਜ਼ 'ਚ ਬੋਲਦਾ ਏ, "ਸੂਰ ਦਿਓ ਬੱਚਿਓ, ਤੁਹਾਡੇ ਕੋਲੋਂ ਚੁੱਪ ਕਰਕੇ ਬੈਠ ਨਹੀਂ ਹੁੰਦਾ।" ਸ਼ਰਮਾ ਜੀ ਵਰਗੇ ਬੰਦੇ ਅਧਿਆਪਕ ਨਾਂ ਤੇ ਕਲੰਕ ਨੇ।

ਗਿਆਨ : ਇਹਦਾ ਮਤਲਬ ਇਹ ਹੋਇਆ ਕਿ ਟਿਊਸ਼ਨ ਪੜ੍ਹਾਉਣ ਵਾਲੇ ਮਾਸਟਰ ਸਕੂਲ ਜਾ ਕੇ ਜੂੰਅ ਨਹੀਂ ਮਾਰਦੇ। ਮਾਸਟਰ ਸ਼ਰਮਾ ਤਾਂ ਸਕੂਲ ਆਪਣੀ ਨੀਂਦ ਪੂਰੀ ਕਰਨ ਈ ਜਾਂਦੈ ਹੋਣੈ।

ਮਾਸਟਰ : ਗਿਆਨ ਸਿੰਘ ਜੀ, ਟਿਊਸ਼ਨ ਤੇ ਵੱਧ ਤੋਂ ਵੱਧ ਨਿਆਣੇ ਖਿੱਚਣ ਵਾਸਤੇ ਇਹ ਲੋਕ ਸੌ ਸੌ ਪਾਪੜ ਵੇਲਦੇ ਨੇ। ਪਿਛਲੇ ਸਾਲ ਦੀ ਇੱਕ ਗੱਲ ਮੈਨੂੰ ਯਾਦ ਆ ਗਈ ਏ। ਮਾਸਟਰ ਸ਼ਰਮਾ ਤੇ ਇੱਕ ਹੋਰ ਮਾਸਟਰ ਕੇਵਲ ਸਿੰਘ ਦੋਵੇਂ ਟਿਊਸ਼ਨ ਦਾ ਕੰਮ ਕਰਦੇ ਸੀ। ਇਹਨਾਂ ਦੋਹਾਂ 'ਚ ਮੁਕਾਬਲਾ ਹੋ ਗਿਆ। ਦੋਵੇਂ ਜਣੇ ਨਿਆਣਿਆਂ ਨੂੰ ਖਿੱਚਣ ਵਾਸਤੇ ਇੰਜ ਜ਼ੋਰ ਲਾਉਣ ਜਿਵੇਂ ਇਲੈਕਸ਼ਨ 'ਚ ਵੋਟਾਂ ਖਿੱਚਣ ਵਾਸਤੇ ਦਿਨ ਰਾਤ ਇੱਕ ਕੀਤਾ ਜਾਂਦੈ।

ਗਿਆਨ : ਫਸ ਗਏ ਹੋਣੇ ਨੇ ਕੁੰਡੀਆਂ ਦੇ ਸਿੰਗ?

ਮਾਸਟਰ : ਹਾਂ, ਜਿਹੜਾ ਵਿਦਿਆਰਥੀ ਸ਼ਰਮਾ ਜੀ ਵੱਲ ਜਾਵੇ ਉਸਨੂੰ ਕੇਵਲ ਸਿੰਘ ਹੋਰੀਂ ਆਪਣੇ ਪੀਰੀਅਡ ਵਿਚ ਢਾਹ ਲੈਣ। ਇਹੋ ਕੰਮ ਸ਼ਰਮਾ ਜੀ ਆਪਣੇ ਪੀਰੀਅਡ 'ਚ ਕਰਨ ਤੇ ਉੱਚੀ ਉੱਚੀ ਬੋਲਣ, "ਹਰਾਮ ਜਾਦਿਆ, ਦੂਜੇ ਪਾਸੇ ਤੈਨੂੰ ਖੀਰ ਮਿਲਦੀ ਏ। ਮੇਰੇ ਘਰ ਜਾਂਦੇ ਨੂੰ ਤੈਨੂੰ ਕੁੱਤੇ ਤੇ ਨਹੀਂ ਪੈ ਜਾਂਦੇ?" ਨਿਆਣਿਆਂ ਦੀ ਐਸੀ ਸ਼ਾਮਤ ਆਈ ਕਿ ਪੁੱਛੋ ਈ ਕੁਝ ਨਾ। ਫਿਰ ਇੱਕ ਦਿਨ ਦੋਵਾਂ ਅਧਿਪਆਕਾਂ ਨੇ ਸਕੂਲ ਦਾ ਨਾਂ ਚੰਗਾ ਰੌਸ਼ਨ ਕੀਤਾ ਜਦ ਦੋਵੇਂ ਜਣੇ ਹੂਰੋ ਮੁੱਕੀ ਹੋ ਗਏ।

ਗਿਆਨ : ਫਿਰ ਤਾਂ ਰੱਬ ਤੁਹਾਡਾ ਭਲਾ ਕਰੇ, ਸਕੂਲ ਈ ਜੰਗ ਦਾ ਅਖਾੜਾ ਬਣ ਗਿਆ ਹੋਣੈਂ।

ਮਾਸਟਰ : ਇਹਨਾਂ ਦੋਹਾਂ ਬੁੱਧੀਮਾਨ ਅਧਿਆਪਕਾਂ ਨੇ ਇਕ ਦੂਜੇ ਨੂੰ ਇੰਨੀ ਗਾਹਲ ਕੱਢੀ ਸਾਨੂੰ ਤਾਂ ਸੁਣ ਸੁਣ ਸ਼ਰਮ ਆਵੇ। ਦੋਵਾਂ ਨੇ ਇਕ ਦੂਜੇ ਦੀ ਚੰਗੀ ਖਿਚਾਈ ਕੀਤੀ। ਸ਼ਰਮਾ ਜੀ ਦੀ ਟੋਪੀ ਤੇ ਕੇਵਲ ਸਿੰਘ ਦੀ ਪੱਗ ਲੱਥ ਕੇ ਪੈਰਾਂ ਵਿਚ ਰੁਲਦੀ ਫਿਰੇ। ਪ੍ਰਿੰਸੀਪਲ ਸਾਹਿਬ ਨੇ ਸਾਨੂੰ ਕਿਹਾ - "ਇਹਨਾਂ ਨੂੰ ਛੁਡਾਉ। ਸਕੂਲ 'ਚ ਡਸਿਪਲਨ ਦੀਆਂ ਧੱਜੀਆਂ ਉੱਡ ਰਹੀਆਂ ਨੇ।" ਮੇਰੀ ਉਮਰ ਦੇ ਇੱਕ ਸਿਆਣੇ ਬਿਆਣੇ ਅਧਿਆਪਕ ਉਹਨਾਂ ਨੂੰ ਛੁਡਾਉਣ ਲੱਗੇ ਤਾਂ ਆਪਣੀ ਪੱਗ



ਲੁਹਾ ਬੈਠੇ ਤੇ ਆਪਣੀਆਂ ਐਨਕਾਂ ਤੁੜਾ ਬੈਠੇ। ਵਿਚਾਰੇ ਨੂੰ ਕੁਝ ਦਿਸੇ ਈ ਨਾ। ਬੜੀ ਮੁਸ਼ਕਿਲ ਨਾਲ ਸਟਾਫ ਨੇ ਹਿੰਮਤ ਕਰਕੇ ਲੜਾਈ ਠੰਡੀ ਕੀਤੀ।

ਗਿਆਨ : ਮੈਂ ਤਾਂ ਸੁਣ ਕੇ ਈ ਹੈਰਾਨ ਆ ਬਈ ਚੰਗਾ ਨਾਮਣਾ ਖੱਟਿਆ ਇਹਨਾਂ ਦੋਵਾਂ ਮਾਸਟਰਾਂ ਨੇ।

ਮਾਸਟਰ : ਇਹਨਾਂ ਨੇ ਜਿਹੜਾ ਨਾਮਣਾ ਖੱਟਣਾ ਸੀ ਖੱਟ ਈ ਲਿਆ। ਖੱਟੀ ਤਾਂ ਵਿਚਾਰੇ ਉਸ ਅਧਿਆਪਕ ਨੇ ਖੱਟ ਲਈ ਜਿਹੜਾ ਸੌ ਰੁਪਏ ਦੀ ਐਨਕ ਤੁੜਵਾ ਬੈਠਾ। ਇਹ ਚੰਦ ਚਾੜ੍ਹਿਆ ਇਹਨਾਂ ਦੋਵਾਂ ਸੱਜਣਾਂ ਨੇ।

ਮੰਗਲਾ : ਮਾਸਟਰ ਸ਼ਰਮੇ ਨੂੰ ਕੀ ਪ੍ਰਵਾਹ ਏ ਇਵੇਂ ਦੀਆਂ ਗੱਲਾਂ ਦੀ। ਅਗਲਾ ਆਪਣੇ ਘਰ ਚੁਬਾਰੇ ਤੇ ਚੁਬਾਰਾ ਚਾੜ੍ਹੀ ਜਾਂਦਾ ਏ। ਸਾਰੇ ਘਰ ਵਿਚ ਮਾਰਬਲ ਲੱਗੈ। ਇੱਕ ਕਮਰੇ ਨੂੰ ਉਹਨੇ ਏਅਰ ਕੰਡੀਸਨ ਵੀ ਕਰਾ ਦਿੱਤੈ। ਜੇ ਉਹ ਸਾਰੀ ਸਾਰੀ ਜਮਾਤ ਘਰ ਬੁਲਾ ਸਕਦੈ ਤਾਂ ਤੁਸੀਂ ਪੰਜ ਸੱਤ ਨਿਆਣੇ ਤਾਂ ਬੁਲਾ ਈ ਸਕਦੇ ਓ।

ਮਾਸਟਰ : ਵੇਖ, ਵਾਰ ਵਾਰ ਟਿਊਸ਼ਨ ਟਿਊਸ਼ਨ ਨਾ ਕਰਿਆ ਕਰ। ਮੇਰੀ ਰਿਟਾਇਰਮੈਂਟ 'ਚ ਸਾਲ ਰਹਿ ਗਿਐ। ਮੈਂ ਨਹੀਂ ਚਾਹੁੰਦਾ ਕਿ ਐਵੇਂ ਕਿਸੇ ਭਸੂੜੀ 'ਚ ਪੈ ਜਾਵਾਂ, ਨਾਲੇ ਮੇਰੀ ਜ਼ਮੀਰ ਮੈਨੂੰ ਇਹ ਕੰਮ ਨਹੀਂ ਕਰਨ ਦਿੰਦੀ।

ਮੰਗਲਾਂ : ਹੁਣ ਦੇ ਜ਼ਮਾਨੇ ਵਿਚ ਜ਼ਮੀਰ ਦੀ ਅਵਾਜ਼ ਦੀ ਪ੍ਰਵਾਹ ਕੌਣ ਕਰਦਾ ਏ? (ਗਿਆਨ ਸਿੰਘ ਨੂੰ) ਭਾ ਜੀ ਇਹ ਹਰ ਸਮੇਂ ਜ਼ਮੀਰ ਜ਼ਮੀਰ ਕਰਦੇ ਨੇ। ਕੀ ਮਿਲਿਆ ਇਹਦੇ ਬਦਲੇ? ਇਹਨਾਂ ਇੱਕ ਨਹੀਂ ਦੋ ਐਮ. ਏ. ਕੀਤੀਆਂ। ਰਹੇ ਮਾਸਟਰ ਦੇ ਮਾਸਟਰ ਈ। ਇੱਕ ਪੈਸੇ ਦਾ ਫਾਇਦਾ ਨਾ ਹੋਇਆ। ਚਾਰ ਸਾਲ ਦਿਨ ਰਾਤ ਇੱਕ ਕਰ ਤਾ। ਕਿਤਾਬਾਂ ਤੇ ਦੋ ਹਜ਼ਾਰ ਖਰਚਿਆ ਤੇ ਅਸੀਂ ਘਰ ਕੰਜੂਸੀ ਕਰ ਕਰ ਦਿਨ ਕੱਟੇ। ਕਿਤਾਬਾਂ ਨਾਲ ਮੱਥਾ ਵੀ ਮਾਰਿਆ ਪਰ ਮਿਲਿਆ ਕੀ?

ਮਾਸਟਰ : (ਦੁੱਖ ਭਰੀ ਆਵਾਜ਼ ਵਿਚ) ਇਹੋ ਤਾਂ ਸਾਡਾ ਦੁਖਾਂਤ ਏ। ਇਥੇ ਯੋਗਤਾ ਦੀ ਕਦਰ ਕੋਈ ਨਹੀਂ ਕਰਦਾ। ਬਸ ਇਥੇ ਤਾਂ ਅੰਨੀ ਪੀਹੇ ਕੁੱਤਾ ਚੱਟੇ। ਸਾਡੇ ਮਹਿਕਮੇ ਦਾ ਤਾਂ ਰੱਬ ਈ ਰਾਖਾ ਏ। ਮੈਂ ਬਤੌਰ ਮਾਸਟਰ ਅੱਜ ਤੋਂ ਤੀਹ ਸਾਲ ਪਹਿਲਾਂ ਮਹਿਕਮੇ ਵਿਚ ਆਇਆ ਸੀ ਹੁਣ ਰਿਟਾਇਰਮੈਂਟ ਤੇ ਬੈਠਾਂ। ਮੇਰੀ ਪ੍ਰਮੋਸ਼ਨ ਨਾ ਹੋਈ। ਇਸੇ ਕਰਕੇ ਤਾਂ ਸਾਡੇ ਮਹਿਕਮੇ ਨੂੰ ਮੁਰਲੀ ਮਹਿਕਮਾ ਕਹਿੰਦੇ ਨੇ। (ਮੰਗਲਾਂ ਬਾਹਰ ਜਾਂਦੀ ਹੈ।)

ਗਿਆਨ : ਮਾਸਟਰ ਜੀ ਆਹ ਗੱਲ ਤਾਂ ਬਾਹਲੀ ਮਾੜੀ ਏ। ਘੋੜੇ ਖੋਤੇ ਦਾ ਫਰਕ ਨਹੀਂ ਰੱਖਿਆ ਮਹਿਕਮੇ ਵਾਲਿਆਂ ਨੇ।

ਮਾਸਟਰ : ਨਾ ਬਈ ਗਿਆਨ ਸਿਹਾਂ, ਅਧਿਆਪਕਾਂ ਵਾਸਤੇ ਖੋਤਾ ਜਾਂ ਘੋੜਾ ਲਫ਼ਜ ਵਰਤਣਾ

ਠੀਕ ਨਹੀਂ। ਅਧਿਆਪਕ ਤਾਂ ਦੇਸ਼ ਦਾ ਨਿਰਮਾਤਾ ਨੇ। ਜਿੰਨੇ ਲੋਕ ਉੱਚੇ ਉੱਚੇ ਅਹੁਦਿਆਂ ਤੇ ਬੈਠੇ ਨੇ, ਸਾਰੇ ਕਦੇ ਨਾ ਕਦੇ ਅਧਿਆਪਕਾਂ ਤੋਂ ਈ ਤਲੀਮ ਲੈ ਕੇ ਗਏ ਨੇ।

ਗਿਆਨ : ਮੇਰੇ ਕਹਿਣ ਦਾ ਮਤਲਬ ਏ ਕਿ ਜੇ ਬੰਦਾ ਜ਼ਿਆਦਾ ਪੜ੍ਹਿਆ ਹੋਵੇ ਉਹਦੇ ਬਦਲੇ ਉਹਨੂੰ ਕੁਝ ਨਾ ਕੁਝ ਤਾਂ ਮਿਲਣਾ ਈ ਚਾਹੀਦੈ। ਮੇਹਰ ਸਿੰਘ ਦਾ ਮੁੰਡਾ ਜਿਹੜਾ ਬੈਂਕ ਵਿਚ ਨੌਕਰੀ ਕਰਦਾ ਏ, ਇੱਕ ਦਿਨ ਦੱਸਦਾ ਸੀ ਮੈਂ ਪੇਪਰ ਦਿੱਤੇ ਤੇ ਜਦੋਂ ਪਾਸ ਹੋਇਆ ਤਾਂ ਬੈਂਕ ਵਾਲਿਆਂ ਉਹਦੀ ਤਿੰਨ ਹਜ਼ਾਰ ਰੁਪਏ ਤਨਖਾਹ ਵਧਾ ਦਿੱਤੀ। ਇਹ ਤਾਂ ਹੋਈ ਨਾ ਗੱਲ। ਕੋਈ ਆਹਰ ਪਾਹਰ ਕੀਤਾ ਤਾਂ ਨਾਲ ਫਲ ਵੀ ਮਿਲ ਗਿਆ।

ਮਾਸਟਰ : ਸਾਡੇ ਬਦਕਿਸਮਤੀ ਵਾਲੀ ਗੱਲ ਤਾਂ ਇਹ ਐ ਕਿ ਮਹਿਕਮੇ ਨੂੰ ਪਤਾ ਈ ਨਹੀਂ ਫਲਾਣਾ ਮਾਸਟਰ ਕਰਦਾ ਕੀ ਏ? ਜਿਹੜੇ ਮਾਸਟਰਾਂ ਨੇ ਕਦੇ ਡੱਕਾ ਨਹੀਂ ਤੋੜਿਆ ਉਹਨਾਂ ਨੂੰ ਸਜ਼ਾ ਕੋਈ ਨਹੀਂ ਤੇ ਸਾਡੇ ਵਰਗੇ ਜਿਹਨਾਂ ਕਦੇ ਪੀਰੀਅਡ ਨਹੀਂ ਛੱਡਿਆ ਉਹਨਾਂ ਨੂੰ ਕੋਈ ਸ਼ਾਬਾਸ਼ ਨਹੀਂ। ਗੁੱਸਾ ਤਾਂ ਇਸ ਗੱਲ ਦਾ ਏ।

ਗਿਆਨ : ਮੰਡ ਦਾ ਹੈ ਨਾ ਮਾਸਟਰ ਅਮਰੀਕ ਸਿੰਘ? ਨਾਲੇ ਮਾਸਟਰੀ ਕਰੀ ਜਾਂਦੈ ਤੇ ਨਾਲੇ ਰੱਬ ਤੁਹਾਡਾ ਭਲਾ ਕਰੇ ਪਿੰਡ ਕਰਿਆਨੇ ਦੀ ਦੁਕਾਨ ਖੋਹਲੀ ਏ। ਸਕੂਲ ਤਾਂ ਕਦੇ ਉਹਨੂੰ ਵੇਖਿਆ ਨਹੀਂ ਕਿਸੇ। ਹੈੱਡ ਮਾਸਟਰ ਨੂੰ ਪਤਾ ਨਹੀਂ ਉਹਨੇ ਕੀ ਗਿੱਦਰ ਸਿੰਗੀ ਸੁੰਘਾਈ ਏ ਸਕੂਲੇ ਹਾਜ਼ਰੀ ਵੀ ਲੱਗ ਜਾਂਦੀ ਏ।

ਮਾਸਟਰ : ਹਾਂ, ਉਹਦੇ ਬਾਰੇ ਮੈਨੂੰ ਸਭ ਪਤੈ। ਪਿਛਲੇ ਸਾਲ ਹੈੱਡਮਾਸਟਰ ਨੂੰ ਉਹਨੇ ਕਵਿੰਟਲ ਬਾਸਮਤੀ ਦੇ ਚੌਲ ਦਿੱਤੇ ਸੀ। ਉਹਨੇ ਤਾਂ ਤਨਖਾਹ ਵਾਲੇ ਦਿਨ ਜ਼ਰੂਰ ਹਾਜ਼ਰ ਹੋਣਾ ਹੁੰਦੈ। ਬਾਕੀ ਦਿਨ ਦਿਲ ਕੀਤਾ ਹਾਜ਼ਰ ਹੋ ਗਿਆ, ਨਹੀਂ ਤਾਂ ਪੌਂ ਬਾਰਾਂ।

ਗਿਆਨ : ਉਪਰ ਇਹਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਬੈਠਾ?

ਮਾਸਟਰ : ਉਪਰ ਵਾਲੇ ਸਾਰੇ ਰੱਜ ਕੇ ਸ਼ਰੀਫ ਨੇ! ਦੋ ਮਹੀਨੇ ਦੀ ਗੱਲ ਏ ਮੇਰਾ ਤੇ ਇਕ ਹੋਰ ਮਾਸਟਰ ਓਮ ਪ੍ਰਕਾਸ਼ ਦਾ ਕੇਸ ਵਿਸ਼ੇਸ਼ ਤਰੱਕੀ ਲੱਗਣ ਵਾਸਤੇ ਡੀ. ਈ. ਓ. ਦਫਤਰ ਗਿਆ। ਓਮ ਪ੍ਰਕਾਸ਼ ਨੇ ਆਪਣੀ ਫਾਈਲ ਨਾਲ ਦੋ ਨੋਟ ਨੱਥੀ ਕਰ ਦਿੱਤੇ। ਉਹਦੀ ਫਾਈਲ ਡੀ. ਈ. ਓ. ਦੀ ਮੇਜ ਤੇ ਪਹੁੰਚ ਗਈ। ਇਕ ਹਫਤੇ ਦੇ ਅੰਦਰ ਈ ਉਹਦਾ ਕੇਸ ਪਾਸ ਹੋ ਕੇ ਸਕੂਲ ਆ ਗਿਆ।

ਗਿਆਨ : ਤੇ ਤੁਹਾਡੀ ਫੈਲ?

ਮਾਸਟਰ : ਮੇਰੀ ਫਾਇਲ ਦੇ ਪਹੀਏ ਜਾਮ ਹੋ ਗਏ। ਮੈਂ ਕਦੇ ਕਿਸੇ ਨੂੰ ਵੱਢੀ ਨਹੀਂ ਦਿੱਤੀ। (ਦ੍ਰਿੜਤਾ ਨਾਲ) ਕਿੰਨਾ ਕੁ ਲਟਕਾ ਲੈਣਗੇ?



ਗਿਆਨ : ਮਾਸਟਰ ਜੀ ਤੁਹਾਡੀ ਖੱਜਲ ਖੁਆਰੀ ਤਾਂ ਕਰਾਉਣਗੇ ਈ। ਦੋ ਨੋਟ ਦੇ ਕੇ ਕਰੋ ਮੂੰਹ ਕਾਲਾ ਉਹਨਾਂ ਦਾ। ਕਿੱਥੇ ਗੇੜੇ ਕੱਢਦੇ ਫਿਰੋਗੇ?

ਮਾਸਟਰ : ਮੇਰੀਆਂ ਪੜ੍ਹਾਈਆਂ ਜਮਾਤਾਂ ਦੇ ਨਤੀਜੇ ਠੀਕ ਨੇ। ਸਾਰੀਆਂ ਗੁਪਤ ਰਿਪੋਰਟਾਂ ਠੀਕ ਨੇ। ਭਲਾ ਮੈਨੂੰ ਕਿਸੇ ਕੁੱਤੇ ਨੇ ਵੱਢਿਐ, ਦੋ ਨੋਟ ਐਵੇਂ ਭੰਗ ਦੇ ਭਾੜੇ ਗਵਾ ਦਿਆਂ।

ਗਿਆਨ : ਕੁੱਤੇ ਨੇ ਤੁਹਾਨੂੰ ਨਹੀਂ ਉਹਨੂੰ ਵੱਢਿਐ ਜਿਹੜੇ ਹਲਕੇ ਹੋਏ ਫਿਰਦੇ ਨੇ ਤੇ ਜੀਭਾਂ ਬਾਹਰ ਕੱਢ ਕੇ ਬੈਠੇ ਨੇ।

ਮਾਸਟਰ : ਕੋਈ ਗੱਲ ਨਹੀਂ ਉਹਨਾਂ ਦੀਆਂ ਨਾਸਾਂ 'ਚੋਂ ਧੂੰਆਂ ਬਾਹਰ ਕੱਢ ਕੇ ਈ ਛੱਡਾਂਗੇ। ਯੂਨੀਅਨ ਦਾ ਜ਼ਿਲਾ ਪ੍ਰਧਾਨ ਮੇਰੇ ਨਾਲ ਜਾ ਰਿਹੈ ਕੱਲ ਡੀ. ਈ. ਓ. ਦਫਤਰ। ਸਾਡੇ ਸਾਹਮਣੇ ਤਾਂ ਉਹ ਦਸ ਦਸ ਜਮਾਤਾਂ ਪਾਸ ਬਾਊ ਸਾਹਨ ਵਾਂਗੂੰ ਆਕੜ ਕੇ ਬੈਠੇ ਹੁੰਦੇ ਨੇ। ਪ੍ਰਧਾਨ ਨੇ ਜਦ ਇੱਕੋ ਦਬਕਾ ਛੱਡਿਆ ਤਾਂ ਸਾਰੇ ਬਾਊ ਮਿਆਊਂ-ਮਿਆਊਂ ਕਰਨ ਲੱਗ ਪੈਣੇ ਨੇ।

ਗਿਆਨ : ਯੂਨੀਅਨ ਦੇ ਸੌ ਫਾਇਦੇ। ਕੱਲੇ ਕਾਰੇ ਦੀ ਕਿੱਥੇ ਵਾਹ ਲੱਗਣ ਦੇਂਦੇ ਨੇ ਦਫਤਰਾਂ ਵਾਲੇ। ਲੈ ਬਈ ਮੈਨੂੰ ਇੱਕ ਗੱਲ ਯਾਦ ਆ ਗਈ। ਮੇਰੀ ਘਰ ਵਾਲੀ ਰਾਸ਼ਨ ਕਾਰਡ ਬਣਾਉਣ ਦਫਤਰੋਂ ਗਈ ਤੇ ਬੜੀ ਆਕੜ ਨਾਲ ਕਹਿੰਦੀ ਮੈਂ ਸਗਰਾਂ ਵਾਲੇ ਸਰਪੰਚ ਦੀ ਧੀ ਆਂ। ਦਫਤਰ ਵਾਲੇ ਕਹਿੰਦੇ ਕੋਈ ਨਹੀਂ ਜੇ ਸਰਪੰਚ ਹੋਰਾਂ ਦੇ ਜੀਆਂ ਦਾ ਕੰਮ ਨਹੀਂ ਕਰਨਾ ਤਾਂ ਹੋਰ ਕਿਹਦਾ ਕਰਨਾ ਏ?

ਮਾਸਟਰ : ਹਾਂ, ਹਾਂ। ਆਗੂ ਬੰਦਿਆਂ ਕਰਕੇ ਇਵੇਂ ਦੇ ਕੰਮ ਤਾਂ ਹੋ ਈ ਜਾਂਦੇ ਨੇ ........

ਗਿਆਨ : (ਵਿਚੋਂ ਕੱਟ ਕੇ) ਅੱਗੇ ਸੁਣੋ ਤਾਂ ਸਹੀ। ਘਰ ਆ ਕੇ ਮੇਰੇ ਤੇ ਬੜਾ ਰੋਅਬ ਜਤਾਵੇ ਕਿ ਮੇਰੇ ਪਿਉ ਦੇ ਨਾਂ ਕਰਕੇ ਰਾਸ਼ਨ ਕਾਰਡ ਮੁਫਤ ਬਣੇਗਾ।

ਮਾਸਟਰ : ਅੱਛਾ ਫਿਰ?

ਗਿਆਨ : ਫਿਰ ਕੀ, ਬਾਊ ਹੋਰਾਂ ਨੇ ਇੱਕ ਤੋਲ ਰੱਖਿਆ। ਘਰ ਵਾਲੀ ਦੇ ਫੇਰੇ ਮਾਰ ਮਾਰ ਪੈਰ ਘਸ ਗਏ। ਇੱਕ ਦਿਨ ਮੈਨੂੰ ਕਹਿੰਦੀ ਤੁਸੀਂ ਆਪ ਪਤਾ ਕਰਕੇ ਆਉ ਉਸ ਕਾਰਡ ਦਾ, ਜਿਹੜਾ ਸਗਰਾਂ ਦੇ ਸਰਪੰਚ ਦੀ ਧੀ ਦੇ ਗਈ ਸੀ। ਮੈਂ ਕਿਹਾ ਰਹਿਣ ਦੇ ਸਰਪੰਚ ਨੂੰ ਸਗਰਾਂ ਈ। ਰੱਬ ਤੁਹਾਡਾ ਭਲਾ ਕਰੇ ਮੈਂ ਜਾਂਦੇ ਈ ਬਾਊ ਦੀ ਮੁੱਠੀ 'ਚ ਵੀਹਾਂ ਦਾ ਨੋਟ ਫੜ੍ਹਾਇਆ ਤੇ ਬਾਊ ਐਨਕਾਂ ਦੇ ਫਰੇਮ ਉਪਰੋਂ ਗੈਂਡੇ ਵਰਗੀਆਂ ਅੱਖਾਂ ਘੁੰਮਾ ਕੇ ਕਹਿੰਦੈ - ਜਨਾਬ, ਕੱਲ੍ਹ ਸਵੇਰੇ ਕਾਰਡ ਤੁਹਾਡੇ ਘਰ ਪਹੁੰਚ ਜਾਵੇਗਾ।

ਮਾਸਟਰ : ਫਿਰ ਰਾਸ਼ਨ ਕਾਰਡ ਪਹੁੰਚ ਗਿਆ ਘਰ?

ਗਿਆਨ : ਮੈਂ ਕਿਹਾ ਜੀ ਦੂਜੇ ਦਿਨ ਸਵੇਰੇ ਮੈਂ ਅਜੇ ਨਹਾ ਈ ਰਿਹਾ ਸੀ ਤੇ ਉਹ ਬਾਊ ਹੀਂ ਹੀਂ ਕਰਦਾ ਕਾਰਡ ਦੇ ਗਿਆ।

ਮਾਸਟਰ : ਅਸਲ ਵਿਚ ਥੱਲੇ ਤੋਂ ਉਪਰ ਤੱਕ ਸਾਰਾ ਤਾਣਾ ਬਾਣਾ ਈ ਉਲਟਾ ਹੋਇਐ।

ਗਿਆਨ : ਆਹੋ ਤਾਣੇ ਬਾਣੇ ਨੂੰ ਈ ਪੱਛੀ ਲੱਗੀ ਹੋਈ ਏ। ਮੇਰਾ ਵੱਸ ਚੱਲੇ ਤਾਂ ਵੱਢੀ ਲੈਣ ਵਾਲੇ ਸਾਰੇ ਬੰਦਿਆਂ ਨੂੰ ਕਾਲੇ ਪਾਣੀ ਭੇਜ ਦੇਵਾਂ।

ਮਾਸਟਰ : ਗੱਲ ਤਾਂ ਤੇਰੀ ਜਚੀ ਏ ਪਰ ਹੋਣੈਂ ਇੱਦਾਂ ਮੁਸ਼ਕਿਲ ਈ ਏ। ਅੱਜ ਕੱਲ ਤਾਂ ਦੁਨੀਆਂ ਪੈਸੇ ਪਿੱਛੇ ਪਾਗਲ ਹੋਈ ਫਿਰਦੀ ਏ।
(ਮੰਗਲਾ ਆਉਂਦੀ ਹੈ, ਉਸਦੇ ਹੱਥ ਵਿਚ ਇੱਕ ਚਿੱਠੀ ਹੈ।)

ਮੰਗਲਾਂ : ਆਹ ਵੇਖਿਓ ਜੇ ਖਾਕੀ ਰੰਗ ਦੀ ਚਿੱਠੀ ਆਈ ਏ। ਸ਼ੈਦ ਸੁਖਬੀਰ ਦੀ ਨੌਕਰੀ ਦੀ ਹੋਵੇ।

ਮਾਸਟਰ : (ਬੜੀ ਉਤਸੁਕਤਾ ਨਾਲ) ਲਿਆ ਐਧਰ ਮੈਨੂੰ ਵਿਖਾ।

ਗਿਆਨ : ਰੱਬ ਤੁਹਾਡਾ ਭਲਾ ਕਰੇ ਕੋਈ ਚੰਗੀ ਖਬਰ ਹੋਵੇਗੀ।
(ਮਾਸਟਰ ਲਿਫਾਫਾ ਖੋਲ੍ਹਦਾ ਹੈ ਪਰ ਉਸਦੇ ਚਿਹਰੇ ਤੇ ਆਈ ਮੁਸਕਰਾਹਟ ਇਕ ਦਮ ਉਦਾਸੀ ਵਿਚ ਬਦਲ ਜਾਂਦੀ ਹੈ।)

ਮੰਗਲਾਂ : ਦੱਸੋ ਕੀ ਲਿਖਿਐ?

ਮਾਸਟਰ : ਲਿਖਿਐ ਸਿਰ ਜੰਮਣ ਵਾਲਿਆਂ ਦਾ। ਸਾਨੂੰ ਕਦੇ ਖੁਸ਼ਖਬਰੀ ਵਾਲੀ ਚਿੱਠੀ ਨਾ ਆਈ ਸਗੋਂ ਹੋਰ ਈ ਕੁੱਤੇ ਕੰਮ 'ਚ ਡਿਊਟੀ ਲਾ ਦਿੱਤੀ ਏ ਮੇਰੀ।

ਮੰਗਲਾਂ : ਕਿੱਥੇ ਲੱਗ ਗਈ ਡਿਊਟੀ?

ਮਾਸਟਰ : ਸਿੱਖਿਆ ਬੋਰਡ ਨੇ ਦਸਵੀਂ ਦੇ ਇਮਤਿਹਾਨ 'ਚ ਮੈਨੂੰ ਸੁਪਰਡੈਂਟ ਨਿਯੁਕਤ ਕਰ ਦਿੱਤੈ। ਜਿਸ ਕੰਮ ਨੂੰ ਮੈਂ ਵੀਹ ਸਾਲ ਪਹਿਲਾਂ ਦਾ ਮੱਥਾ ਟੇਕ ਬੈਠਾਂ, ਉਹ ਫਿਰ ਮੇਰੇ ਗਲ ਪਾ ਦਿੱਤੈ।

ਗਿਆਨ : ਮਾਸਟਰ ਜੀ, ਇਹਦੇ 'ਚ ਘਬਰਾਉਣ ਵਾਲੀ ਕਿਹੜੀ ਗੱਲ ਏ? ਮਾਸਟਰ ਸ਼ਰਮੇ ਵਰਗੇ ਤਾਂ ਸਾਰੇ ਪੈਸੇ ਦੇ ਕੇ ਡਿਊਟੀ ਲਵਾਉਂਦੇ ਨੇ। ਜਿੰਨੇ ਦਿਨ ਪੇਪਰ ਚਲਦੇ ਨੇ ਉਹਨਾਂ ਘਰ ਮੇਲਾ ਈ ਲੱਗਾ ਰਹਿੰਦੈ।

ਮਾਸਟਰ : ਇਸੇ ਗੱਲ ਤੋਂ ਮੈਂ ਡਰਦਾ ਹਾਂ। ਕੋਈ ਸਿਫਾਰਸ਼ ਐਧਰੋਂ ਆ ਗਈ, ਕੋਈ ਉਧਰੋਂ। ਹਰ ਕਿਸੇ ਹੱਥ ਜੋੜੀ ਜਾਣੇ ਨੇ - ਮਾਸਟਰ ਜੀ ਰਹਿਮ ਕਰਿਓ, ਜਿਵੇਂ ਮੈਂ ਕੋਈ ਜਲਾਦ ਹੋਵਾਂ। ਲੋਕਾਂ ਨੇ ਘਰ ਦਾ ਬੂਹਾ ਪੁੱਟ ਮਾਰਨੈਂ। ਮੇਰਾ ਤਾਂ ਜੀਅ ਕਰਦਾ ਚਾਰ ਦਿਨ ਕਿਤੇ ਬਾਹਰ ਈ ਚਲਾ ਜਾਵਾਂ।

ਗਿਆਨ : ਨਾ ਜੀ, ਘਰ ਕਿਤੇ ਛੱਡੇ ਜਾਂਦੇ ਨੇ ਭਲਾ?

ਮੰਗਲਾਂ : ਘਰੋਂ ਬਾਹਰ ਕਿਉਂ ਜਾਣੈਂ। ਜਿਹੜਾ ਕੰਮ ਕਰਾਉਣਾ ਚਾਹੁੰਦਾ ਏ, ਉਹਦੀ ਕਰੋ ਜੇਬ ਸਾਫ। ਆਪੇ ਹਟਦੇ ਕਿ ਨਹੀਂ?

ਮਾਸਟਰ : ਇਵੇਂ ਦੀ ਨੇਕ ਸਲਾਹ ਆਪਣੇ ਕੋਲ ਈ ਸਾਂਭ ਕੇ ਰੱਖ। ਮੈਂ ਤੀਹ ਸਾਲ ਨਾ ਇਵੇਂ ਕੀਤਾ। ਹੁਣ ਚੰਗਾ ਟਿੱਕਾ ਲਵਾਉਣ ਲੱਗੀ ਏਂ ਮੇਰੇ ਮੱਥੇ ਤੇ।



ਮੰਗਲਾਂ : ਤੀਹ ਸਾਲ ਨਹੀਂ ਕੀਤਾ ਤਾਂ ਹੁਣ ਕਰਕੇ ਦੇਖ ਲਉ। ਜੇ ਆਪ ਨਹੀਂ ਕਰ ਸਕਦੇ ਤਾਂ ਇਹ ਕੰਮ ਮੇਰੇ ਤੇ ਸੁੱਟ ਦਿਓ। ਜਿਹੜਾ ਘਰ ਆਏਗਾ ਉਹਨੂੰ ਮੈਂ ਆਪੇ ਹੌਲਾ ਕਰ ਲਵਾਂਗੀ।

ਮਾਸਟਰ : ਤੂੰ ਮੈਨੂੰ ਬੇਈਮਾਨੀ ਦਾ ਪਾਠ ਲੱਗੀ ਏਂ ਪੜ੍ਹਾਉਣ। ਤੈਨੂੰ ਹੋਰ ਕੋਈ ਕੰਮ ਨਹੀਂ ਹੈਗਾ ਇਸ ਤੋਂ ਬਿਨਾਂ। ਮੈਂ ਸ਼ਾਨ ਨਾਲ ਸਿਰ ਉੱਚਾ ਕਰਕੇ ਜਿਉਂਦਾ ਆਇਆਂ ਤੇ ਆਖਰੀ ਦਮ ਤੱਕ ਇਵੇਂ ਹੀ ਜੀਵਾਂਗਾ।

ਮੰਗਲਾਂ : ਦੁਨੀਆਂ ਬਦਲ ਗਈ ਪਰ ਤੁਸੀਂ ਨਾਂ ਬਦਲੇ। ਕਰੋ ਮਰਜੀ ਤੇ ਕੱਟੋ ਫਾਕੇ।

ਗਿਆਨ : ਅੱਜ ਕੱਲ ਸ਼ਰੀਫ ਅਤੇ ਇਮਾਨਦਾਰ ਬੰਦੇ ਦਾ ਕਾਅਦਾ ਜੀਣਾ। ਅਸੀਂ ਗੱਲ ਕਰ ਰਹੇ ਸੀ ਢਾਂਚੇ ਦੀ। ਮੈਂ ਇਸ ਗੱਲੋਂ ਹੈਰਾਨ ਆਂ ਤੁਸੀਂ ਕੋਈ ਪਹੁੰਚ ਨਹੀਂ ਕੀਤੀ ਤੇ ਡਿਊਟੀ ਕਿਵੇਂ ਲੱਗ ਗਈ ਤੁਹਾਡੀ।

ਮਾਸਟਰ : ਅੱਜ ਕੱਲ ਅਧਿਆਪਕ ਆਪਣੀਆਂ ਕੁਝ ਮੰਗਾਂ ਮਨਵਾਉਣ ਵਾਸਤੇ ਰੋਸ ਵਿਖਾਵੇ ਕਰ ਰਹੇ ਨੇ ਤੇ ਪੇਪਰਾਂ ਦਾ ਬਾਈਕਾਟ ਕਰ ਰਹੇ ਨੇ। ਇਸੇ ਕਰਕੇ ਮੇਰੇ ਵਰਗਿਆਂ ਦੀ ਵੀ ਲੋੜ ਪੈ ਗਈ ਸਿੱਖਿਆ ਬੋਰਡ ਨੂੰ ਜਿਹੜੇ ਰਿਟਾਇਰਮੈਂਟ ਤੇ ਬੈਠੇ ਨੇ।
(ਬਾਹਰੋਂ ਕਿਸੇ ਦੀ ਆਵਾਜ਼ ਆਉਂਦੀ ਹੈ — ਮਾਸਟਰ ਜੀ ਘਰੇ ਈ ਓ)
ਲੈ, ਆ ਗਿਆ ਕੋਈ ਸਿਰ ਖਾਣ। ਇਹੋ ਹੀ ਲੀਲਾ ਲੱਗੀ ਰਹਿਣੀ ਏ ਦਸ ਦਿਨ।
(ਲਾਲਾ ਅਮਰਨਾਥ ਆਉਂਦਾ ਹੈ।

ਅਮਰਨਾਥ : ਮਾਸਟਰ ਜੀ, ਸਾਸਰੀ ਕਾਲ।

ਮਾਸਟਰ : ਸਤਿ ਸ੍ਰੀ ਅਕਾਲ! ਆਓ ਸ਼ਾਹ ਜੀ, ਜੀ ਆਇਆਂ ਨੂੰ। (ਮਾਸਟਰ ਜੀ ਕੁਰਸੀ ਤੋਂ ਉੱਠ ਕੇ ਮੰਜੇ ਤੇ ਬੈਠ ਜਾਂਦੇ ਹਨ) ਆਓ, ਇਥੇ ਕੁਰਸੀ ਤੇ ਬੈਠੋ।
(ਅਮਰਨਾਥ ਕੁਰਸੀ ਤੇ ਬੈਠ ਜਾਂਦਾ ਹੈ।

ਅਮਰਨਾਥ : ਮਾਸਟਰ ਜੀ, ਤੁਹਾਡੇ ਨਾਲ ਇੱਕ ਛੋਟਾ ਜਿਹਾ ਕੰਮ ਪੈ ਗਿਐ।

ਮਾਸਟਰ : ਮੇਰੇ ਵੱਲ! ਦੱਸੋ ਕੀ ਕੰਮ ਏ?

ਅਮਰਨਾਥ : ਮੈਨੂੰ ਪਤਾ ਲੱਗੈ ਤੁਸੀਂ ਦਸਵੀਂ ਦੇ ਪੇਪਰਾਂ 'ਚ ਸੁਪਰਡੈਂਟ ਲੱਗੇ ਓ।

ਮਾਸਟਰ : (ਜਾਣ ਬੁੱਝ ਕੇ) ਮੈਨੂੰ ਤਾਂ ਇਹਦੀ ਕੋਈ ਖਬਰ ਨਹੀਂ ਅਜੇ ...........

ਅਮਰਨਾਥ : ਕੋਈ ਗੱਲ ਨਹੀਂ ਖਬਰ ਆਪੇ ਹੋਜੂਗੀ। ਗੱਲ ਇਦਾਂ ਕਿ ਆਪਣਾ ਪੋਤਾ ਦਸਵੀਂ ਦੇ ਪੇਪਰ ਦੇ ਰਿਹੈ। ਉਹਦੇ ਤੇ ਜ਼ਰਾ ਕਿਰਪਾ ਰੱਖਣੀ।

ਮਾਸਟਰ : ਤੁਹਾਡਾ ਪੋਤਾ ਪੜ੍ਹਾਈ 'ਚ ਤਾਂ ਠੀਕ ਨੇ ਨਾ?

ਅਮਰਨਾਥ : ਨਾ ਜੀ ਠੀਕ ਹੁੰਦਾ ਤਾਂ ਕੀ ਲੋੜ ਪਈ ਸੀ ਤੁਹਾਨੂੰ ਕਸ਼ਟ ਦੇਣ ਦੀ। ਆਪਾਂ

ਕਿਹੜੀ ਉਹਨੂੰ ਨੌਕਰੀ ਕਰਾਉਣੀ ਏ। ਘਰ ਦਾ ਬਿਜਨਸ ਏ, ਘਰ ਈ ਕੰਮ ਧੰਦੇ ਤੇ ਲਾ ਦੇਣੈਂ ਉਹਨੂੰ।

ਮਾਸਟਰ : ਸ਼ਾਹ ਜੀ, ਤੁਹਾਡਾ ਪੋਤਾ ਪਾਸ ਹੋਣ ਤੋਂ ਬਿਨਾਂ ਵੀ ਕੰਮ ਧੰਦੇ ਤੇ ਲੱਗ ਈ ਸਕਦੈ।

ਅਮਰਨਾਥ : ਪੋਤੇ ਦੀ ਜਿੱਦ ਏ ਦਸਵੀਂ ਪਾਸ ਕਰ ਕੇ ਈ ਕੰਮ ਧੰਦੇ ਤੇ ਲੱਗਣੈ। ਪਹਿਲਾਂ ਕਹਿੰਦਾ ਸੀ ਮੈਂ ਪੜ੍ਹ ਕੇ ਸਰਵਿਸ ਕਰਨੀ ਏ। ਮੈਂ ਉਹਨੂੰ ਸਮਝਾਇਆ ਕਿ ਜੇ ਤੂੰ ਬਹੁਤਾ ਪੜ੍ਹ ਗਿਆ ਤਾਂ ਕਿਸੇ ਕੋਲ ਨੌਕਰ ਰਹੇਂਗਾ। ਜੇ ਘੱਟ ਪੜ੍ਹਿਆ ਤਾਂ ਆਪਣੇ ਬਿਜਨਸ 'ਚ ਪੈ ਕੇ ਨੌਕਰ ਰਖੇਂਗਾ।

ਮਾਸਟਰ : ਗੱਲ ਤੁਹਾਡੀ ਠੀਕ ਏ। ਜਿਹੜਾ ਬੱਚਾ ਪੜ੍ਹਾਈ 'ਚ ਨਹੀਂ ਚਲ ਸਕਦਾ ਉਹ ਦੁਕਾਨਦਾਰੀ ਤੇ ਠੀਕ ਏ।

ਅਮਰਨਾਥ : ਮਾਸਟਰ ਜੀ ਪੋਤੇ ਦੀ ਥੋੜ੍ਹੀ ਬਹੁਤ ਮਦਦ ਕਰ ਦਿਓ ਕਿ ਪਾਸ ਹੋ ਜੇ, ਨੰਬਰਾਂ ਦੀ ਕੋਈ ਗੱਲ ਨਹੀਂ। ਵੈਸੇ ਵੀ ਨਿਆਣਾ ਫੇਲ੍ਹ ਹੋ ਜਾਏ ਤਾਂ ਰਿਸ਼ਤੇਦਾਰਾਂ 'ਚ ਬਦਨਾਮੀ ਬੜੀ ਹੁੰਦੀ ਏ। ਇਸੇ ਕਰਕੇ ਤੁਹਾਨੂੰ ਖੇਚਲ ਦਿੱਤੀ ਏ। ਬਾਕੀ ਮੇਰੇ ਲਾਇਕ ਕੋਈ ਸੇਵਾ ਹੋਏ ਤਾਂ ਨਿਝੱਕ ਹੋ ਕੇ ਦੱਸ ਦਿਓ।

ਮਾਸਟਰ : ਸ਼ਾਹ ਜੀ ਮੇਰੀ ਮਜ਼ਬੂਰੀ ਇਹ ਹੈ ਕਿ ਮੈਂ ਕਿਸੇ ਵਿਦਿਆਰਥੀ ਦੀ ਇਸ ਤਰ੍ਹਾਂ ਦੀ ਮਦਦ ਨਹੀਂ ਕਰ ਸਕਦਾ।

ਅਮਰਨਾਥ : ਪਰ ਕਿਉਂ?

ਮਾਸਟਰ : ਮੈਂ ਨਕਲ ਦੇ ਸਖ਼ਤ ਖਿਲਾਫ਼ ਹਾਂ। ਮੈਂ ਤਾਂ ਆਪਣੇ ਲੜਕੇ ਸੁਖਬੀਰ ਨੂੰ ਕਦੇ ਨਕਲ ਨਹੀਂ ਕਰਾਈ।

ਅਮਰਨਾਥ : ਠੀਕ ਏ ਨਕਲ ਦੇ ਖਿਲਾਫ਼ ਹੀ ਰਹੋ ਪਰ ਇੱਕ ਕੇਸ ਲਈ ਤਾਂ ਖੁੱਲ ਦੇ ਦਿਓ।

ਮਾਸਟਰ : ਇਹ ਕਿਵੇਂ ਹੋ ਸਕਦੈ? ਮੈਂ ਤਾਂ ਸਾਰਿਆਂ ਨੂੰ ਇੱਕੋ ਅੱਖ ਨਾਲ ਵੇਖਾਂਗਾ।

ਅਮਰਨਾਥ : (ਰੋਅਬ ਨਾਲ) ਪਰ ਅਸੀਂ ਇਸ ਤਰ੍ਹਾਂ ਦੀ ਅੱਖ ਨੂੰ ਕੱਢ ਦਿੰਦੇ ਹਾਂ ਜਿਹੜੀ ਸਾਨੂੰ ਚੰਗੀ ਨਾ ਲੱਗੇ।

ਮਾਸਟਰ : ਤੁਸੀਂ ਮੈਨੂੰ ਧਮਕੀ ਦੇ ਰਹੇ ਹੋ?

ਅਮਰਨਾਥ : ਨਹੀਂ ਖਬਰਦਾਰ ਕਰ ਰਿਹਾਂ। ਅੱਜ ਤੱਕ ਕਿਸੇ ਦੀ ਜੁਰਤ ਨਹੀਂ ਹੋਈ ਕਿ ਕੋਈ ਲਾਲਾ ਅਮਰਨਾਥ ਦੇ ਕੰਮ 'ਚ ਘੜੰਮ ਪਾਏ।

ਮਾਸਟਰ : (ਤੈਸ਼ ਵਿਚ) ਫਿਰ ਮੈਂ ਵੀ ਵੇਖਾਂਗਾ ਕਿ ਮੇਰੇ ਕੰਮ 'ਚ ਘੜੰਮ ਕੌਣ ਪਾਉਂਦੈ? ਨਕਲ ਕਰਨ ਵਾਲੇ ਨੂੰ ਮੈਂ ਬਖਸ਼ਾਂਗਾ ਨਹੀਂ।

ਅਮਰਨਾਥ : ਤੇ ਮੈਂ ਤੈਨੂੰ ਨਹੀਂ ਬਖਸ਼ਾਂਗਾ, ਮਾਸਟਰ।



ਮਾਸਟਰ : ਮੈਂ ਇਵੇਂ ਦੀਆਂ ਗਿੱਦੜ ਧਮਕੀਆਂ ਤੋਂ ਕਦੇ ਨਹੀਂ ਡਰਿਆ।

ਅਮਰਨਾਥ : (ਉੱਚੀ ਆਵਾਜ਼ ਵਿਚ) ਮਾਸਟਰ!

ਮਾਸਟਰ : ਕਿਉਂ ਹੌਲੀ ਨਹੀਂ ਬੋਲ ਸਕਦਾ, ਮੇਰੇ ਕੰਨ ਅਜੇ ਠੀਕ ਨੇ।

ਅਮਰਨਾਥ : ਨਹੀਂ ਤੂੰ ਕੰਨ ਵਲ੍ਹੇਟ ਕੇ ਬੈਠਾ ਏਂ। ਤੂੰ ਮੇਰੀ ਤਾਕਤ ਨੂੰ ਚੈਲੰਜ ਕਰ ਰਿਹੈਂ। ਮੈਂ ਚਾਹਵਾਂ ਤੇ ਤੈਨੂੰ ਡਿਊਟੀ ਤੋਂ ਵੀ ਹਟਾ ਸਕਦਾ ਹਾਂ।

ਮਾਸਟਰ : ਜੇ ਤੁਸੀਂ ਮੇਰੇ ਤੇ ਇੰਨੀ ਕੁ ਮੇਹਰ ਕਰ ਦਿਓ ਤਾਂ ਤੁਹਾਡੀ ਬੜੀ ਬੜੀ ਮੇਹਰਬਾਨੀ।

ਅਮਰਨਾਥ : ਕੋਈ ਨਹੀਂ ਤੇਰੇ ਤੇ ਮੇਹਰ ਤਾਂ ਜ਼ਰੂਰ ਕਰਾਂਗੇ। ਮੈਂ ਚਾਹਵਾਂ ਤਾਂ ਤੈਨੂੰ ਹੁਣੇ ਹਵਾਲਾਤ 'ਚ ਬੰਦ ਕਰਵਾ ਸਕਦਾ ਵਾਂ।

ਮਾਸਟਰ : ਕਿਹੜੀ ਗੱਲੋਂ? ਮੈਂ ਕੋਈ ਅਫੀਮ ਤਾਂ ਨਹੀਂ ਵੇਚਦਾ।

ਅਮਰਨਾਥ : ਤੇਰੇ ਤੇ ਆਹ ਕੇਸ ਵੀ ਪਵਾ ਸਕਦਾ ਵਾਂ ਕਿ ਤੂੰ ਫੀਮ ਵੇਚਦੈਂ, ਤੇਰੇ ਨਿਆਣਿਆਂ ਤੇ ਤਰਸ ਖਾ ਰਿਹਾਂ। ਮੈਂ ਕਿਸੇ ਘਰ ਚਲਾ ਜਾਵਾਂ ਤਾਂ ਲੋਕ ਧੰਨ ਭਾਗ ਧੰਨ ਭਾਗ ਕਰਦੇ ਨੇ। ਮੇਰੀ ਐਥੇ ਆਏ ਦੀ ਚੰਗੀ ਇੱਜ਼ਤ ਕੀਤੀ ਤੂੰ?

ਮਾਸਟਰ : ਮੈਂ ਜਿੰਨੀ ਕੁ ਇੱਜ਼ਤ ਕਰ ਸਕਦਾ ਸੀ, ਕੀਤੀ। ਮੈਂ ਤੁਹਾਨੂੰ ਕੁਰਸੀ ਤੇ ਬਿਠਾਇਆ। ਦੋ ਮਿੰਟ ਰੁਕ ਜਾਓ, ਚਾਹ ਪੀ ਕੇ ਜਾਇਓ।

ਅਮਰਨਾਥ : ਮੈਂ ਥੁੱਕਣਾਂ ਇੰਦਾਂ ਦੀ ਚਾਹ ਤੇ। (ਕੁਰਸੀ ਵੱਲ ਇਸ਼ਾਰਾ ਕਰਦਾ ਹੋਇਆ) ਇੰਦਾਂ ਦੀ ਟੁੱਟੀ ਜਿਹੀ ਕੁਰਸੀ ਸੰਤ ਸੰਤਾਲੀ ਵਾਲੇ ਮਾਡਲ ਤੇ ਤਾਂ ਮੈਂ ਬਹਿੰਦਾ ਈ ਨਈਂ। ਸਾਡੇ ਘਰ ਕੀਮਤੀ ਕੀਮਤੀ ਗਦੇਲੇ ਨੇ। ਮੈਂ ਇੱਕ ਵਾਰ ਫਿਰ ਕਹਿ ਰਿਹਾਂ ਨਿਆਣਾ ਪਾਸ ਹੋਣਾ ਚਾਹੀਦੈ।

ਮਾਸਟਰ : ਮੈਂ ਵੀ ਅਰਜ ਕਰ ਰਿਹਾਂ ਕਿ ਨਾ ਤਾਂ ਮੈਂ ਕਿਸੇ ਨੂੰ ਪਾਸ ਕਰਾ ਸਕਦਾ ਹਾਂ ਤੇ ਨਾ ਹੀ ਫੇਲ੍ਹ।

ਅਮਰਨਾਥ : ਕੋਈ ਗੱਲ ਨਈਂ ਤੇਰੇ ਸਾਰੇ ਸੁਪਰਵਾਈਜ਼ਰ ਮੇਰੇ ਇਸ਼ਾਰਿਆਂ ਤੇ ਈ ਨੱਚਦੇ ਨੇ।ਤੂੰ ਕੱਲਾ ਕੀ ਕਰ ਲਏਂਗਾ?

ਮਾਸਟਰ : ਮੈਂ ਪੂਰੀ ਵਾਹ ਲਾਵਾਂਗਾ ਕਿ ਨਕਲ ਨਾ ਹੋਵੇ।

ਅਮਰਨਾਥ : ਵਾਹ ਤਾਂ ਈ ਲਾਵੇਂਗਾ ਜੇ ਪੇਪਰ ਵਾਲੇ ਦਿਨ ਸਕੂਲ ਪਹੁੰਚੇਂਗਾ। ਮੇਰੇ ਬੰਦੇ ਤੇਰਾ ਰੋੜਿਆਂ ਨਾਲ ਸਵਾਗਤ ਕਰਨਗੇ ਮਾਸਟਰਾ! ਤੂੰ ਸਮਝ ਕੀ ਰੱਖਿਐ ਆਪਣੇ ਆਪ ਨੂੰ?

ਮੰਗਲਾਂ : (ਗੁੱਸੇ ਵਿਚ) ਸ਼ਾਹ ਜੀ, ਚੁੱਪ ਕਰਕੇ ਐਥੋਂ ਖਿਸਕ ਜਾਓ। ਜੇ ਤੁਹਾਡੀ ਸਰਕਾਰੇ ਦਰਬਾਰੇ ਚਲਦੀ ਏ ਤਾਂ ਇਹਦਾ ਮਤਲਬ ਇਹ ਤੇ ਨਹੀਂ ਕਿ ਤੁਸੀਂ ਸਾਡੇ ਤੇ ਨਜ਼ੈਜ਼ ਰੋਅਬ ਪਾਈ ਜਾਓ।

ਅਮਰਨਾਥ : ਬੰਦਿਆਂ ਦੀ ਗੱਲ 'ਚ ਜ਼ਨਾਨੀਆਂ ਦਾ ਕੰਮ ਨੀਂ ਹੁੰਦਾ ਦਖਲਅੰਦਾਜ਼ੀ ਕਰਨਾ। ਤੁਸੀਂ ਮੇਰੇ ਘਰ ਆਏ ਦੀ ਬੇਇੱਜ਼ਤੀ ਕੀਤੀ ਏ।

ਮੰਗਲਾਂ : ਨਾ ਹੋਰ ਅਸੀਂ ਤੇਰੇ ਗਲ 'ਚ ਹਾਰ ਪੌਂਦੇ। ਮਨ 'ਚ ਜੋ ਆਇਐ ਤੂਸੀਂ ਅਵਾ ਤਵਾ ਬੋਲਿਆ। ਜੇ ਹੋਰ ਗਲਤ ਬੋਲਿਆ ਤਾਂ ਇਸਤਰੀ ਸਭਾ ਨੂੰ ਨਾਲ ਲੈ ਕੇ ਤੁਹਾਡਾ ਜਲੂਸ ਕਢਾਂਗੀ ਸਾਰੇ ਮੁਹੱਲੇ 'ਚ।

ਅਮਰਨਾਥ : ਤੂੰ ਮੇਰਾ ਜਲੂਸ ਕੱਢੇਂਗੀ? ਕਲ੍ਹ ਦੀ ਭੂਤਨੀ ਤੇ ਸਿਵਿਆਂ 'ਚ ਅੱਧ। ਜ਼ੁਬਾਨ ਕਿਵੇਂ ਕੁਤਰ ਕੁਤਰ ਚਲਦੀ ਏ ਇਹਦੀ।

ਮੰਗਲਾਂ : ਤੇਰੀ ਨਹੀਂ ਚਲਦੀ ਜ਼ੁਬਾਨ? ਤੂੰ ਤਾਂ ਗੂੰਗਾ ਹੋਣੈਂ। ਚੁੱਪ ਕਰਕੇ ਚਲਾ ਜਾ ਜੇ ਭਲੀ ਚਾਹੁੰਦੈਂ।

ਮਾਸਟਰ : (ਮੰਗਲਾਂ ਨੂੰ) ਛੱਡ, ਘਰ ਆਏ ਨਾਲ ਫਿੱਕਾ ਨਹੀਂ ਬੋਲਣਾ ਚਾਹੀਦਾ।

ਅਮਰਨਾਥ : ਨਾ ਅੱਗੋ ਤੂੰ ਚੰਗਾ ਮੇਰੇ ਨਾਲ ਮਿੱਠਾ ਬੋਲਿਐਂ। ਤੁਹਾਨੂੰ ਤੀਰ ਵਾਂਗੂੰ ਸਿੱਧਾ ਨਾ ਕੀਤਾ ਤਾਂ ਮੇਰਾ ਨਾਂ ਵੀ ਅਮਰਨਾਥ ਨਹੀਂ।

ਮੰਗਲਾਂ : ਤੀਰ ਵਾਂਗੂੰ ਤਾਂ ਤੂੰ ਈ ਸਿੱਧਾ ਹੋਏਂਗਾ ਜਦ ਤੇਰੀ ਆਹ ਗੋਗੜ ਦੇ ਵਲ ਛਲ ਕੱਢੇ ਕਿਸੇ ਡਾਹਢੇ ਦੇ ਪੁੱਤ ਨੇ।

ਅਮਰਨਾਥ : ਮੇਰੇ ਵਲ ਛਲ ਕੱਢਣ ਵਾਲਾ ਕੋਈ ਜੰਮਿਆ ਨੀਂ ਮਾਈ ਦਾ ਲਾਲ। (ਜਾਂਦਾ ਹੋਇਆ) ਤੁਹਾਡੀ ਖੁਰਕ ਨਾ ਲਾਹੀ ਤਾਂ ਮੈਂ ਵੀ ਅਮਰਨਾਥ ਨਈਂ!

ਗਿਆਨ : ਭਲੇ ਮਾਣਸ ਦੀ ਤਾਂ ਕੋਈ ਗੱਲ ਨਹੀਂ ਰਹਿ ਗਈ ਅੱਜ ਕਲ੍ਹ। ਲਾਲੇ ਨੂੰ ਰੱਬ ਨਹੀਂ ਯਾਦ।

ਮਾਸਟਰ : ਬਸ ਹੁਣ ਤੇ ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ। ਪੈਸੇ ਨੇ ਸਾਰਾ ਤਾਣਾ ਬਾਣਾ ਖਰਾਬ ਕਰ ਦਿੱਤੈ। ਪੈਸੇ ਨਾਲ ਜਦ ਚਾਹੋ ਜਿਹਨੂੰ ਮਰਜ਼ੀ ਪ੍ਰੇਸ਼ਾਨੀ 'ਚ ਪਾ ਛੱਡੋ।

ਮੰਗਲਾਂ : ਆਹ ਮਰ ਜਾਣਾ ਕਿੱਥੋਂ ਆ ਗਿਐ ਹਾਥੀ ਜਿੱਡੀ ਧੌਣ ਕੱਢਕੇ।

ਮਾਸਟਰ : ਕੋਈ ਗੱਲ ਨਹੀਂ । ਜ਼ਿੰਦਗੀ 'ਚ ਕਈ ਉੱਚੇ ਨੀਵੇਂ ਥਾਵਾਂ ਤੋਂ ਲੰਘਣਾ ਪੈਂਦੇ ਪਰ ਆਦਮੀ ਦਾ ਫਰਜ਼ ਏ ਕਿ ਆਪਣੇ ਰਸਤੇ ਤੇ ਚਲਦੇ ਚਲਦੇ ਅਸੂਲ ਨਾ ਛੱਡੇ।

ਗਿਆਨ : ਭਰਜਾਈ ਅੱਜ ਤਾਂ ਬਣ ਗਈ ਝਾਂਸੀ ਦੀ ਰਾਣੀ। ਲਾਲੇ ਦੇ ਮੂੰਹ ਤੇ ਹਵਾਈਆਂ ਉੱਡਣ ਲੱਗ ਪਈਆਂ। ਅਜੇ ਦੋ ਚਾਰ ਕਰਾਰੀਆਂ ਕਰਾਰੀਆਂ ਸੁਣਾਈਆਂ ਸੀ ਕਿ ਰੱਬ ਤੁਹਾਡਾ ਭਲਾ ਕਰੇ ਲਾਲੇ ਨੂੰ ਭੱਜਣ ਵਾਸਤੇ ਰਾਹ ਨਾ ਲੱਭੇ।

ਮਾਸਟਰ : ਹਾਂ, ਜ਼ਿੰਦਗੀ 'ਚ ਪਹਿਲੀ ਵਾਰ ਇਹਨੇ ਮੇਰਾ ਸਾਥ ਦਿੱਤੈ ਅੱਜ।



ਗਿਆਨ : ਮਾਸਟਰ ਜੀ, ਤੁਸੀਂ ਘਬਰਾਓ ਨਾ। ਜਿਸ ਦਿਨ ਪੇਪਰ ਹੋਣੈਂ ਮੈਨੂੰ ਦੱਸ ਦਿਓ। ਪੰਜ ਸੱਤ ਬੰਦੇ ਨਾਲ ਲੈ ਕੇ ਤੁਹਾਨੂੰ ਪੇਪਰ ਵਾਲੀ ਥਾਂ ਛੱਡਣ ਜਾਵਾਂਗਾ। ਤੁਹਾਡੀ ਵ੍ਹਾ ਵੱਲ ਨਈਂ ਕੋਈ ਵੇਖ ਸਕਦਾ।

ਮਾਸਟਰ : ਠੀਕ ਏ, ਮੈਂ ਜ਼ਰੂਰ ਦੱਸਾਂਗਾ। ਲਾਲੇ ਦੀ ਧਮਕੀ ਕਰਕੇ ਕੋਈ ਹੀਲਾ ਵਸੀਲਾ ਤਾਂ ਕਰਨਾ ਈ ਪਏਗਾ।

(ਪਿੱਛੋਂ ਆਵਾਜ਼ਾਂ ਆਉਂਦੀਆਂ ਨੇ : ਦੌੜੋ, ਦੌੜੋ। ਬਿਜਲੀ ਵਾਲੇ ਪੈ ਗਏ। ਕਿੰਨੇ ਘਰਾਂ ਦੀਆਂ ਤਾਰਾਂ ਫੜ੍ਹੀਆਂ ਗਈਆਂ ਨੇ।

ਗਿਆਨ : (ਘਬਰਾਹਟ ਵਿਚ) ਹੈਂ! ਬਿਜਲੀ ਵਾਲਿਆਂ ਛਾਪਾ ਮਾਰ ਦਿੱਤੈ! ਸਾਲੇ ਇਹ ਨਈਂ ਰਮਾਣ ਕਰਨ ਦੇਂਦੇ। ਜਦ ਦਿਲ ਕੀਤਾ ਮੂੰਹ ਚੁੱਕ ਕੇ ਦਗੜ-ਦਗੜ ਕਰਦੇ ਆ ਜਾਂਦੇ ਨੇ।

ਮਾਸਟਰ : ਬਿਜਲੀ ਵਾਲੇ ਆ ਗਏ ਤਾਂ ਫਿਰ ਕੀ ਹੋਇਐ? ਕੋਈ ਤੂਫਾਨ ਤਾਂ ਨਈਂ ਨਾ ਗਿਆ।

ਗਿਆਨ : ਘਰ ਕੁੰਡੀ ਲਾਈ ਹੋਈ ਏ। ਕਿਤੇ ਕੋਈ ਪਤੰਦਰ ਸਾਡੇ ਘਰ ਈ ਨਾ ਜਾ ਵੜੇ। ਐਵੇਂ ਰਾਹ ਜਾਂਦਾ ਦੋ-ਢਾਈ ਹਜ਼ਾਰ ਜ਼ੁਰਮਾਨਾ ਈ ਨਾ ਭਰਨਾ ਪੈ ਜਾਏ।

(ਇੱਕ ਬਿਜਲੀ ਵਾਲਾ ਆਉਂਦਾ ਹੈ ਜੋ ਸਾਹੋ-ਸਾਹੀ ਹੋਇਆ ਹੈ।

ਬਿਜਲੀਵਾਲਾ : ਕਿੱਥੇ ਲੱਗੀ ਘਰ ਦਾ ਮੀਟਰ?

ਮਾਸਟਰ : ਕੀ ਗੱਲ ਹੋ ਗਈ? ਸਾਹ 'ਚ ਸਾਹ ਨਹੀਂ ਰਲਦਾ ਪਿਐ ਤੁਹਾਡਾ।

ਬਿਜਲੀਵਾਲਾ : ਛੇਤੀ ਦੱਸੋ ਕਿੱਥੇ ਐ ਮੀਟਰ? (ਆਸੇ ਪਾਸੇ ਨਿਗ੍ਹਾ ਮਾਰ ਕੇ ਇਧਰ-ਉਧਰ ਚੱਕਰ ਕੱਢਦਾ ਹੈ।)

ਮਾਸਟਰ : ਆਪਣੀ ਜਾਣ-ਪਛਾਣ?

ਬਿਜਲੀਵਾਲਾ : ਮੈਂ ਲਾਈਨਮੈਨ ਬਹਾਦਰ ਸਿੰਘ ਆਂ। ਮੈਂ ਮੀਟਰ ਦਾ ਪੁੱਛ ਰਿਹਾਂ ਤੇ ਤੁਸੀਂ ਮੇਰੀ ਜਾਣ-ਪਛਾਣ ਪੁੱਛਣੀ ਸ਼ੁਰੂ ਕਰ ਦਿੱਤੀ। ਦਿਨ ਰਾਤ ਬਿਜਲੀ ਚੋਰੀ ਕਰਦੇ ਬਸ ਨਹੀਂ ਕਰਦੇ।

ਮਾਸਟਰ : ਐਵੇਂ ਔਖੇ ਬੋਲਣ ਦੀ ਲੋੜ ਨਹੀਂ। ਟਾਕ ਸੈਨਸ (ਖੱਬੇ ਪਾਸੇ ਇਸ਼ਾਰਾ ਕਰਦਾ ਹੈ।) ਉਸ ਬੈਠਕ ਵਿਚ ਲੱਗੀ ਮੀਟਰ। (ਬਿਜਲੀ ਵਾਲਾ ਅੰਦਰ ਜਾਂਦਾ ਹੈ।) ਸਾਨੂੰ ਕੀ ਡਰ ਏ? ਅਸਾਂ ਕਦੇ ਬਿਜਲੀ ਚੋਰੀ ਨਹੀਂ ਕੀਤੀ। ਠਾਠ ਨਾਲ ਰਹਿੰਦੇ ਆਂ। (ਬਹਾਦਰ ਸਿੰਘ ਆਉਂਦਾ ਹੈ) ਕਿਉਂ ਕਰ ਲਿਆ ਨੋਟ।

ਬਹਾਦਰ ਸਿੰਘ : ਇਕ ਇਹੋ ਘਰ ਈ ਬਚਿਐ। ਬਾਕੀ ਸਾਰਾ ਮੁਹੱਲਾ ਈ ਬਿਜਲੀ ਚੋਰਾਂ ਦਾ ਏ।

ਗਿਆਨ : ਸਾਰਾ ਮੁਹੱਲਾ ਈ? ਜ਼ਰਾ ਦੱਸਿਓ ਕਿਹਦੇ-ਕਿਹਦੇ ਘਰੋਂ ਤਾਰਾਂ ਫੜੀਆਂ ਗਈਆਂ ਨੇ।

ਬਹਾਦਰ ਸਿੰਘ : ਜੇਬ ਵਿਚੋਂ ਕਾਗਜ਼ ਕੱਢ ਕੇ ਪੜ੍ਹਦਾ ਹੋਇਆ ) ਸੁਣੋ, ਧਰਮ ਸਿੰਘ, ਸ਼ਰਮ ਸਿੰਘ, ਮਾਨ ਸਿੰਘ, ਨੁਕਸਾਨ ਸਿੰਘ, ਗਿਆਨ ਸਿੰਘ, ਬੂਟਾ ਰਾਮ ..........

(ਗਿਆਨ ਸਿੰਘ ਆਪਣਾ ਨਾਂ ਸੁਣ ਕੇ ਘਬਰਾਹਟ ਵਿਚ ਉੱਠ ਪੈਂਦਾ ਹੈ)

ਗਿਆਨ : ਭਾਈ ਸਾਹਿਬ, ਗਿਆਨ ਵੀ ਬੋਲਿਐ ਤੁਸੀਂ?

ਬਹਾਦਰਸਿੰਘ : ਆਹੋ, ਗਿਆਨ ਸਿੰਘ ਮੀਟਰ ਨੰ. A 230.

ਗਿਆਨ : ਹਾਂ, ਹਾਂ ਮੇਰਾ ਮੀਟਰ ਏ।

ਬਹਾਦਰ ਸਿੰਘ : ਹੁਣ ਲੱਗੇਗਾ ਦੋ ਹਜ਼ਾਰ ਦਾ ਟੀਕਾ ਤੇ ਫਿਰ ਆਏਗੀ ਹੋਸ਼ ਟਿਕਾਣੇ।

ਗਿਆਨ : ਦੋ ਹਜ਼ਾਰ?

ਬਹਾਦਰ ਸਿੰਘ : ਨਾ ਹੋਰ ਤੁਹਾਨੂੰ ਸੁੱਕੇ ਛੱਡ ਦੇਈਏ। ਹੁਣੇ ਭਰ ਦਿਓਗੇ ਤਾਂ ਸੌ ਦੋ ਸੌ ਦੀ ਅਸੀਂ ਕਸਰ ਖਾ ਸਕਦੇ ਆ।

ਗਿਆਨ : ਨਾ, ਨਾ, ਹੋਰ ਘੱਟ ਕਰੋ ਬਾਦਸ਼ਾਹੋ।

ਬਹਾਦਰ ਸਿੰਘ : ਅਸੀਂ ਬਾਦਸ਼ਾਹ ਹੁੰਦੇ ਤਾਂ ਘਰ-ਘਰ ਚੱਕਰ ਪਏ ਕੱਟਦੇ? ਜਿਹੜੇ ਘਰ ਛਾਪਾ ਮਾਰਿਆ ਉਹਨਾਂ ਦੇ ਚਾਰ-ਚਾਰ ਪੱਖੇ, ਫਰਿੱਜ, ਟੈਲੀਵਿਜ਼ਨ ਵਗੈਰਾ ਸਭ ਚਲ ਰਹੇ ਸੀ। ਤਾਰਾਂ ਨਾ ਲਾਈਆਂ ਹੁੰਦੀਆਂ ਮੀਟਰਾਂ ਨੂੰ ਪੈ ਜਾਣਾ ਸੀ ਭੜਥੂ।

ਗਿਆਨ : ਤੁਹਾਡੀ ਗੱਲ ਠੀਕ ਏ। ਰੱਬ ਤੁਹਾਡਾ ਭਲਾ ਕਰੇ ਇੱਕ ਹਜ਼ਾਰ ਰੁਪਿਆ ਮੈਂ ਲਿਆ ਕੇ ਦੇ ਦੇਨਾਂ।

ਬਹਾਦਰ ਸਿੰਘ : ਹਜ਼ਾਰ ਨਾਲ ਗੱਲ ਸਿਰੇ ਚੜ੍ਹਨੀ ਨਹੀਂ। ਸਾਡੇ ਉਪਰ ਜਿਹੜੇ ਪਿਓ ਬੈਠੇ ਨੇ ਉਨ੍ਹਾਂ ਹਿੱਸਾ ਠੋਕ ਕੇ ਮੰਗਣੈਂ, ਬਾਕੀ ਬਿਜਲੀ ਬੋਰਡ ਵਾਸਤੇ ਵੀ ਕੁਝ ਨਾ ਕੁਝ ਰਸੀਦ ਕੱਟਣੀ ਪਊ। ਤੁਹਾਨੂੰ ਤਾਂ ਪਤੈ ਸਾਰਾ ਤਾਣਾ-ਬਾਣਾ ਈ ਉਲਟਿਆ ਪਿਐ।

ਗਿਆਨ : ਹੋਰ ਸੌ ਲੈ ਲਈਂ, ਹੁਣ ਜਾਨ ਵੀ ਛੱਡ।

ਬਹਾਦਰ ਸਿੰਘ : ਠੀਕ ਏ, ਜਲਦੀ-ਜਲਦੀ ਲੈ ਆ ਨਹੀਂ ਤਾਂ ਕੰਮ ਔਖਾ ਹੋ ਜੂ। ਮੈਂ ਐਥੇ ਈ ਬੈਠਾ ਵਾਂ।

ਮਾਸਟਰ : ਨਾ ਭਰਾ ਮੈਂ ਨਹੀਂ ਤੈਨੂੰ ਇਥੇ ਬੈਠਣ ਦੇਣਾਂ। ਲੋਕ ਇਹ ਸਮਝਣਗੇ ਕਿ ਮਾਸਟਰ ਹੋਰੀਂ ਵੀ ਬਿਜਲੀ ਚੋਰੀ ਕਰਦੇ ਫੜ੍ਹੇ ਗਏ ਨੇ ਤੇ ਹੁਣ ਸੌਦੇਬਾਜ਼ੀ ਕਰ ਰਹੇ ਨੇ। ਸਾਥੋਂ ਨਹੀਂ ਝੱਲਣ ਹੁੰਦੀ ਨਮੋਸ਼ੀ। ਗਿਆਨ ਸਿੰਘ ਜੀ ਆਹ ਭਾਈ ਸਾਹਬ ਨੂੰ ਨਾਲ ਈ ਲੈ ਜਾਓ।

ਗਿਆਨ : ਆ ਜਾਓ ਭਾਈ ਸਾਹਿਬ ਮੇਰੇ ਨਾਲ ਈ। ਮਾਸਟਰ ਹੋਰੀਂ ਅਸੂਲਾਂ ਦੇ ਬੜੇ ਪੱਕੇ ਨੇ। (ਦੋਵੇਂ ਚਲੇ ਜਾਂਦੇ ਹਨ)

ਮਾਸਟਰ : ਵੇਖਿਆ ਮੰਗਲਾਂ, ਬੜੇ ਖੁਸ਼ ਹੁੰਦੇ ਸੀ ਲੋਕ ਕਿ ਇੰਨੀਆਂ ਯੂਨਿਟਾਂ ਬਿਜਲੀ ਬਚਾ



ਲਈ, ਹੁਣ ਇਹਨਾਂ ਨੂੰ ਕਿਵੇਂ ਪਿੱਸੂ ਪਏ ਨੇ। ਗਿਆਨ ਸਿੰਘ ਵੱਲ ਵੇਖ ਵੇਖ ਮੈਨੂੰ ਤਾਂ ਤਰਸ ਆ ਰਿਹਾ ਸੀ। ਮੇਰਾ ਯਾਰ ਜੁ ਹੋਇਆ। ਗਲਤੀ ਤਾਂ ਕਰ ਬੈਠੇ, ਹੁਣ ਪਛਤਾਉਂਦਾ ਹੋਣੈਂ।

ਮੰਗਲਾਂ : ਲੋਕ ਤਾਂ ਮੈਨੂੰ ਵੀ ਬਥੇਰਾ ਜ਼ੋਰ ਦੇਂਦੇ ਸੀ ਕਿ ਤਾਰ ਲਾਓ ਤੇ ਬਿਜਲੀ ਬਚਾਓ। ਆਹ ਤਾਂ ਚੰਗਾ ਹੋਇਐ ਤੁਸੀਂ ਨਾ ਮੰਨੇ। ਅੱਜ ਪਹਿਲੀ ਵਾਰ ਮੁੱਲ ਪਿਆ ਇਮਾਨਦਾਰੀ ਦਾ।

ਮਾਸਟਰ : ਸਿਆਣੇ ਦੇ ਕਹੇ ਦਾ ਤੇ ਔਲੇ ਦੇ ਖਾਧੇ ਦਾ ਬਾਅਦ 'ਚ ਪਤਾ ਲੱਗਦੈ। (ਸੁਖਬੀਰ ਹੱਥ 'ਚ ਬੈਗ ਚੁੱਕੀ ਆਉਂਦਾ ਹੈ। ਮੂੰਹ ਤੇ ਡਾਹਢੀ ਪਰੇਸ਼ਾਨੀ ਦੇ ਚਿੰਨ੍ਹ ਨਜ਼ਰ ਆ ਰਹੇ ਹਨ।

ਮੰਗਲਾਂ : ਆ ਗਿਐ ਮੇਰਾ ਪੁੱਤ।

ਸੁਖਬੀਰ : ਹਾਂ ........ (ਮੰਜੇ ਤੇ ਬੈਠ ਜਾਂਦਾ ਹੈ)

ਮਾਸਟਰ : ਕਿਵੇਂ ਰਹੀ ਇੰਟਰਵਿਊ?

ਸੁਖਬੀਰ : ਇੰਟਰਵਿਊ ਤਾਂ ਠੀਕ ਰਹੀ, ਪਰ ਫਾਇਦਾ ਕੋਈ ਨਹੀਂ ਹੋਇਆ।

ਮਾਸਟਰ : ਆਪਣੀ ਇੰਟਰਵਿਊ ਬਾਰੇ ਕੋਈ ਗੱਲ ਤਾਂ ਦੱਸ।

ਸੁਖਬੀਰ : ਇੰਟਰਵਿਊ ਬੋਰਡ ਦੇ ਮੈਂਬਰਾਂ ਨੇ ਜਿੰਨੇ ਕੁਐਸ਼ਚਨ ਕੀਤੇ, ਮੈਂ ਹਰ ਇੱਕ ਦਾ ਠੀਕ ਆਨਸਰ ਦਿੱਤਾ।

ਮਾਸਟਰ : ਫੇਰ?

ਸੁਖਬੀਰ : ਇੱਕ ਮੈਂਬਰ ਨੇ ਮੈਨੂੰ ਕਿਹਾ - ਸਰਟੀਫਿਕੇਟ ਵਿਖਾਓ। ਮੈਂ ਸਾਰੇ ਸਰਟੀਫਿਕੇਟ ਅੱਗੇ ਕਰ ਦਿੱਤੇ। ਗਰੈਜੁਏਸ਼ਨ ਦਾ, ਪੋਸਟ ਗਰੈਜੁਏਸ਼ਨ ਦਾ, ਐਨ. ਸੀ. ਸੀ., ਐਨ. ਐਸ. ਐਸ., ਸਭਿਆਚਾਰਕ ਪ੍ਰਾਪਤੀਆਂ ਦਾ। ਸਭ ਕੁਝ ਵੇਖ ਕੇ ਕਹਿੰਦੈ ਹੋਰ ਸਰਟੀਫਿਕੇਟ?

ਮਾਸਟਰ : ਅੱਛਾ!

ਸੁਖਬੀਰ : ਮੈਂ ਉਹ ਰਸਾਲੇ ਵਿਖਾਏ ਜਿਨ੍ਹਾਂ 'ਚ ਮੇਰੇ ਲੇਖ ਛਪੇ ਸਨ, ਪਰ ਉਹਨੇ ਅੱਖਾਂ ਪਰੇ ਕਰ ਲਈਆਂ ਤੇ ਸ਼ਰਾਰਤੀ ਜਿਹਾ ਹਾਸਾ ਹੱਸ ਕੇ ਕਹਿੰਦੈ, ਤੁਸੀਂ ਜਾ ਸਕਦੇ ਹੋ।

ਮਾਸਟਰ : ਇਹਨਾਂ ਇੰਟਰਵਿਊ ਲੈਣ ਵਾਲਿਆਂ ਦਾ ਤਾਂ ਬੇੜਾ ਈ ਡੁੱਬ ਗਿਐ। ਹਰਾਮਜ਼ਾਦੇ ਨੋਟਾਂ ਦੀਆਂ ਥੈਲੀਆਂ ਭਾਲਦੇ ਨੇ। ਕਿੱਥੋਂ ਦੇਈਏ ਇਹਨਾਂ ਨੂੰ ਪੰਡਾਂ ਨੋਟਾਂ ਦੀਆਂ?

ਸੁਖਬੀਰ : ਮੇਰਾ ਦਿਲ ਕਰੇ ਘਸੁੰਨ ਮਾਰ ਕੇ ਉਸ ਖਚਰਾ ਹਾਸਾ ਹੱਸਣ ਵਾਲੇ ਮੈਂਬਰ ਦਾ ਹੁਲੀਆ ਵਿਗਾੜ ਦਿਆਂ, ਪਰ ਮੈਂ ਗੁੱਸਾ ਪੀ ਗਿਆ। ਭਾਵੇਂ ਪੈਸੇ ਨਾਲ ਪੋਸਟਾਂ

ਖਰੀਦੀਆਂ ਜਾਂਦੀਆਂ ਨੇ ਮੈਨੂੰ ਫਿਰ ਵੀ ਆਪਣੀ ਸਿਲੈਕਸ਼ਨ ਦੀ ਆਸ ਸੀ, ਪਰ ਜਦ ਸਿਲੈਕਸ਼ਨ ਲਿਸਟ ਵੇਖੀ ਤਾਂ ਮੇਰੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਲਗਾਤਾਰ ਤੀਜੀ ਵਾਰ ਮੇਰੇ ਨਾਲ ਇੰਜ ਹੋਇਆ। ਹੁਣ ਤਾਂ ਮੇਰਾ ਇੰਟਰਵਿਊ ਦੇਣ ਤੇ ਵੀ ਦਿਲ ਨਹੀਂ ਕਰਦਾ।

ਮੰਗਲਾਂ : ਨਾ ਪੁੱਤ, ਐਵੇਂ ਢੇਰੀ ਤਾਂ ਨਹੀਂ ਢਾਹ ਦੇਈਦੀ।

ਸੁਖਬੀਰ : ਨੌਕਰੀ ਦੀ ਮੈਨੂੰ ਕੋਈ ਆਸ ਨਹੀਂ ਰਹੀ। ਅੱਧੀਆਂ ਪੋਸਟਾਂ ਤਾਂ ਪਹਿਲਾਂ ਈ ਰਿਜ਼ਰਵ ਰੱਖੀਆਂ ਹੁੰਦੀਆਂ ਨੇ ਤੇ ਬਾਕੀ ਅੱਧੀਆਂ ਪੋਸਟਾਂ ਤੇ ਪੈਸੇ ਦਾ ਕੰਪੀਟੀਸ਼ਨ ਹੁੰਦਾ ਏ। ਅਸੀਂ ਤਾਂ ਕਿਸੇ ਪਾਸੇ ਜੋਗੇ ਵੀ ਨਾ ਹੋਏ।

(ਗਿਆਨ ਸਿੰਘ ਆਉਂਦਾ ਹੈ)

ਗਿਆਨ : ਆ ਗਿਐ ਸੁਖਬੀਰ? ਕਿਵੇਂ ਰਿਹੈ?

ਸੁਖਬੀਰ : ਧੂੜ ਫੱਕ ਕੇ ਆ ਗਿਆਂ। ਜਿਵੇਂ ਗਿਆ ਸੀ ਉਦਾਂ ਈ ਆ ਗਿਆਂ।

ਗਿਆਨ : (ਹੈਰਾਨ ਹੋ ਕੇ) ਜਿੱਥੇ ਤੇਰੇ ਵਰਗੇ ਲੈਕ ਮੁੰਡਿਆਂ ਨੂੰ ਨੌਕਰੀ ਨਾ ਮਿਲੇ ਉੱਥੇ ਆਮ ਮੁੰਡਿਆਂ ਦਾ ਕੀ ਬਣੂ?

ਮਾਸਟਰ : ਗੱਲ ਨੰਬਰਾਂ ਦੀ ਨਹੀਂ, ਚੜ੍ਹਾਵੇ ਦੀ ਏ।

ਗਿਆਨ : ਮੈਂ ਸੁਣਿਐ ਬਾਲਮੀਕਾਂ ਦੇ ਘੋਗੇ ਨੂੰ ਨੌਕਰੀ ਮਿਲ ਗਈ ਏ ਉਹ ਵੀ ਤਾਂ ਸੁਖਬੀਰ ਦੇ ਨਾਲ ਈ ਗਿਆ ਸੀ।

ਸੁਖਬੀਰ : ਇਹੋ ਤਾਂ ਸਾਡੇ ਨਾਲ ਵਧੀਕੀ ਏ। ਕੁੱਲ ਸੌ ਪੋਸਟਾਂ ਰਿਜ਼ਰਵ ਰੱਖੀਆਂ ਸੀ ਤੇ ਇਹਨਾਂ ਦੇ ਉਮੀਦਵਾਰ ਸੌ ਤੋਂ ਵੀ ਘੱਟ ਸਨ। ਇਹਨਾਂ ਸਾਰਿਆਂ ਦਾ ਕੰਮ ਬਣ ਗਿਐ।

ਮਾਸਟਰ : ਗਿਆਨ ਸਿੰਘ ਜੀ, ਹੁਣ ਤੇ ਦੋ ਈ ਗੱਲਾਂ। ਪੈਸੇ ਹੋਵੇ ਜਾਂ ਬੰਦਾ ਰੀਜ਼ਰਵ ਕੈਟੇਗਰੀ ਦਾ ਹੋਵੇ। ਰੀਜ਼ਰਵੇਸ਼ਨ ਦੇ ਕੋਹੜ ਨੇ ਸਾਡਾ ਸੱਤਿਆਨਾਸ਼ ਕਰ ਦਿੱਤੈ। ਵੋਟਾਂ ਲੈਣ ਵਾਲਿਆਂ ਸਾਡਾ ਭੱਠਾ ਬਿਠਾ ਦਿੱਤੈ। ਜਿਹਦੀ ਆਮਦਨ ਘੱਟ ਏ ਫਾਇਦਾ ਤਾਂ ਉਸ ਬੰਦੇ ਨੂੰ ਮਿਲਣਾ ਚਾਹੀਦੈ ਰੀਜ਼ਰਵੇਸ਼ਨ ਦਾ। ਇਥੇ ਤਾਂ ਗੱਲ ਚਲਦੀ ਏ ਜਾਤ ਦੀ। ਇੱਕ ਪਾਸੇ ਕਹਿੰਦੇ ਨੇ ਜਾਤ-ਪਾਤ ਖ਼ਤਮ ਕਰੋ ਤੇ ਦੂਜੇ ਪਾਸੇ ਜਾਤਾਂ ਦੇ ਆਧਾਰ ਤੇ ਵੰਡੀਆਂ ਪਾ ਰਹੇ ਨੇ ਉਪਰ ਬੈਠੇ।

ਗਿਆਨ : ਜੇ ਇਹੋ ਸਿਲਸਿਲਾ ਚਲਦਾ ਰਿਹਾ ਤਾਂ ਫਿਰ ਤਾਂ ਸਾਰੇ ਅਫਸਰਾਂ 'ਚੋਂ ਕੋਈ ਲੈਕ ਬੰਦਾ ਨਹੀਉਂ ਲੱਭਣਾ। ਮਾਸਟਰ ਜੀ, ਤੁਸੀਂ ਦੱਸੋ ਆਹ ਰੀਜ਼ਰਵੇਸ਼ਨ ਚਲਾਈ ਕਿਉਂ?

ਸੁਖਬੀਰ : ਸਾਨੂੰ ਇਹੋ ਸੁਣਾਇਆ ਜਾਂਦਾ ਏ ਕਿ ਹੇਠਲੀਆਂ ਜਾਤਾਂ ਦੇ ਲੋਕਾਂ ਨੂੰ ਸਦੀਆਂ ਤੱਕ ਦਬਾਇਆ ਜਾਂਦਾ ਰਿਹੈ। ਹੁਣ ਇਹਨਾਂ ਨੂੰ ਮੌਕਾ ਦਿੱਤਾ ਗਿਐ ਸਾਡੇ ਤੋਂ



ਬਦਲੇ ਲੈਣ ਦਾ। ਇਸੇ ਕਰਕੇ ਮੈਂ ਰੀਟਾਇਰ ਹੋਣ ਤੋਂ ਪਹਿਲਾਂ ਹੀ ਬਣਦੀ ਇਕ ਸਾਲ ਦੀ ਛੁੱਟੀ ਅਪਲਾਈ ਕਰ ਦਿੱਤੀ ਏ।

ਗਿਆਨ : ਇੱਕ ਸਾਲ ਦੀ ਛੁੱਟੀ? ਆਖਰ ਵਜ੍ਹਾ ਕੀ ਏ?

ਮਾਸਟਰ : (ਠੰਡਾ ਸਾਹ ਲੈ ਕੇ) ਕੀ ਦੱਸਾਂ? ਸਾਡੇ ਸਕੂਲ ਜਿਹੜਾ ਨਵਾਂ ਪ੍ਰਿੰਸੀਪਲ ਆਇਐ, ਕਿਸੇ ਵੇਲੇ ਉਹ ਮੇਰੇ ਕੋਲੋਂ ਈ ਪੜ੍ਹਿਆ ਸੀ। ਉਹ ਜ਼ਿਆਦਾ ਲਾਇਕ ਵਿਦਿਆਰਥੀ ਨਹੀਂ ਸੀ। ਬਸ ਮਸਾਂ ਪਾਸ ਹੋਣ ਜੋਗਾ ਈ ਸੀ। ਉਹਨੂੰ ਰੀਜ਼ਰਵੇਸ਼ਨ ਦਾ ਕਿੰਨਾ ਫਾਇਦਾ ਹੋਇਆ। ਪਹਿਲਾਂ ਨੌਕਰੀ ਮਿਲੀ, ਫਿਰ ਪ੍ਰਮੋਸ਼ਨ ਹੋਈ, ਹੈੱਡ ਮਾਸਟਰ ਬਣ ਗਿਆ। ਹੁਣ ਫਿਰ ਪ੍ਰਮੋਸ਼ਨ ਹੋਈ ਤੇ ਪ੍ਰਿੰਸੀਪਲ ਬਣ ਗਿਐ। ਦੂਜੇ ਪਾਸੇ ਸਾਡਾ ਨਾਮੋ ਨਿਸ਼ਾਨ ਈ ਨਹੀਂ ਕਿਸੇ ਨੂੰ ਪਤੈ। (ਭਾਵੁਕ ਹੋ ਕੇ) ਅਸੀਂ ਤਾਂ ਆਪਣਾ ਆਪ ਮਾਰ ਕੇ ਜੀ ਰਹੇ ਆਂ। ਸੁਖਬੀਰ, ਮੇਰੀ ਦਵਾਈ ਫੜਾਈ ਅੰਦਰੋਂ। ਮੇਰਾ ਦਿਲ ਘਬਰਾ ਰਿਹੈ।

ਮੰਗਲਾਂ : ਕੀ ਹੋਇਐ?

ਮਾਸਟਰ : ਕੁਝ ਨਹੀਂ। ਸਿਰ 'ਚ ਦਰਦ ਹੋਣੀ ਸ਼ੁਰੂ ਹੋ ਗਈ ਤੇ ਨਾਲੇ ਮਨ ਕਾਹਲਾ ਪਈ ਜਾ ਰਿਹੈ।

ਮੰਗਲਾ : ਤੁਹਾਨੂੰ ਸੌ ਵਾਰੀ ਕਿਹਾ ਕਿ ਮਨ ਤੇ ਬੋਝ ਨਾ ਰੱਖਿਆ ਕਰੋ ਕਿਸੇ ਗੱਲ ਦਾ।

ਗਿਆਨ : ਭਰਜਾਈ ਦੀ ਗੱਲ ਸੋਲਾਂ ਆਨੇ ਠੀਕ ਏ। ਚਿੰਤਾ ਤਾਂ ਚਿਖਾ ਹੁੰਦੀ ਏ। 'ਗੁਰਬਾਣੀ' 'ਚ ਲਿਖੀਐ 'ਚਿੰਤਾ ਤਾ ਕੀ ਕੀਜੀਏ ਜੋ ਅਨਹੋਣੀ ਹੋਏ।

(ਸੁਖਬੀਰ ਦਵਾਈ ਲਿਆ ਕੇ ਮਾਸਟਰ ਜੀ ਨੂੰ ਦਿੰਦਾ ਹੈ। ਮਾਸਟਰ ਜੀ ਇੱਕ ਗੋਲੀ ਪਾਣੀ ਨਾਲ ਲੈ ਲੈਂਦੇ ਹਨ। ਸੁਖਬੀਰ ਵਾਪਸ ਚਲਾ ਜਾਂਦਾ ਹੈ।)

ਮਾਸਟਰ : ਕਈ ਗੱਲਾਂ ਵਸ 'ਚ ਨਹੀਂ ਹੁੰਦੀਆਂ। ਮੈਨੂੰ ਸੁਖਬੀਰ ਦੀ ਹਾਲਤ ਵੇਖ ਕੇ ਘਬਰਾਹਟ ਹੋਣੀ ਸ਼ੁਰੂ ਹੋ ਗਈ।

(ਇਕ ਬੀਮਾ ਏਜੰਟ ਆਉਂਦਾ ਹੈ)

ਏਜੰਟ : ਸਾਸਰੀ ਕਾਲ ਜੀ, ਮੈਂ ਪੀਅਰਲੈੱਸ ਦਾ ਏਜੰਟ ਹਾਂ।

ਗਿਆਨ : ਬਸ ਤੁਹਾਡੀ ਬਾਕੀ ਰਹਿ ਗਈ ਸੀ। ਲੱਗਦੇ ਹੱਥ ਤੁਸੀਂ ਵੀ ਆ ਗਏ।

ਏਜੰਟ : ਜੀ ਮੈਂ ਸਮਝਿਆ ਨਹੀਂ।

ਗਿਆਨ : ਸਮਝਣ ਦੀ ਬਾਹਲੀ ਲੋੜ ਵੀ ਨਹੀਂ। ਤੁਸੀਂ ਹੁਣੇ ਸਟਾਟ ਹੋ ਜਾਣੈ ਬਟਨ ਦਬਾ ਕੇ, ਫਿਰ ਸਮਝਣ ਸਮਝੌਣ ਦੀ ਤਾਂ ਗੱਲ ਈ ਖ਼ਤਮ।

ਏਜੰਟ : ਅਸੀਂ ਤਾਂ ਲੋਕਾਂ ਦੇ ਭਲੇ ਦੀ ਗੱਲ ਈ ਕਰਨੀ ਹੋਈ। ਬੀਮੇ ਦੀਆਂ ਕਈ ਨਵੀਆਂ ਸਕੀਮਾਂ ਆਈਆਂ ਨੇ। ਉਹਨਾਂ 'ਚ ਇਕ ਸਕੀਮ ਇੱਕ ਲੱਖ ਵਾਲੀ ਏ। ਛਿਮਾਹੀ ਬਾਅਦ ਤੁਸੀਂ ਜਮ੍ਹਾਂ ਕਰਾਉਣੇ ਨੇ ਕੁੱਲ ਪੰਦਰਾਂ ਸੌ ਰੁਪਏ, ਪੰਦਰਾਂ ਸਾਲ ਬਾਅਦ ਤੁਹਾਨੂੰ ਮਿਲਣਗੇ ਇੱਕ ਲੱਖ ਰੁਪਏ।

ਗਿਆਨ : ਪੰਦਰਾਂ ਸਾਲ! ਦੁਨੀਆਂ ਤਾਂ ਪਿਛਲੇ ਪੰਜਾਂ ਸਾਲਾਂ 'ਚ ਕਿੰਨੀ ਬਦਲ ਗਈ ਏ। ਪੰਦਰਾਂ ਸਾਲ ਬਾਅਦ ਕੀ ਪਤੈ ਕਿਸੇ ਰਾਜੇ ਦੀ ਪਰਜਾ ਹੋਈ ਏ।

ਏਜੰਟ : ਪੰਦਰਾਂ ਸਾਲ ਦਾ ਸਮਾਂ ਕੋਈ ਖਾਸ ਨਹੀਂ ਫਿਰ ਤੁਹਾਨੂੰ ਮਿਲੇਗਾ ਇੱਕ ਲੱਖ। ਬੁਢਾਪੇ ਦੇ ਦਿਨਾਂ ਦੀ ਚਿੰਤਾ ਖ਼ਤਮ ਹੋ ਜੂ।

ਗਿਆਨ : ਬੁਢਾਪੇ ਦੀ ਚਿੰਤਾ ਤਾਂ ਆਪੇ ਖ਼ਤਮ ਹੋ ਜੂ। ਕਿਸ਼ਤਾਂ ਤਾਰਦੇ-ਤਾਰਦੇ ਤਾਂ ਸਾਡੇ ਊਂ ਈਂ ਫੁੱਲ ਚੁਗੇ ਜਾਣੇ ਨੇ।

ਏਜੰਟ : (ਅਣਸੁਣੀ ਕਰਦਾ ਹੋਇਆ) ਆਹ ਸਕੀਮ ਤੇ ਬੋਨਸ ਬਹੁਤ ਏ। ਵਿਆਜ ਵੀ ਬਾਕੀ ਸਕੀਮਾਂ ਤੋਂ ਵੱਧ। ਮੌਜਾਂ ਈ ਮੌਜਾਂ ਨੇ ਇਸ ਸਕੀਮ ਦੀਆਂ। ਤੁਸੀਂ ਫਾਰਮ ਭਰਵਾ ਕੇ ਵੇਖੋ ਯਾਦ ਕਰੋਗੇ ਕੋਈ ਬੀਮਾ ਕਰਨ ਵਾਲਾ ਟਕਰਿਆ ਸੀ।

ਗਿਆਨ : ਸਾਡੇ ਮੁਹੱਲੇ ਦੇ ਕਈ ਬੰਦੇ ਅੱਜ ਤੱਕ ਯਾਦ ਕਰਦੇ ਨੇ ਇੱਕ ਬੀਮਾ ਕਰਨ ਵਾਲੇ ਨੂੰ। ਜਿਹਦਾ-ਜਿਹਦਾ ਉਹਨੇ ਬੀਮਾ ਕੀਤਾ, ਉਹਨੂੰ ਆਖੀ ਜਾਏ ਦਸਾਂ ਸਾਲਾਂ ਨੂੰ ਲੱਖਪਤੀ ਹੋਵੋਗੇ। ਬਾਅਦ 'ਚ ਪਤਾ ਲੱਗਾ ਬੀਮੇ ਵਾਲਾ ਪ੍ਰਾਈਵੇਟ ਕੰਪਨੀ ਦਾ ਸੀ ਤੇ ਉਹ ਲੱਖ ਪਤੀ ਹੋ ਗਏ ਨੇ ਕੱਖ ਪਤੀ।

ਏਜੰਟ : ਸਾਡੀ ਬੀਮਾ ਕੰਪਨੀ ਮਾਨਤਾ ਪ੍ਰਾਪਤ ਹੈ। ਤੁਸੀਂ ਜਿੱਥੋਂ ਚਾਹੋ ਪੁੱਛ-ਪੜਤਾਲ ਕਰ ਸਕਦੇ ਹੋ। ਇਸ ਸਕੀਮ ਦਾ ਇਕ ਹੋਰ ਵਾਧਾ ਸੁਣੋ, ਅਚਾਨਕ ਪੈਸੇ ਦੀ ਲੋੜ ਪੈ ਜਾਏ ਤਾਂ ਤੁਸੀਂ ਲੋਨ ਵੀ ਲੈ ਸਕਦੇ ਹੋ।

ਗਿਆਨ : ਸਾਡੀਆਂ ਜੁੱਤੀਆਂ ਸਾਡੇ ਈ ਸਿਰ। ਮੁੜ ਕੇ ਰੱਬ ਤੁਹਾਡਾ ਭਲਾ ਕਰੇ ਸੂਈ ਵੀ ਮੋਟੀ ਲਾਉਣਗੇ ਲੋਨ ਤੇ।

ਏਜੰਟ : ਲੋਨ ਤੇ ਵਿਆਜ ਸਾਰਾ ਦੋ ਪ੍ਰਸੈਂਟ ਏ। ਇਕ ਹੋਰ ਫਾਇਦੇ ਆਲੀ ਗੱਲ ਇਹ ਹੈ ਕਿ ਅੱਜ ਤੁਸੀਂ ਬੀਮਾ ਕਰਾਉਂਦੇ ਹੋ ਕੱਲ੍ਹ ਨੂੰ ਤੁਹਾਡੀ ਮੌਤ ਹੋ ਜਾਂਦੀ ਏ ਤਾਂ ਉਸੇ ਟਾਈਮ ਤੁਹਾਡੇ ਘਰ ਵਾਲਿਆਂ ਨੂੰ ਇੱਕ ਲੱਖ ਰੁਪਿਆ ਮਿਲ ਜੂ।

ਗਿਆਨ : (ਗੁੱਸੇ ਵਿਚ ਪੈਰੋਂ ਜੁੱਤੀ ਲਾਹੁੰਦਾ ਹੋਇਆ) ਓਏ ਤੈਨੂੰ ਅਸੀਂ ਜੀਂਦੇ ਚੰਗੇ ਨਹੀਂ ਲੱਗਦੇ? ਸ਼ਕਲ ਨਹੀਂ ਚੰਗੀ ਤਾਂ ਗੱਲ ਤਾਂ ਚੰਗੀ ਕਰ ਛੱਡਦਾ। ਤੇਰਾ ਸਾਬ੍ਹ ਕਤਾਬ ਕਰਦਾਂ ਪੱਧਰਾ।

ਏਜੰਟ : ਮਾਫ ਕਰਨਾ ਸਰਦਾਰ ਜੀ, ਤੁਸੀਂ ਗੁੱਸਾ ਕਰ ਲਿਐ?

ਗਿਆਨ : ਹੋਰ ਸਾਲਿਆ, ਤੇਰੀ ਗੱਲ ਸੁਣ ਕੇ ਮੈਂ ਖੁਸ਼ੀ ਮਨਾਉਂਦਾ?

ਮਾਸਟਰ : ਗਿਆਨ ਸਿੰਹਾਂ, ਇਸ ਨੌਜਵਾਨ ਨਾਲ ਕੁਝ ਹਮਦਰਦੀ ਰੱਖ।

ਗਿਆਨ : ਆਹ ਸੌਹਰੀ ਦਾ ਸਾਡੀ ਮੌਤ ਦੀ ਅਰਦਾਸ ਕਰਦਾ ਫਿਰਦੈ ਤੇ ਮੈਂ ਇਹਦੇ ਨਾਲ ਹਮਦਰਦੀ ਰੱਖਾਂ?

ਮਾਸਟਰ : ਇਹ ਵੀ ਵਿਚਾਰਾ ਬੇਰੁਜਗਾਰੀ ਦਾ ਮਾਰਿਆ ਪਿਐ।



ਏਜੰਟ : ਹਾਂ ਜੀ, ਤੁਹਾਡੀ ਗੱਲ ਸੌ ਪਰਸੈਂਟ ਠੀਕ ਏ। ਆਹ ਢਿੱਡ ਜੂ ਲੱਗਾ ਹੋਇਐ? ਇਹ ਤਾਂ ਭਰਨਾ ਈ ਏ ਕਿਸੇ ਤਰ੍ਹਾਂ।

ਗਿਆਨ : ਆਪਣਾ ਢਿੱਡ ਤਾਂ ਭਰ ਲੈਂਦਾ ਏਂ, ਪਰ ਸਾਡੀ ਖਾਧੀ ਪੀਤੀ ਗਈ ਨਾ ਤੇਰੀ ਗੱਲ ਸੁਣ ਕੇ।

ਮਾਸਟਰ : ਗਿਆਨ ਸਿੰਹਾਂ, ਇਸ ਵਿਚਾਰੇ ਤੇ ਕੀ ਗੁੱਸਾ ਕਰਨੈਂ? ਇਹ ਤਾਂ ਆਪ ਸਮੇਂ ਦੀ ਮਾਰ ਦਾ ਮਾਰਿਆ ਜਾਪਦੈ। ਜਵਾਨ, ਮੈਨੂੰ ਤੇਰੇ ਨਾਲ ਹਮਦਰਦੀ ਏ। ਮੇਰੇ ਕੋਲ ਫਾਲਤੂ ਰਕਮ ਹੁੰਦੀ ਤਾਂ ਮੈਂ ਤੇਰੀ ਖਾਤਰ ਜ਼ਰੂਰ ਤੈਨੂੰ ਖੁਸ਼ ਕਰ ਦਿੰਦਾ।

ਗਿਆਨ : ਜਾ ਭਰਾਵਾ ਜਾ, ਕਿਤੇ ਹੋਰ ਨਾ ਖੱਟੀ ਖੱਟ ਲਈਂ। (ਬੀਮਾ ਏਜੰਟ ਚਲਾ ਜਾਂਦਾ ਹੈ) ਬੀਮਾ ਨਹੀਂ ਕਰਾਇਆ ਤੇ ਵੇਖ ਲੋ ਸਾਲਾ ਜਾਂਦੇ-ਜਾਂਦੇ ਸਾਸਰੀ ਕਾਲ ਵੀ ਬੁਲਾ ਕੇ ਨਹੀਂ ਗਿਆ।

(ਸੁਖਬੀਰ ਆਉਂਦਾ ਹੈ।)

ਸੁਖਬੀਰ : ਡੈਡੀ, ਮੈਨੂੰ ਪੰਜ ਸੌ ਰੁਪਇਆ ਚਾਹੀਦੈ।

ਮਾਸਟਰ : ਕਾਹਦੇ ਲਈ?

ਸੁਖਬੀਰ : ਮੈਂ ਰੇਹੜੀ ਲਾਵਾਂਗਾ। ਮੈਂ ਕੇਲੇ ਵੇਚਾਂਗਾ।

ਮਾਸਟਰ : (ਹੈਰਾਨੀ ਵਿਚ) ਤੂੰ ਰੇਹੜੀ ਲਾਵੇਂਗਾ? ਲੋਕ ਕੀ ਕਹਿਣਗੇ .....

ਸੁਖਬੀਰ : ਇਹੋ ਕਹਿਣਗੇ ਮਾਸਟਰ ਰਤਨ ਸਿੰਘ ਦੇ ਮੁੰਡੇ ਨੇ ਰੇਹੜੀ ਲਾ ਲਈ ਏ।

ਮਾਸਟਰ : ਪੜ੍ਹ ਲਿਖ ਕੇ ਇਹੋ ਕੰਮ ਕਰਨਾ ਏ?

ਸੁਖਬੀਰ : ਪੜ੍ਹਾਈ ਕਰਕੇ ਨੌਕਰੀ ਨਹੀਂ ਮਿਲੀ। ਖੱਜਲ-ਖੁਆਰੀ ਮਿਲੀ, ਦੁਨੀਆਂ ਦੀ ਜਾਣਕਾਰੀ ਮਿਲੀ। ਮੈਨੂੰ ਹੁਣ ਪਤਾ ਲੱਗੀ ਕਿ ਇਸ ਦੁਨੀਆਂ ਵਿਚ ਅਜੇ ਮੇਰੀ ਕੋਈ ਹੋਂਦ ਨਹੀਂ।

ਮੰਗਲਾ : ਤੇਰੀ ਹੋਂਦ ਕਿਉਂ ਨਹੀਂ? ਤੇਰੇ ਡੈਡੀ ਤੇਰੇ ਸਿਰ ਤੇ ਨੇ।

ਸੁਖਬੀਰ : ਪਰ ਮੈਂ ਡੈਡੀ ਜੀ ਨੂੰ ਹੋਰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦਾ। ਮੈਂ ਉਹਨਾਂ ਦਾ ਭਾਰ ਵੰਡਾਉਣਾ ਚਾਹੁੰਦਾ ਹਾਂ। ਡੈਡੀ ਮੇਰੇ ਕਰਕੇ ਹੀ ਸੋਚ-ਸੋਚ ਕੇ ਬਿਮਾਰ ਹੋ ਜਾਂਦੇ ਨੇ।

ਮੰਗਲਾਂ : ਜੇ ਤੂੰ ਜ਼ਰੂਰ ਈ ਇਹ ਕੰਮ ਕਰਨਾ ਏ ਤਾਂ ਥੋੜ੍ਹਾ ਰੁਕ ਜਾ। ਤੇਰੀ ਭੈਣ ਦੇ ਹੱਥ ਪੀਲੇ ਹੋ ਜਾਣ। ਰਿਸ਼ਤਾ ਕਰਦੇ ਸਮੇਂ ਜੇ ਇਹ ਪਤਾ ਚੱਲ ਗਿਆ ਕਿ ਕੁੜੀ ਦਾ ਭਰਾ ਤਾਂ ਰੇਹੜੀ ਲਾਉਂਦਾ ਏ ਤਾਂ ਚੰਗੇ ਘਰਾਂ ਨੇ ਰਿਸ਼ਤਾ ਨਹੀਂ ਕਰਨਾ।

ਸੁਖਬੀਰ : ਕਦ ਤੱਕ ਹਕੀਕਤ ਤੇ ਪਰਦਾ ਪਾਇਆ ਜਾ ਸਕਦੈ? ਮੈਨੂੰ ਇਸ ਗੱਲ ਦੀ ਰਤਾ ਪ੍ਰਵਾਹ ਨਹੀਂ ਕਿ ਮੇਰੇ ਬਾਰੇ ਕੋਈ ਕੀ ਆਖੇਗਾ? ਮੈਂ ਆਪਣਾ ਕੰਮ ਚਲਾਉਣ ਜਾ ਰਿਹਾਂ। ਆਪਣੇ ਨਾਂ ਦੀ ਪਲੇਟ ਤੁਹਾਨੂੰ ਸਾਰਿਆਂ ਨੂੰ ਵਿਖਾ ਰਿਹਾਂ।

(ਬੈਗ ਵਿਚੋਂ ਨੇਮ ਪਲੇਟ ਬਾਹਰ ਕੱਢਦਾ ਹੈ।)

ਮੰਗਲਾਂ : (ਰੋਣ ਹਾਕੀ ਹੋ ਕੇ) ਸੁਖਬੀਰ ਸਿੰਘ, ਐਮ. ਏ. ਫਸਟ ਕਲਾਸ, ਬੀ. ਐੱਡ ਕੇਲਿਆਂ ਵਾਲਾ (ਪੜ੍ਹਦੀ ਹੋਈ ਰੋ ਪੈਂਦੀ ਹੈ)

ਸੁਖਬੀਰ : ਮੈਂ ਕੰਮ ਸ਼ੁਰੂ ਕਰਨ ਜਾ ਰਿਹਾਂ। ਉਮੀਦ ਏ ਤੁਸੀਂ ਮੇਰੇ ਲਈ ਸਫਲਤਾ ਦੀ ਕਾਮਨਾ ਕਰੋਗੇ।

ਮੰਗਲਾਂ : (ਮਾਸਟਰ ਨੂੰ) ਤੁਸੀਂ ਉਹਨੂੰ ਇੱਕ ਵਾਰ ਨਾ ਰੋਕਿਆ? ਕਿਹੋ ਜਿਹੇ ਓ ਤੁਸੀਂ। ਹੁਣ ਉਹ ਰੇਹੜੀ ਤੇ ਆਪਣੇ ਨਾਂ ਦੀ ਪਲੇਟ ਲਾਵੇਗਾ।

ਮਾਸਟਰ : ਉਹਨੇ ਜੋ ਕੀਤੈ, ਠੀਕ ਕੀਤੈ। ਤੂੰ ਇਹੋ ਸੋਚਦੀ ਏਂ ਕਿ ਨੇਮ ਪਲੇਟ ਨੂੰ ਰੇਹੜੀ ਤੇ ਲਾਉਣ ਨਾਲ ਉਹਨੂੰ ਸ਼ਰਮ ਆਵੇਗੀ। ਸ਼ਰਮ ਉਹਨੂੰ ਨਹੀਂ, ਸ਼ਰਮ ਉਹਨਾਂ ਲੋਕਾਂ ਨੂੰ ਆਵੇਗੀ ਜਿਹੜੇ ਦਿਨ ਰਾਤ ਦਾਅਵੇ ਕਰਦੇ ਨੇ ਅਸੀਂ ਇੰਨੇ ਹਜ਼ਾਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਏ। ਜਦੋਂ ਉਹ ਕਾਰਾਂ ਵਿਚ ਉਹਦੀ ਰੇਹੜੀ ਕੋਲੋਂ ਲੰਘਣਗੇ ਤਾਂ ਅੱਖਾਂ ਨੀਵੀਆਂ ਕਰ ਕੇ ਲੰਘਣਗੇ। ਇਸ ਤਾਣੇ-ਬਾਣੇ ਵਿਚ ਸੁਖਬੀਰ ਨੇ ਆਪਣੇ ਲਈ ਠੀਕ ਰਾਹ ਚੁਣਿਐ।

ਮੰਗਲਾਂ : ਹੈਂ! ਉਹਨੇ ਠੀਕ ਕੀਤੈ?

(ਫਰੀਜ਼ ਹੋ ਜਾਂਦੇ ਹਨ, ਪਿੱਠ ਪਿੱਛੋਂ ਗੀਤ ਦੀ ਆਵਾਜ਼ ਆਉਂਦੀ ਹੈ)

ਆਪਣੀ ਮੰਜ਼ਿਲ ਲੱਭਣ ਤੁਰਿਆ
ਠੋਕਰ ਖਾ ਖਾ ਹੋਇਆ ਨਿਰਾਸ਼।
ਤਾਣੇ ਬਾਣੇ ਦੀ ਕਰਾਮਾਤ
ਰੇਹੜੀ ਲਾਈ ਐਮ. ਏ. ਪਾਸ......

(ਪਰਦਾ)



# ਸੁੰਨਾ ਚੌਂਕ

| | | |
|---|---|---|
| ਬਜ਼ੁਰਗ | : | ਉਮਰ 65 ਸਾਲ |
| ਜੀਤ ਸਿੰਘ<br>ਸ਼ੀਤਲ ਸਿੰਘ | :<br>: | ਦੋ ਹਥਿਆਰ ਬੰਦ ਨੌਜਵਾਨ, ਹਰੇਕ ਦੀ ਉਮਰ ਲਗਭਗ 20 ਸਾਲ |
| ਔਰਤ | : | ਉਮਰ 45 ਸਾਲ |
| ਧਰਮਾ<br>ਕਰਮਾ | :<br>: | ਦੋ ਅਮਲੀ, ਹਰੇਕ ਦੀ ਉਮਰ ਲਗਭਗ 50 ਸਾਲ |
| ਹਿੰਦੂ ਨੌਜਵਾਨ | : | ਉਮਰ 19 ਸਾਲ |

# ਸੁੰਨਾ ਚੌਕ

ਸਮਾਂ : 1992 ਦੇ ਆਸ-ਪਾਸ

ਸਥਾਨ : ਨਗਰ ਦਾ ਇੱਕ ਵੱਡਾ ਚੌਕ

ਜਦ ਪਰਦਾ ਖੁਲਦਾ ਹੈ ਤਾਂ ਉਦਾਸ ਧੁਨਾਂ ਸੁਣਾਈ ਦਿੰਦੀਆਂ ਹਨ। ਚੌਕ ਵਿਚ ਦੋ ਤਿੰਨ ਵੱਡੇ ਫੱਟੇ (ਤਖਤਪੋਸ਼) ਪਏ ਹਨ। ਪਰਦੇ ਪਿੱਛੋਂ ਸਮੇਂ ਦੀ ਆਵਾਜ਼ ਆਉਂਦੀ ਹੈ।

ਸਮੇਂ ਦੀ ਆਵਾਜ਼ : ਇਸ ਨਗਰ ਦਾ ਇਹ ਇੱਕ ਪੁਰਾਣਾ ਚੌਕ ਹੈ। ਕੋਈ ਸਮਾਂ ਸੀ ਜਦ ਇਸ ਚੌਕ ਵਿਚ ਅੱਧੀ-ਅੱਧੀ ਰਾਤ ਤੱਕ ਰੌਣਕ ਲੱਗੀ ਰਹਿੰਦੀ ਸੀ। ਬਜ਼ੁਰਗ ਲੋਕ ਆਪਣੀਆਂ ਮਿੱਠੀਆਂ ਕੌੜੀਆਂ ਯਾਦਾਂ ਨੂੰ ਤਾਜਾ ਕਰਦੇ। ਇਥੇ ਹੀ ਕੇਹਰੂ ਹੇਕ ਲਾ ਕੇ ਮਿਰਜ਼ਾ ਗਾਉਂਦਾ। ਕਰਮਚੰਦ ਦੀਆਂ ਬਾਤਾਂ ਲੋਕਾਂ ਨੂੰ ਹਿੱਲਣ ਨਾ ਦਿੰਦੀਆਂ। ਇਥੇ ਹੀ ਰਾਜਨੀਤਿਕ ਪਾਰਟੀਆਂ ਜਲਸੇ ਕਰਦੀਆਂ ਆ ਰਹੀਆਂ ਹਨ। ਇਹਨਾਂ ਰਾਜਨੀਤਿਕ ਕੁਚਾਲਾਂ ਨੇ ਇਸ ਚੌਕ ਦੀ ਚਹਿਲ ਪਹਿਲ ਖ਼ਤਮ ਕਰਕੇ ਇਸ ਨੂੰ ਸੁੰਨਾ ਚੌਕ ਬਣਾ ਦਿੱਤਾ ਹੈ। ਮੈਨੂੰ ਯਾਦ ਹੈ ਜਦ ਇੱਕ ਸਿਆਸੀ ਸਮਾਗਮ ਤੋਂ ਥੋੜ੍ਹਾ ਸਮਾਂ ਪਹਿਲਾਂ ਲੋਕਾਂ ਵਿਚ ਵੰਡੀਆਂ ਪਾਉਣ ਦੀ ਗੱਲ ਸੁਣੀ ਗਈ। ਮੈਂ ਇਸ ਗੱਲਬਾਤ ਨੂੰ ਲੋਕਾਂ ਨਾਲ ਸਾਂਝੀ ਕਰ ਰਿਹਾ ਹਾਂ।

(ਮੰਤਰੀ ਅਤੇ ਇੱਕ ਪਾਰਟੀ ਕਾਰਕੁੰਨ ਆਉਂਦੇ ਹਨ।)

ਮੰਤਰੀ : ਜਲਸਾ ਕਿਵੇਂ ਹੋਏਗਾ ਜੇ ਕੋਈ ਬੰਦਾ ਈ ਨਾ ਆਇਆ? ਇਸ ਚੌਕ 'ਚ ਤਾਂ ਉੱਲੂ ਬੋਲ ਰਹੇ ਨੇ। ਲੋਕਾਂ ਨੂੰ ਅੱਜ ਦੇ ਜਲਸੇ ਬਾਰੇ ਦੱਸਿਆ ਨਹੀਂ ਗਿਆ?

ਪਾਰਟੀ ਕਾਰਕੁਨ : ਲੋਕਾਂ ਨੂੰ ਦੱਸਿਆ ਗਿਐ। ਮੰਦਰ ਤੇ ਗੁਰਦਵਾਰੇ ਤੋਂ ਅਨਾਊਂਸਮੈਂਟ ਵੀ ਕਰਵਾਈ ਪਰ .......

ਮੰਤਰੀ : ਪਰ ਕੀ? ਵਜ੍ਹਾ ਬਿਆਨ ਕਰ।

ਪਾਰਟੀ ਕਾਰਕੁਨ : ਲੋਕ ਆਉਣਗੇ ਜ਼ਰੂਰ ਥੋੜ੍ਹੀ ਦੇਰ ਬਾਅਦ ਪਰ ਇੰਨੇ ਕੁ ਆਉਣਗੇ ਜਿੰਨੇ ਕੁ ਉਂਗਲਾਂ ਤੇ ਹੀ ਗਿਣੇ ਜਾ ਸਕਣ।

ਮੰਤਰੀ : ਕਿਤੇ ਇਹਦਾ ਮਤਲਬ ਇਹ ਤਾਂ ਨਹੀਂ ਕਿ ਸਾਡੀ ਸਰਕਾਰ ਦੀ ਲੋਕਪ੍ਰਿਅਤਾ ਘਟਦੀ ਜਾ ਰਹੀ ਏ।

ਪਾਰਟੀ ਕਾਰਕੁਨ : (ਮਖੌਲ ਨਾਲ) ਤੁਸੀਂ ਕੀ ਸਮਝੀ ਬੈਠੇ ਹੋ ਕਿ ਤੁਸੀਂ ਹਰਮਨ ਪਿਆਰੇ ਹੋ ਰਹੇ ਹੋ?

ਮੰਤਰੀ : ਤੂੰ ਮੈਨੂੰ ਟਾਂਚ ਕਰ ਰਿਹੈਂ? ਮੈਂ ਤੈਨੂੰ ਜ਼ਿਲਾ ਪ੍ਰਧਾਨ ਇਸੇ ਕਰਕੇ ਬਣਾਇਆ ਸੀ ਕਿ ਤੂੰ ਲੋਕਾਂ ਨੂੰ ਸਾਡੇ ਪ੍ਰੋਗਰਾਮਾਂ ਦੀ ਵਾਕਫੀਅਤ ਦੇਂਦਾ ਰਹੇਂ।

ਪਾਰਟੀ ਕਾਰਕੁਨ : ਬਥੇਰੀ ਵਾਕਫੀਅਤ ਦਿਤੀ ਉਹਨਾਂ ਨੂੰ। ਗਲਾ ਪਾੜ-ਪਾੜ ਲੋਕਾਂ ਦੇ ਕੰਨ ਖਾਧੇ। ਜਦ ਤੁਹਾਡੇ ਪ੍ਰੋਗਰਾਮ ਉਪਰ ਦੇ ਉਪਰ ਕਾਗ਼ਜਾਂ ਤੇ ਪਏ-ਪਏ ਰੱਦੀ ਦੇ ਢੋਲ ਵਿਚ ਪਹੁੰਚ ਜਾਂਦੇ ਨੇ ਤਾਂ ਦੋਸ਼ੀ ਕੌਣ ਏ?

ਮੰਤਰੀ : (ਨਿਰਉੱਤਰ ਹੁੰਦਾ ਹੋਇਆ ਨਰਮ ਸੁਰ ਵਿਚ) ਤੇਰਾ ਕੀ ਖ਼ਿਆਲ ਏ ਇਸ ਇਲਾਕੇ ਦੇ ਲੋਕ ਵੋਟ ਕਿਧਰ ਪਾਉਣਗੇ?

ਪਾਰਟੀ ਕਾਰਕੁਨ : (ਵਿਅੰਗ ਵਿਚ) ਜੇ ਤੁਹਾਡੀ ਤਾਰ ਇਵੇਂ ਚੱਲਦੀ ਰਹੀ ਤਾਂ ਬਹਿਜਾ-ਬਹਿਜਾ ਹੋ ਜਾਏਗੀ। ਮੈਨੂੰ ਨਹੀਂ ਆਸ ਕਿ ਸਾਡੀ ਸਟੇਟ ਵਿਚੋਂ ਤੁਹਾਡੇ ਕਿਸੇ ਬੰਦੇ ਦੀ ਜ਼ਮਾਨਤ ਜਬਤ ਹੋਣੋਂ ਬਚ ਜਾਏ। ਸਾਰੇ ਉਮੀਦਵਾਰ ਦੋ-ਦੋ ਲੱਖ ਦੇ ਫ਼ਰਕ ਨਾਲ ਹਾਰਨਗੇ।

ਮੰਤਰੀ : ਤੈਨੂੰ ਆਪਣੀ ਪਾਰਟੀ ਬਾਰੇ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ।

ਪਾਰਟੀ ਕਾਰਕੁਨ : ਮੈਂ ਤਾਂ ਖ਼ੁਦ ਪਾਰਟੀ ਤੇ ਸਰਕਾਰ ਦੇ ਕੰਮਕਾਜ ਤੋਂ ਨਿਰਾਸ਼ ਹਾਂ। ਫਿਰ ਵੀ ਮਜ਼ਬੂਰੀ ਵੱਸ ਪਾਰਟੀ ਨਾਲ ਬੱਝਿਆਂ। ਮੈਂ ਆਪਣੇ ਵਿਰੋਧੀਆਂ ਨਾਲ ਤਾਂ ਬੈਠ ਨਹੀਂ ਨਾ ਸਕਦਾ। ਰਹੀ ਗੱਲ ਪਾਰਟੀ ਦੀ, ਸਾਡੇ ਦਿਨ ਪੂਰੇ ਹੋਏ ਸਮਝੋ।

ਮੰਤਰੀ : (ਮਕਾਰ ਅੰਦਾਜ਼ ਵਿਚ) ਦਿਨ ਪੂਰੇ ਨਹੀਂ ਹੋਏ। ਹੋਰ ਪੰਜ ਸਾਲ ਸਾਡੀ ਹਕੂਮਤ ਚੱਲੇਗੀ। ਸਾਰੀਆਂ ਸਟੇਟਾਂ ਵਿਚ ਅਸੀਂ ਹੂੰਝਾ ਫੇਰ ਦਿਆਂਗੇ। ਸਾਡੀ ਚਾਲ ਤਿਆਰ ਏ। ਤੁਸੀਂ ਕਮਰਕੱਸੇ ਕਰੋ ਤੇ ਚਾਲ ਚੱਲਦੀ ਕਰੀਏ।

ਪਾਰਟੀ ਕਾਰਕੁਨ : (ਹੈਰਾਨੀ ਨਾਲ) ਚਾਲ? ਕਿਹੜੀ ਚਾਲ?

ਮੰਤਰੀ : ਅੱਜ ਰਾਤ ਸਟੇਟ ਦੇ ਮੁੱਖ ਗੁਰਦਵਾਰਿਆਂ ਵਿਚ ਸਿਗਰਟਾਂ ਬੀੜੀਆਂ ਸੁਟਾ ਦਿਓ ਤੇ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ।

ਪਾਰਟੀ ਕਾਰਕੁਨ : ਗਊਆਂ ਦੀਆਂ ਪੂਛਾਂ? ਗਊ ਤਾਂ ਸਾਡੀ ਮਾਤਾ ਏ।

ਮੰਤਰੀ : ਨਹੀਂ, ਸਾਡੀ ਮਾਤਾ ਕੁਰਸੀ ਏ, ਸਾਡਾ ਬਾਪ ਕੁਰਸੀ ਏ। ਸਾਡੀ ਚਾਲ ਚਲੇਗੀ। ਹਿੰਦੂ ਤੇ ਸਿੱਖ ਆਪਸ ਵਿਚ ਘਸੁੰਨ-ਮੁੱਕੀ ਹੋਣਗੇ। ਫਿਰ ਇੱਕ ਧੜਾ ਆਪਣੇ ਬਚਾਓ ਲਈ ਸਾਡੇ ਵੱਲ ਤੱਕੇਗਾ। ਅਸੀਂ ਦੂਸਰੇ ਧੜੇ ਦੇ ਇੱਕ ਧਾਰਮਿਕ ਸਥਾਨ ਤੇ ਹਮਲਾ ਕਰ ਦੇਵਾਂਗੇ।

ਪਾਰਟੀ ਕਾਰਕੁਨ : ਧਾਰਮਿਕ ਸਥਾਨ ਤੇ ਹਮਲਾ?

ਮੰਤਰੀ : ਸਾਡੀ ਸਕੀਮ 'ਚ ਆਉਂਦੈ। ਸਾਡੇ ਖਾਸ ਵਰਕਰ ਇਸ ਰਾਜ ਦੇ



ਬਹੁਗਿਣਤੀ ਵਾਲੇ ਫਿਰਕੇ ਵਿਚ ਘੁਸਪੈਠ ਕਰਨਗੇ। ਇਕ ਨਵੀਂ ਹਥਿਆਰਬੰਦ ਜਮਾਤ ਤਿਆਰ ਹੋਵੇਗੀ। ਉਹ ਜਮਾਤ ਰਾਜ ਵਿਚ ਕਤਲੇਆਮ ਕਰੇਗੀ। ਆਪਣੇ ਹਥਿਆਰਾਂ ਨੂੰ ਇਕ ਧਾਰਮਿਕ ਸਥਾਨ ਵਿਚ ਇਕੱਠਾ ਕਰੇਗੀ। ਬਾਕੀ ਰਾਜਾਂ ਵਿਚ ਇਸ ਹਥਿਆਰਬੰਦ ਜਮਾਤ ਦੀਆਂ ਕਾਰਵਾਈਆਂ ਪ੍ਰਤੀ ਗੁੱਸਾ ਪੈਦਾ ਹੋਵੇਗਾ। ਅਸੀਂ ਉਹਨਾਂ ਦੇ ਗੁੱਸੇ ਨੂੰ ਖੁਸ਼ੀ ਵਿਚ ਬਦਲਣ ਵਾਸਤੇ ਫੌਜ ਕੋਲੋਂ ਉਸ ਧਾਰਮਿਕ ਸਥਾਨ ਤੇ ਹਮਲਾ ਕਰਵਾ ਦੇਵਾਂਗੇ ਜਿਸ ਵਿਚ ਹਥਿਆਰ ਰੱਖੇ ਜਾਣੇ ਹਨ।

ਪਾਰਟੀ ਕਾਰਕੁਨ : (ਖੁਸ਼ੀ ਵਿਚ) ਮੰਨ ਗਏ ਉਸਤਾਦ। ਪਰ ਕੀ ਇੱਦਾਂ ਤੀਰ ਨਿਸ਼ਾਨੇ ਤੇ ਈ ਵੱਜੂ?

ਮੰਤਰੀ : ਹਾਂ ਅਸੀਂ ਪੰਜ ਸਾਲ ਸਕੀਮਾਂ ਬਣਾਉਣ 'ਚ ਹੀ ਕੱਢ ਦਿੱਤੇ। ਅਸੀਂ ਇਸ ਰਾਜ ਦੇ ਇਕ ਦੋ ਵਿਰੋਧੀ ਲੀਡਰਾਂ ਨੂੰ ਚੋਗਾ ਪਾ ਕੇ ਉਹਨਾਂ ਤੋਂ ਵੱਖਵਾਦੀ ਨਾਅਰਾ ਲਵਾ ਦੇਵਾਂਗੇ। ਫਿਰ ਲੋਹਾ ਗਰਮ ਹੋਵੇਗਾ ਤੇ ਸੱਟ ਚੰਗੀ ਵੱਜੇਗੀ।

ਪਾਰਟੀ ਕਾਰਕੁਨ : ਜਨਾਬ ਕਿਤੇ ਅਸੀਂ ਉਸ ਅੱਗ ਵਿਚ ਨਾ ਰਗੜੇ ਜਾਈਏ?

ਮੰਤਰੀ : ਨਹੀਂ, ਡੋਰ ਸਾਡੇ ਹੱਥ ਵਿਚ ਹੋਵੇਗੀ। ਅਗਲੇ ਪੰਜ ਸਾਲ ਸਾਡੀ ਕੁਰਸੀ ਹੀ ਕਾਇਮ ਰਹੇਗੀ। ਜਿਸ ਤਰ੍ਹਾਂ ਮੈਂ ਕਿਹਾ ਏ ਅੱਜ ਰਾਤ ਉਸੇ ਤਰ੍ਹਾਂ ਕਰ। ਯਾਦ ਹੈ ਨਾ?

ਪਾਰਟੀ ਕਾਰਕੁਨ : ਜੀ ਜਨਾਬ ਗੁਰਦਵਾਰਿਆਂ ਵਿਚ ਬੀੜੀਆਂ ਸਿਗਰਟਾਂ ਤੇ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ।

ਮੰਤਰੀ : ਹਾਂ, ਫਿਰ ਸਮਝ ਲੈ ਲੋਹਾ ਗਰਮ ਏ....

ਪਾਰਟੀ ਕਾਰਕੁਨ : ਸੱਟ ਮਾਰਨ 'ਚ ਕਾਹਦੀ ਸ਼ਰਮ ਏ।

(ਦੋਵੇਂ ਖਚਰਾ ਹਾਸਾ ਹੱਸਦੇ ਹਨ ਤੇ ਜਿੱਤ ਦੀ ਅਦਾ ਵਿਚ ਹੱਥ ਨਾਲ ਹੱਥ ਮਿਲਾ ਕੇ ਚਲੇ ਜਾਂਦੇ ਹਨ।)

ਸਮੇਂ ਦੀ ਆਵਾਜ਼ : ਇਸ ਤਰ੍ਹਾਂ ਹੋਈ ਫਿਰਕੂ ਹਨੇਰੀ ਦੀ ਸ਼ੁਰੂਆਤ। ਪੰਜਾਬ ਦੇ ਹੱਸਦੇ, ਵੱਸਦੇ, ਰੱਸਦੇ ਲੋਕ ਕੁਰਸੀ ਵਾਲਿਆਂ ਦੀਆਂ ਕੋਝੀਆਂ ਚਾਲਾਂ ਦੇ ਸ਼ਿਕਾਰ ਬਣ ਗਏ। ਅੱਜ ਇਸ ਚੌਂਕ ਵਿਚ ਸੁੰਨ ਪੈ ਗਈ ਹੈ। ਕੋਈ ਟਾਂਵਾਂ-ਟਾਂਵਾਂ ਬੰਦਾ ਇਸ ਚੌਂਕ ਵਿਚ ਆ ਕੇ ਬੈਠਦਾ ਹੈ ਤੇ ਆਪਣੇ ਆਪ ਨਾਲ ਗੱਲਾਂ ਕਰ ਕੇ ਚਲਾ ਜਾਂਦਾ ਹੈ।

(ਇੱਕ ਬਜ਼ੁਰਗ ਆਉਂਦਾ ਹੈ ਅਤੇ ਫੱਟੇ ਉੱਪਰ ਬੈਠ ਜਾਂਦਾ ਹੈ।)

ਬਜ਼ੁਰਗ : (ਆਪਣੇ ਆਪ ਨਾਲ) ਇਸ ਦੁਨੀਆਂ ਤੇ ਕਈ ਰੰਗ ਵੇਖੇ ਨੇ। ਕਦੇ ਸੰਨ ਸੰਤਾਲੀ ਦਾ ਖ਼ੂਨ ਖਰਾਬਾ, ਕਦੇ ਹਿੰਦ-ਪਾਕਿਸਤਾਨ ਲੜਾਈਆਂ ਦੌਰਾਨ ਪੰਜਾਬ ਤੇ ਛਾਇਆ ਹੋਇਆ ਸਹਿਮ ਤੇ ਹੁਣ ਸਿਆਸੀ ਪ੍ਰਭੂਆਂ ਵਲੋਂ

ਚੱਲੀ ਸ਼ੈਤਾਨੀ ਚਾਲ ਨੇ ਭਰਾ ਮਾਰੂ ਜੰਗ ਲਾ ਦਿੱਤੀ ਏ। ਜਦ ਕਦੇ ਵੀ ਪੰਜਾਬ ਤੋਂ ਸੰਕਟ ਦਾ ਸਾਇਆ ਖ਼ਤਮ ਹੁੰਦਾ ਰਿਹਾ ਤਾਂ ਲੋਕਾਂ ਨੇ ਖੁਸ਼ੀ ਦੀਆਂ ਲਹਿਰਾਂ ਲਾ ਦਿੱਤੀਆਂ। ਮੈਨੂੰ ਯਾਦ ਏ ਹਰ ਸਾਲ ਵਿਸਾਖੀ ਵਾਲੇ ਦਿਨ ਇਸ ਚੌਂਕ ਵਿਚ ਢੋਲ ਵੱਜਦਾ ਸੀ, ਭੰਗੜੇ ਪੈਂਦੇ ਸਨ ਤੇ ਖੂਬ ਬੋਲੀਆਂ ਪਾਈਆਂ ਜਾਂਦੀਆਂ ਸੀ। ਕਈ ਗੀਤਾਂ ਦੇ ਟੱਪਿਆਂ ਦੇ ਬੋਲ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੇ ਨੇ।

(ਬਜ਼ੁਰਗ ਯਾਦਾਂ 'ਚ ਖੋਇਆ ਹੋਇਆ ਸਟਿੱਲ ਹੋ ਜਾਂਦਾ ਹੈ।)

ਗੀਤ ਦੇ ਬੋਲ : ਬੂਰ ਕਣਕਾਂ ਤੇ ਆਇਆ ਏ।
ਉਤੋਂ ਵਿਸਾਖੀ ਆ ਗਈ,
ਢੋਲੀ ਢੋਲ ਵਜਾਇਆ ਏ।
(ਬਜ਼ੁਰਗ ਦੀ ਯਾਦ ਟੁੱਟਦੀ ਹੈ)

ਬਜ਼ੁਰਗ : ਇਸ ਨਗਰ ਦੇ ਕਿਸੇ ਘਰ ਵਿਆਹ ਹੋਣਾ ਤਾਂ ਲੋਕ ਅੱਧੀ-ਅੱਧੀ ਰਾਤ ਤੱਕ ਢੋਲਕੀ ਵਜਾ ਕੇ ਵਿਆਹ ਦੇ ਗੀਤ ਗਾਉਂਦੇ ਸੀ ਤੇ ਇਸ ਚੌਂਕ ਵਿਚ ਵੀ ਉਹਨਾਂ ਦੀ ਗਾਉਣ ਦੀ ਆਵਾਜ਼ ਆਉਂਦੀ ਸੀ।

ਗੀਤ ਦੀ ਆਵਾਜ਼ : ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਬੀ ਉਡਾਰੀ ਵੇ ਬਾਬਲ ਕਿਹੜੇ ਦੇਸ਼ ਜਾਣਾ।
(ਬਜ਼ੁਰਗ ਦੀ ਯਾਦ ਟੁੱਟਦੀ ਹੈ।)

ਬਜ਼ੁਰਗ : ਰੰਗਲੇ ਪੰਜਾਬ ਦੇ ਗੀਤ ਕੌਣ ਖੋਹ ਕੇ ਲੈ ਗਿਆ? ਇਹ ਗੀਤ ਉਸ ਸਮੇਂ ਪੰਜਾਬ ਦੇ ਕੁਝ ਖੇਤਰਾਂ ਵਿਚ ਹਉਕਾ ਲੈਣ ਲੱਗ ਪਏ ਸਨ ਜਦ ਮਰਦਮ-ਸ਼ੁਮਾਰੀ ਸਮੇਂ ਇਕ ਫਿਰਕੇ ਦੇ ਕੁਝ ਵੀਰਾਂ ਨੇ ਪੰਜਾਬੀ ਨੂੰ ਮਾਂ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਪਹਿਲਾਂ ਭਾਸ਼ਾ ਦੀਆਂ ਵੰਡੀਆਂ ਪਾਈਆਂ ਗਈਆਂ ਤੇ ਹੁਣ ਫਿਰਕੇ ਦੀਆਂ। ਸਿਆਸਤ ਦੀ ਗੰਦੀ ਖੇਡ ਨੇ ਆਮ ਆਦਮੀ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਹੇ ਸੱਚੇ ਪਾਤਸ਼ਾਹ! ਇਹ ਕਦ ਤੱਕ ਚਲਦਾ ਰਹੇਗਾ?

ਗੀਤ ਦੀ ਆਵਾਜ਼ : ਕਦੋਂ ਬੁੱਝੇਗੀ ਲੋਕੋ ਇਹ ਲਹੂ ਦੀ ਪਿਆਸ?
ਅੱਜ ਤਪ ਗਏ ਰਾਵੀ, ਸਤਲੁਜ ਤੇ ਬਿਆਸ।
ਅੱਛਾ ਮੇਰਿਆ ਮਾਲਕਾ! ਤੇਰਾ ਭਾਣਾ ਮੀਠਾ ਲਾਗੈ।
(ਚਲਾ ਜਾਂਦਾ ਹੈ ਅਤੇ ਦੋ ਹਥਿਆਰਬੰਦ ਨੌਜਵਾਨ ਆਉਂਦੇ ਹਨ।)

ਜੀਤ ਸਿੰਘ : ਇਸ ਜ਼ਿਲ੍ਹੇ ਦਾ ਸਾਰਾ ਖੇਤਰ ਸਾਡੇ ਹਵਾਲੇ ਕੀਤਾ ਗਿਆ ਏ। ਐਥੇ ਸਾਡਾ ਹੀ ਝੰਡਾ ਝੁਲੇਗਾ। ਸਰਕਾਰ ਦਾ ਨਹੀਂ, ਸਾਡਾ ਕਾਨੂੰਨ ਹੀ ਚੱਲੇਗਾ। ਲੋਕ ਸਾਡੀ ਆਵਾਜ਼ ਦਾ ਇੰਤਜ਼ਾਰ ਕਰਿਆ ਕਰਨਗੇ। ਆਪਣੇ ਵਿਰੋਧੀਆਂ ਨੂੰ ਐਸਾ ਸਬਕ ਸਿਖਾ ਦਿਆਂਗੇ ਕਿ .... (ਦੰਦ ਪੀਸਦਾ ਹੈ)

ਸੀਤਲ ਸਿੰਘ : ਇਹਨਾਂ ਨੂੰ ਨਾਨੀ ਚੇਤੇ ਆ ਜੂ।



ਜੀਤ ਸਿੰਘ : ਹਾਂ, ਹੁਣ ਵੇਖਣਾ ਮਲੇਸ਼ ਜਾਂਦੇ ਕਿਧਰ ਨੇ? ਭਜਦਿਆਂ ਨੂੰ ਰਾਹ ਨਹੀਂ ਲੱਭਣਾ। ਆਹ ਲੋਕ ਸਾਡੇ ਨਾਲ ਮੱਥਾ ਪਏ ਲਾਉਂਦੇ ਨੇ। ਇਹ ਨਹੀਂ ਜਾਣਦੇ ਕਿ ਸ਼ੇਰ ਨਾਲ ਮੱਥਾ ਲਾਇਆਂ ਕੀ ਭਾਅ ਵਿਕਦੀ ਏ। ਜਦ ਕੱਲੇ-ਕੱਲੇ ਨੂੰ ਸੜਕਾਂ ਤੇ ਘਸੀਟਿਆ ਤਾਂ ਇਹਨਾਂ ਨੂੰ ............

ਸੀਤਲ ਸਿੰਘ : ਨਾਨੀ ਚੇਤੇ ਆ ਜੂ! ਅਜੇ ਤਾਂ ਇਹਨਾਂ ਲੋਕਾਂ ਨੇ ਕੁਝ ਵੇਖਿਆ ਹੀ ਨਹੀਂ ਪਰ ਹੁਣ ਵੇਖਣਗੇ ਕੀ ਵਾਪਰਦਾ ਏ। ਫਿਰ ਬਾਪੂ ਯਾਦ ਆਊ ਬਾਪੂ।

ਜੀਤ ਸਿੰਘ : ਸੀਤਲ ਸਿੰਘ, ਮੈਂ ਤੈਨੂੰ ਕਿੰਨੀ ਵਾਰ ਆਖਿਆ ਏ ਵਾਰ-ਵਾਰ ਬਾਪੂ ਨਾ ਕਿਹਾ ਕਰ, (ਭਾਵੁਕ ਹੋ ਜਾਂਦਾ ਹੈ) ਮੈਨੂੰ ਅੱਜ ਵੀ ਆਪਣਾ ਬਾਪੂ ਯਾਦ ਆਉਂਦਾ ਏ, ਜਿਹਦੀ ਉਂਗਲ ਫੜ੍ਹ ਕੇ ਮੈਂ ਸਾਰੇ ਪਿੰਡ ਦਾ ਚੱਕਰ ਲਾਉਂਦਾ ਹੁੰਦਾ ਸੀ ਤੇ ਮੈਨੂੰ ........ ਮੇਰੀ ਮਾਂ ਯਾਦ ਆਉਂਦੀ ਏ, ਉਹਦੀਆਂ ਮਿੱਠੀਆਂ ਮਿੱਠੀਆਂ ਲੋਰੀਆਂ ਯਾਦ ਆਉਂਦੀਆਂ ਨੇ। ਹੁਸ਼ਿਆਰਪੁਰ ਤੋਂ ਪਰਾਂ ਪਹਾੜਾਂ ਵਿਚ ਜਿਹੜਾ ਮੇਲਾ ਲੱਗਦਾ ਏ, ਜੇ ਮੈਂ ਉਥੋਂ ਮਾਪਿਆਂ ਤੋਂ ਨਾ ਵਿਛੜਿਆ ਹੁੰਦਾ ਤਾਂ ਅੱਜ ਮੈਂ ਵੀ ਆਪਣੇ ਪਰਿਵਾਰ ਵਿਚ ਹੁੰਦਾ। (ਆਪਣੀ ਬਾਂਹ ਵਿਖਾਉਂਦਾ ਹੋਇਆ) ਉਸ ਮੇਲੇ ਵਿਚ ਮੈਂ ਤੇ ਮੇਰੇ ਛੋਟੇ ਭਰਾ ਟੀਟੂ ਨੇ ਆਪਣੀਆਂ ਬਾਹਵਾਂ ਤੇ ਆਪਣੇ ਨਾਂ ਲਿਖਵਾਏ ਸੀ।

ਸੀਤਲ ਸਿੰਘ : ਜੀਤ ਸਿੰਘ, ਮੈਂ ਪਹਿਲਾਂ ਵੀ ਤੇਰੇ ਤੋਂ ਤੇਰੇ ਮਾਪਿਆਂ ਦੀ ਗੱਲ ਕਈ ਵਾਰ ਪੁੱਛੀ ਏ ਪਰ ਤੂੰ ਹਰ ਵਾਲ ਇਹੋ ਕਹਿ ਕੇ ਟਾਲ ਦਿੱਤੈ ਫਿਰ ਕਦੇ ਦੱਸਾਂਗਾ। ਅੱਜ ਸਾਰੀ ਗੱਲ ਜ਼ਰੂਰ ਦੱਸ।

ਜੀਤ ਸਿੰਘ : ਹੋਰ ਕਿਸੇ ਨੂੰ ਦੱਸਾਂ ਜਾਂ ਨਾ ਦੱਸਾਂ ਪਰ ਤੈਨੂੰ ਜ਼ਰੂਰ ਦੱਸਾਂਗਾ। ਤੂੰ ਤਾਂ ਮੇਰੇ ਭਰਾ ਵਾਂਗ ਏਂ ਮੈਨੂੰ ਆਪਣੇ ਪਿੰਡ ਦਾ ਨਾਂ ਪੂਰੀ ਤਰ੍ਹਾਂ ਯਾਦ ਨਹੀਂ। ਕਦੇ-ਕਦੇ ਮੇਰੀ ਜ਼ੁਬਾਨ ਤੇ ਜ਼ਰੂਰ ਆਉਂਦਾ ਏ। ਮਾਂ, ਬਾਪ ਤੋਂ ਵਿਛੜਣ ਸਮੇਂ ਮੈਂ ਸੱਤ ਸਾਲ ਦਾ ਸੀ। ਮੇਰੇ ਮਾਂ ਬਾਪ ਦੇ ਨਾਂ ਮੇਰੀ ਜ਼ੁਬਾਨ ਤੇ ਆਉਂਦੇ ਨੇ ਤੇ ਆਉਂਦੇ ਆਉਂਦੇ ਰੁਕ ਜਾਂਦੇ ਨੇ। ਉਹਨਾਂ ਦੇ ਚਿਹਰੇ ਅੱਜ ਵੀ ਮੇਰੀਆਂ ਅੱਖਾਂ ਅੱਗੇ ਘੁੰਮਦੇ ਨੇ (ਸੋਚਾਂ ਵਿਚ ਗੁਆਚ ਜਾਂਦਾ ਹੈ) ਮੈਂ ਤੇ ਮੇਰਾ ਛੋਟਾ ਭਰਾ ਟੀਟੂ ਕੱਠੇ ਪਿੰਡ ਦੀ ਮਸੀਤ ਕੋਲ ਖੇਡਦੇ ਹੁੰਦੇ ਸੀ। ਇਸ ਗੱਲ ਨੂੰ ਪੂਰੇ ਬਾਰਾਂ ਵਰ੍ਹੇ ਹੋ ਗਏ ਨੇ।

ਸੀਤਲ ਸਿੰਘ : (ਉਤਸੁਕਤਾ ਵਿਚ) ਮਾਂ ਬਾਪ ਤੋਂ ਵਿਛੜਣ ਬਾਅਦ ਤੈਨੂੰ ਪਾਲਿਆ ਕਿਹਨੇ?

ਜੀਤ ਸਿੰਘ : ਗੁਰਦਵਾਰੇ ਦੇ ਇੱਕ ਗ੍ਰੰਥੀ ਸਾਹਿਬ ਮੈਨੂੰ ਗੁਰਦਵਾਰੇ ਲੈ ਆਏ। ਮੈਂ ਪਾਠ ਉਹਨਾਂ ਤੋਂ ਸਿੱਖਿਆ। ਉਹਨਾਂ ਮੈਨੂੰ ਪੰਜਾਬ ਦੇ ਇਤਿਹਾਸ ਤੋਂ ਜਾਣੂ ਕਰਾਇਆ।
(ਜੋਸ਼ ਵਿਚ) ਉਹਨਾਂ ਮੈਨੂੰ ਸਿਖਾਇਆ, ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਉਹਨਾਂ ਮੈਨੂੰ ਦੱਸਿਆ, ਸੂਰਾ ਸੋ ਪਹਿਚਾਨੀਏ ਜੋ ਲਰੈ

ਦੀਨ ਕੇ ਹੇਤ, ਪੁਰਜਾ ਪੁਰਜਾ ਕੱਟ ਮਰੇ ਕਬਹੂੰ ਨਾ ਛਾਡੇ ਖੇਤ। ਸ਼ੇਰ ਜਦੋਂ ਮੈਦਾਨ 'ਚ ਵਿਚ ਆ ਜਾਂਦਾ ਏ ਤਾਂ .....

ਜੀਤ ਸਿੰਘ : ਵੱਡਿਆਂ ਵੱਡਿਆਂ ਨੂੰ ਨਾਨੀ ਯਾਦ ਆ ਜਾਂਦੀ ਏ।

ਸੀਤਲ ਸਿੰਘ : ਹਾਂ, ਜੇ ਜੀਏ ਤਾਂ ਸ਼ੇਰ ਬਣ ਕੇ। ਗਿੱਦੜ ਬਣ ਕੇ ਜੀਣਾ ਵੀ ਕੋਈ ਜ਼ਿੰਦਗੀ ਏ! ਲਾਹਣਤ ਏ ਐਸੀ ਜ਼ਿੰਦਗੀ ਤੇ। ਅਸੀਂ ਸ਼ੇਰ ਬਣ ਕੇ ਆਪਣੇ ਕਾਇਦੇ ਕਾਨੂੰਨ ਲਾਗੂ ਕਰ ਕੇ ਰਹਾਂਗੇ, ਇਹਦੇ ਬਦਲੇ ਸਾਨੂੰ ਕਿੰਨੀਆਂ ਕੁਰਬਾਨੀਆਂ ਕਿਉਂ ਨਾ ਕਰਨੀਆਂ ਪੈਣ।

ਸੀਤਲ ਸਿੰਘ : ਜਿਵੇਂ ਅਸੀਂ ਚਾਹੁੰਦੇ ਸੀ, ਲੋਕ ਉਸੇ ਤਰ੍ਹਾਂ ਕਰਨ ਲੱਗ ਪਏ ਨੇ। ਅਸੀਂ ਲੋਕਾਂ ਨੂੰ ਸਾਫ-ਸਾਫ ਕਹਿ ਦਿੱਤਾ ਏ - ਖ਼ਬਰਦਾਰ, ਜੇ ਕਿਸੇ ਨੇ ਸ਼ਰਾਬ ਪੀਤੀ, ਬਰਾਤਾਂ ਨੂੰ ਮੀਟ ਪਾਇਆ। ਬਰਾਤ ਗਿਆਰਾਂ ਬੰਦਿਆਂ ਤੋਂ ਵੱਧ ਨਾ ਜਾਏ ਤੇ ਕੋਈ ਬੰਦਾ ਕੇਸ ਨਾ ਕਟਾਏ।

ਸੀਤਲ ਸਿੰਘ : ਪਰ ਜੇ ਕੋਈ ਮਲੇਸ਼ ਮਨ ਆਈਆਂ ਕਰੇਗਾ ਤਾਂ ਉਹਨੂੰ ਸੋਧਾ ਲਾ ਕੇ ਰਹਾਂਗੇ। (ਗੱਲ ਨੂੰ ਬਦਲਦਾ ਹੋਇਆ) ਸੀਤਲ ਸਿੰਘ, ਤੇਰਾ ਕੀ ਖ਼ਿਆਲ ਏ ਜੇ ਹੁਣੇ ਇਸ ਨਗਰ ਦੇ ਬਾਹਰ ਵਾਰ ਬਾਗ ਵਿਚ ਡੇਰਾ ਲਾਈਏ ਤੇ ਸ਼ਹਿਰੋਂ ਆਉਣ ਵਾਲੀ ਅਖ਼ੀਰਲੀ ਬੱਸ ਘੇਰੀਏ?

ਸੀਤਲ ਸਿੰਘ : ਠੀਕ ਫਰਮਾਇਆ। ਸ਼ਾਮਾਂ ਪੈ ਰਹੀਆਂ ਨੇ। ਸਾਨੂੰ ਹੁਣੇ ਚੱਲਣਾ ਚਾਹੀਦੈ। ਦਿਨ ਛਿਪੇ ਫਿਰ ਆਵਾਂਗੇ ਤੇ ਅੱਜ ਰਾਤ ਐਥੇ ਈ ਕੱਟਾਂਗੇ।

(ਦੋਵੇਂ ਚਲੇ ਜਾਂਦੇ ਹਨ ਅਤੇ ਘਬਰਾਈ ਹੋਈ ਇੱਕ ਔਰਤ ਆਉਂਦੀ ਹੈ)

ਔਰਤ : (ਆਪਣੇ ਆਪ ਨਾਲ) ਐਥੇ ਤਾਂ ਕੋਈ ਨਹੀਂ। ਐਥੇ ਤਾਂ ਕੋਈ ਚਿੜੀ ਵੀ ਨਹੀਂ ਫੜਕਦੀ। ਤਿੰਨ ਵਜੇ ਤੋਂ ਉਹਨਾਂ ਨੂੰ ਉਡੀਕਦੀ ਪਈ ਆਂ। ਘਰ ਬੈਠੀ-ਬੈਠੀ ਉਡੀਕਦੀ ਥੱਕ ਗਈ। ਮੈਂ ਉਹਨਾਂ ਨੂੰ ਕਿਹਾ ਸੀ, ਜੇ ਸ਼ਹਿਰ ਜਾਣਾ ਏ ਤਾਂ ਘਰ ਜ਼ਰੂਰ ਸਵੱਖਤੇ ਆ ਜਾਣਾ। ਅਜੇ ਤਾਂ ਮਾਇਆ ਦੇ ਵਿਆਹ 'ਚ ਪੰਜ ਦਿਨ ਪਏ ਨੇ। ਬਥੇਰਾ ਜ਼ੋਰ ਦਿੱਤਾ ਕਿ ਵਿਆਹ ਦਾ ਸਾਮਾਨ ਕਿਸੇ ਤੋਂ ਮੰਗਵਾ ਲਉ ਪਰ ਕਹਿਣ ਲੱਗੇ, ਮੇਰੀ ਵਾਕਫੀਅਤ ਏ, ਸੌਦਾ ਰੇਤ ਮਿਲ ਜੂ। ਮਨ 'ਚ ਕਈ ਖ਼ਿਆਲ ਆਉਂਦੇ ਪਏ ਨੇ, ਰੱਬ ਖੈਰ ਕਰੇ! ਅੱਜ-ਕਲ੍ਹ ਤਾਂ ਬੰਦਾ ਟੈਮ ਸਿਰ ਈ ਘਰ ਆ ਜਾਏ ਤਾਂ ਚੰਗਾ ਏ ਹੁਣ ਤਾਂ ਸ਼ਾਮਾਂ ਪੈਣ ਵਾਲੀਆਂ ਨੇ। ਕਾਲੂ ਦਾ ਟਾਂਗਾ ਵੀ ਚਾਰ ਵਜੇ ਦਾ ਆ ਗਿਐ। ਅੱਜ-ਕੱਲ੍ਹ ਕੀ ਕੀ ਵਾਪਰ ਰਿਹੈ ਸੁਣ ਕੇ ਦਿਲ ਨੂੰ ਡੋਬੂ ਪੈਂਦੇ ਪਏ ਨੇ।

(ਸਤਿਨਾਮ ਵਾਹਿਗੁਰੂ ਦੀ ਆਵਾਜ਼ ਆਉਂਦੀ ਹੈ, ਔਰਤ ਘਬਰਾਹਟ ਵਿਚ ਇੱਧਰ-ਉੱਧਰ ਵੇਖਦੀ ਹੈ। ਬਜ਼ੁਰਗ ਆਉਂਦਾ ਹੈ।)

ਔਰਤ : (ਘਬਰਾਹਟ ਵਿਚ) ਤੁਸੀਂ ਬਾਬਾ?



ਬਜ਼ੁਰਗ : ਘਬਰਾ ਨਾ ਬੀਬਾ! ਮੈਂ ਇਸੇ ਨਗਰ ਦਾ ਰਹਿਣ ਵਾਲਾ ਹਾਂ। ਸ਼ੈਦ ਤੂੰ ਨਹੀਂ ਜਾਣਦੀ ਹੋਵੇਂਗੀ। ਮੈਂ ਬਾਹਲਾ ਸਮਾਂ ਬਾਹਰ ਫ਼ੌਜ ਵਿਚ ਰਿਹਾਂ। ਬੀਬਾ, ਇੱਥੇ ਤਾਂ ਸੁੰਨ ਪਈ ਏ, ਤੂੰ ਕਿਹਨੂੰ ਉਡੀਕ ਰਹੀ ਏਂ?

ਔਰਤ : ਬਾਬਾ, ਮੇਰੇ ਪਤੀ ਸਵੇਰੇ ਅੱਠ ਵਜੇ ਦੇ ਸ਼ਹਿਰ ਗਏ ਨੇ, ਅਜੇ ਪਰਤੇ ਈ ਨਹੀਂ?

ਬਜ਼ੁਰਗ : ਕੀ ਨਾਂ ਏ ਤੇਰੇ ਪਤੀ ਦਾ?

ਔਰਤ : ਮੰਗਲ ਸੈਨ! ਬਾਬਾ, ਮੇਰੇ ਦਿਲ ਨੂੰ ਪਤਾ ਨਹੀਂ ਕੀ ਹੁੰਦਾ ਪਿਐ?

ਬਜ਼ੁਰਗ : (ਭਾਵਕ ਹੋ ਕੇ ਦੁੱਖ ਭਰੀ ਆਵਾਜ਼ ਵਿਚ) ਹੇ ਵਾਹਿਗੁਰੂ! ਐਹ ਦਿਨ ਵੀ ਵੇਖਣੇ ਪੈਣੇ ਸਨ ਪੰਜਾਬਣਾਂ ਨੂੰ। ਔਰਤਾਂ ਆਪਣੇ ਪਤੀਆਂ ਨੂੰ ਰਾਹਾਂ 'ਚ ਖੜੀਆਂ ਉਡੀਕ ਰਹੀਆਂ ਹੋਣ ਅਤੇ ਪਤੀ ਮੌਤ ਦਾ ਸਾਹਮਣਾ ਕਰ ਰਹੇ ਹੋਣ। ਉਹ ਦ੍ਰਿਸ਼ ਬੜਾ ਦੁਖਦਾਈ ਸੀ ਜੋ ਮੈਂ ਹੁਣੇ ਕਮਾਦ ਵਿਚ ਲੁੱਕ ਕੇ ਵੇਖਿਆ।

ਔਰਤ : (ਹੋਰ ਘਬਰਾਉਂਦੀ ਹੋਈ) ਦ੍ਰਿਸ਼! ਕਿਹੜਾ ਦ੍ਰਿਸ਼ ਬਾਬਾ! ਮੈਨੂੰ ਸਾਫ-ਸਾਫ ਦੱਸ।

ਬਜ਼ੁਰਗ : ਕੀ ਦੱਸਾਂ! ਇਹ ਗੱਲ ਰੋਜ਼ ਵਾਪਰਦੀ ਏ ਕਿਤੇ ਨਾ ਕਿਤੇ। ਰੋਜ਼ ਕਿੰਨੇ ਬੇਦੋਸ਼ੇ ਇਸ ਫਿਰਕੂ ਹਨ੍ਹੇਰੀ ਵਿਚ ਝੁਲਸੇ ਜਾਂਦੇ ਨੇ। ਤੇਰਾ ਪਤੀ ਮੇਰਾ ਬਹੁਤ ਚੰਗਾ ਵਾਕਫ ਸੀ ਤੇ .... ਨਗਰ ਦੇ ਬਾਹਰ ਵਾਰ ਬਾਗ ਕੋਲ ਉਸ ਵਿਚਾਰੇ ਨੂੰ ਗੋਲੀਆਂ ਨਾਲ ... (ਗਲਾ ਭਰ ਜਾਂਦਾ ਹੈ)

(ਔਰਤ ਰੋਣਾ ਪਿੱਟਣਾ ਸ਼ੁਰੂ ਕਰ ਦਿੰਦੀ ਹੈ)

ਔਰਤ : ਇਹ ਕੀ ਹੋ ਗਿਐ? ਬਾਬਾ, ਇਹ ਕੀ ਹੋ ਗਿਐ?

ਬਜ਼ੁਰਗ : ਜੋ ਨਹੀਂ ਹੋਣਾ ਚਾਹੀਦਾ ਸੀ ਉਹ ਮੰਦੀਂ ਭਾਗੀਂ ਹੋ ਗਿਐ। ਸਿਆਸੀ ਕੁਚਾਲਾਂ ਨੇ ਘਰਾਂ ਦੇ ਘਰ ਅੱਗ ਦੀ ਭੱਠੀ 'ਚ ਝੋਕ ਦਿੱਤੇ। ਉਹਨਾਂ ਦੀ ਕੁਰਸੀ ਕੈਮ ਰਹਿਣੀ ਚਾਹੀਦੀ ਹੈ ਤੇ ਐਧਰ ਭਾਵੇਂ ਸਾਰੀ ਖਲਕਤ ਲਹੂ-ਲੁਹਾਨ ਹੋ ਜਾਵੇ। ਉਹਨਾਂ ਨੂੰ ਕੀ?

ਔਰਤ : ਸਾਡਾ ਕੀ ਬਣੇਗਾ ਸਾਡਾ ਤਾਂ ਘਰ ਉਜੜ ਗਿਐ। ਮੇਰੇ ਬੱਚਿਆਂ ਦਾ ਕੀ ਬਣੇਗਾ? ਸਾਡਾ ਇਸ ਨਗਰ ਵਿਚ ਕੌਣ ਏ? (ਫੈਸਲਾਕੁਨ ਆਵਾਜ਼ ਵਿਚ) ਹੁਣ ਤਾਂ ਇਸ ਧਰਤੀ ਨਾਲ ਸਾਡਾ ਕੋਈ ਨਾਤਾ ਨਹੀਂ, ਕੋਈ ਰਿਸ਼ਤਾ ਨਹੀਂ। ਹਾਂ, ਹਾਂ ਕੋਈ ਨਾਤਾ ਨਹੀਂ, ਕੋਈ ਰਿਸ਼ਤਾ ਨਹੀਂ।

ਪਿੱਛੋਂ ਗਾਉਣ ਦੀ ਆਵਾਜ਼ : ਰਿਸ਼ਤੇ ਨਾਤੇ ਟੁੱਟ ਗਏ ਤੇ ਪਈ ਗਮਾਂ ਦੀ ਰਾਤ ਹੈ
ਘਰੋਂ ਬੇਘਰ ਹੋ ਗਏ, ਇਹ ਕਿਹੀ ਸਮੇਂ ਦੀ ਚਾਲ ਹੈ।

ਬਜ਼ੁਰਗ : ਮੈਂ ਤੇਰੇ ਦੁੱਖ ਤੋਂ ਵਾਕਫ ਹਾਂ ਬੀਬਾ। ਪੰਜਾਬ ਦਾ ਇਤਿਹਾਸ ਖ਼ੂਨ ਖਰਾਬੇ

ਨਾਲ ਭਰਿਆ ਪਿਐ। ਇਥੇ ਕਈ ਹਨ੍ਹੇਰੀਆਂ ਆਈਆਂ। ਕੁਝ ਨੁਕਸਾਨ ਕਰਕੇ ਆਖ਼ਰ ਖ਼ਤਮ ਹੋ ਗਈਆਂ। ਪੰਜਾਬ ਵਿਚ ਮੁੜ ਸ਼ਾਤੀ ਹੋ ਜਾਂਦੀ ਰਹੀ। (ਦ੍ਰਿੜ੍ਹਤਾ ਨਾਲ) ਪੰਜਾਬ ਦਾ ਭਾਈਚਾਰਾ ਹੁਣ ਵੀ ਬਣਿਆ ਰਹੇਗਾ, ਭਾਵੇਂ ਕੁਰਸੀਆਂ ਦੇ ਭੁੱਖੇ ਇੱਥੇ ਲੱਖ ਸ਼ਤਰੰਜੀ ਚਾਲਾਂ ਕਿਉਂ ਨਾ ਚੱਲਣ।

ਔਰਤ : (ਬਜ਼ੁਰਗ ਤੋਂ ਬੇਧਿਆਨ ਹੁੰਦੀ ਦੁੱਖੀ ਆਵਾਜ਼ ਵਿਚ) ਹੁਣ ਇਥੇ ਰਹਿਣ ਦਾ ਮੈਂ ਕਦੇ ਹੌਂਸਲਾ ਨਹੀਂ ਕਰਾਂਗੀ। ਆਪਣੇ ਬੱਚਿਆਂ ਨੂੰ ਬਲੀ ਦੇ ਬੂਥੇ ਨਹੀਂ ਚੜ੍ਹਨ ਦੇਵਾਂਗੀ। ਮੈਂ ਉਹਨਾਂ ਨੂੰ ਕਿੰਨੀ ਵਾਰ ਕਿਹਾ ਸੀ - ਸ਼ਹਿਰ ਚਲੇ ਜਾਈਏ ਪਰ ਉਹ ਨਾ ਮੰਨੇ। ਕਹਿੰਦੇ ਸੀ ਆਪਣੀ ਮਿੱਟੀ ਨਾਲ ਬੜਾ ਮੋਹ ਹੁੰਦੈ ਪਰ ਹੁਣ ਮੈਂ ਇਥੇ ਹੋਰ ਜ਼ਿਆਦਾ ਨਹੀਂ ਰੁਕ ਸਕਦੀ।

ਬਜ਼ੁਰਗ : ਹੇ ਰੱਬਾ! ਇਹ ਕਾਲੀ ਬੋਲੀ ਰਾਤ ਕਦੋਂ ਖ਼ਤਮ ਹੋਵੇਗੀ?

(ਕਰਮਾ ਅਮਲੀ ਅਤੇ ਧਰਮਾ ਅਮਲੀ ਆਉਂਦੇ ਹਨ।)

ਕਰਮਾ : ਬਾਬਾ, ਤੂੰ ਕਹਿ ਰਿਹੈ ਰਾਤ ਕਦੋਂ ਖਤਮ ਹੋਵੇਗੀ, ਅਜੇ ਤਾਂ ਰਾਤ ਪਈ ਨਹੀਂ?

ਬਜ਼ੁਰਗ : ਆ ਗਏ ਓ ਅਮਲੀਓ? ਤੁਹਾਨੂੰ ਕੀ ਸਮਝ ਐ ਕਿਸ ਰਾਤ ਦੀ ਗੱਲ ਕੀਤੀ ਏ। ਅੱਛਾ ਪਿਆਰਿਓ! ਮੈਂ ਚੱਲਦਾਂ, ਤੁਸੀਂ ਮਾਰੋ ਗੱਪਾਂ।

ਧਰਮਾ : ਚੰਗਾ ਹੋਇਆ, ਬਾਬਾ ਚਲਾ ਗਿਐ। ਐਵੇਂ ਉਹਨੇ ਸਾਡੇ ਕੰਨ ਖਾਣ ਲੱਗ ਪੈਣੇ ਸੀ ਕੋਈ ਲਕਚਰ ਝਾੜ ਕੇ।

ਕਰਮਾ : ਆਹੋ, ਉਹ ਤਾਂ ਠੀਕ ਏ ਪਰ ਇਹ ਗੱਲ ਦੱਸ ਬਈ ਤੇਰੀਆਂ ਅੱਖਾਂ ਕਿਉਂ ਬੇਰਾਂ ਵਾਂਗੂੰ ਲਾਲ ਹੋਈਆਂ ਪਈਆਂ ਨੇ?

ਧਰਮਾ : ਰਾਤ ਤੋਲਾ ਕੁ ਸੁੱਟੀ ਸੀ। ਮਾੜਾ ਜਿਹਾ ਝੂਟਾ ਲੱਗਾ ਸੀ ਆਉਣ, ਕਿਤੋਂ ਠਾਹ ਠਾਹ ਦੀ ਵਾਜ਼ ਆ ਗਈ। ਨਸ਼ਾ ਸੌਹਰੀ ਦਾ ਐ ਉਡਿਆ ਜਿਵੇਂ ਨਲੈਕ ਨਿਆਣੇ ਸਕੂਲੋਂ ਉੱਡ ਜਾਂਦੇ ਨੇ। ਮੈਂ ਸੋਚਿਆ ਠਾਹ ਠਾਹ ਹੋਈ ਏ ਤੇ ਕਿਸੇ ਦਾ ਘੁੱਗੂ ਬੋਲਿਆ ਈ ਸਮਝੋ।

ਕਰਮਾ : ਫਿਰ ਰਾਤ ਕਿਵੇਂ ਕੱਟੀ ਅਮਲੀਆ?

ਧਰਮਾ : ਰਾਤ ਤਾਂ ਸੌਹਰੀ ਦੀ ਐਂ ਲੰਮੀ ਹੋ ਗਈ ਜਿਵੇਂ ਨਿਆਣਿਆਂ ਦੀ ਬਬਲਗਮ ਲੰਮੀ ਹੋ ਜਾਂਦੀ ਏ।

ਕਰਮਾ : ਨਾ ਤੂੰ ਮੇਰੇ ਕੋਲ ਆ ਜਾਂਦਾ। ਇੱਕ ਗੋਲੀ ਸੁੱਟ ਲੈਂਦਾ ਤਾਂ ਫਿਰ ਗਾਉਂਦਾ ਸਾਰੀ ਰਾਤ ਨੈਣ ਪਰੀਤੋ ਦੇ।

ਧਰਮਾ : ਘਰੋਂ ਬਾਹਰ ਕੌਣ ਨਿਕਲਦਾ? ਜੇ ਭੁੱਲ ਭੁਲੇਖੇ ਪਿਛਲੀ ਰਾਤ ਘਰੋਂ ਬਾਹਰ ਨਿਕਲ ਪੈਂਦਾ ਤਾਂ ਮੇਰਾ ਘੁੱਗੂ ਬੋਲ ਈ ਪੈਣਾ ਸੀ। ਗੋਲੀ ਦੀ



ਵਾਜ ਸੁਣ ਕੇ ਰਜ਼ਾਈ ਵਿਚ ਐਂ ਲੁਕ ਗਿਆ ਜਿਵੇਂ ਪਰਾਲੀ ਦੇ ਖਲਵਾੜੇ ਵਿਚ ਸਿਆਲਾਂ ਨੂੰ ਕੁੱਤੇ ਲੁਕ ਜਾਂਦੇ ਨੇ

ਕਰਮਾ : ਡਰ ਸੌਹਰੀ ਦਾ ਐਨਾ ਹੋ ਗਿਐ ਮੈਂ ਤਾਂ ਰਾਤ ਨੂੰ ਕਦੇ ਪਿਸ਼ਾਬ ਕਰਨ ਨਹੀਂ ਨਿਕਲਦਾ ਬਾਹਰ। ਹੁਣ ਤੇ ਪਤਾ ਨਹੀਂ ਹੁੰਦਾ ਕਿਹੜੇ ਵੇਲੇ ਕਿਹਨੂੰ ਗੋਲੀ ਵੱਜ ਜਾਣੀ ਏ।

ਧਰਮਾ : ਆਪਣੇ ਪਿੰਡ ਦਾ ਮਹਿੰਗਾ ਸਿੰਘ ਏ ਨਾ, ਮੁੰਡੇ ਦੀ ਬਰਾਤ ਲੈ ਕੇ ਗਿਆ ਸੀ ਪਰਸੋਂ। ਕੁੱਲ ਯਾਰਾਂ ਟੋਟਰੂ ਕੱਠੇ ਕਰ ਕੇ ਲੈ ਗਿਆ। ਪਹਿਲੇ ਮੁੰਡੇ ਵਿਆਹੇ ਸੀ, ਦੋ ਦੋ ਸੌ ਬੰਦਿਆਂ ਦੀ ਫੌਜ ਕੱਠੀ ਕਰ ਕੇ ਲੈ ਜਾਂਦਾ ਸੀ।

ਕਰਮਾ : ਆਹ ਗੱਲ ਤਾਂ ਕੁਝ ਜੱਚੀ ਏ ਕਿ ਬਾਹਲੀ ਬਰਾਤ ਕੀ ਕਰਨੀ ਹੁੰਦੀ ਏ। ਉਥੇ ਜਾ ਕੇ ਇਹਨਾਂ ਕਿਹੜੇ ਪਿਉ ਵਾਲੀ ਕਬੱਡੀ ਖੇਡਣੀ ਹੁੰਦੀ ਏ।

ਧਰਮਾ : ਆਹ ਸਾਰਾ ਗੋਲੀ ਦੇ ਡਰ ਕਰਕੇ ਹੋਇਐ। ਮੈਂ ਤਾਂ ਆਪ ਡਰਦਾ ਰਹਿਣਾ ਕਿਤੇ ਸਾਡੀ ਨਾ ਕਿਸੇ ਦਿਨ ਵਾਰੀ ਆ ਜਾਏ। ਐਵੇਂ ਸੁੱਕੇ ਨਾ ਰਗੜੇ ਜਾਈਏ।

ਕਰਮਾ : ਸਾਡੇ ਤੇ ਗੋਲੀ ਖਰਚਣ ਦੀ ਲੋੜ ਨਹੀਂ ਪੈਣੀ। ਨਸ਼ਾ ਜਿਹੜਾ ਮਾੜਾ ਮੋਟਾ ਮਿਲਦਾ ਏ, ਉਹ ਵੀ ਨਹੀਂ ਮਿਲਣਾ। ਨਸ਼ਾ ਨਾ ਮਿਲਿਆ ਤਾਂ ਸਾਡੇ ਫਿਊਜ਼ ਉਈਂ ਉੱਡ ਜਾਣੇ ਨੇ।

ਧਰਮਾ : ਗੱਲ ਪਾਏਦਾਰ ਕੀਤੀ ਏ। ਸੌਹਰੀ ਦੀ ਹਵਾ ਈ ਬਦਲ ਗਈ ਏ। ਕਿਸੇ ਨੂੰ ਪਿੰਡ 'ਚ ਖਤਰੈ ਤੇ ਕਿਸੇ ਨੂੰ ਸ਼ਹਿਰਾਂ ਵਿਚ। ਤੂੰ ਦੱਸ, ਸਾਡਾ ਕੀ ਬਣੂ?

ਕਰਮਾ : ਸਾਡਾ ਕੀ ਬਣਨੈ! ਅਸੀਂ ਤਾਂ ਫਾਲਤੂ ਫੰਡ ਆਂ। ਅਸੀਂ ਪਿੰਡ ਹੋਈਏ ਜਾਂ ਸ਼ਹਿਰ, ਸਾਡੇ ਫਿਊਜ਼ ਉੱਡੇ ਈ ਸਮਝ।

(ਜੀਤ ਸਿੰਘ ਅਤੇ ਸੀਤਲ ਸਿੰਘ ਆਉਂਦੇ ਹਨ ਉਹਨਾਂ ਨੂੰ ਵੇਖ ਕੇ ਦੋਵੇਂ ਅਮਲੀ ਖੜ੍ਹੇ ਹੋ ਕੇ ਡਰ ਨਾਲ ਕੰਬਣ ਲੱਗ ਪੈਂਦੇ ਹਨ।)

ਜੀਤ ਸਿੰਘ : ਓਏ ਕੌਣ ਓ ਤੁਸੀਂ? ਕਿਧਰ ਦੀਆਂ ਗੱਲਾਂ ਛੇੜ ਰੱਖੀਆਂ ਨੇ?

ਧਰਮਾ : ਜੀ.... ਜੀ.... ਕੁਝ ਨਹੀਂ ਗਲਤੀ ਹੋ ਗਈ, ਮਾਫੀ ਦੇ ਦਿਓ।

ਜੀਤ ਸਿੰਘ : (ਹੈਰਾਨ ਹੋ ਕੇ) ਮਾਫੀ? ਤੁਸੀਂ ਜ਼ਰੂਰ ਕੋਈ ਗਲਤ ਕੰਮ ਕੀਤੈ। ਜਲਦੀ ਦੱਸੋ, ਨਹੀਂ ਤਾਂ ....

ਸੀਤਲ ਸਿੰਘ : ਨਾਨੀ ਚੇਤੇ ਕਰਾ ਦਿਆਂਗੇ।

ਧਰਮਾ : ਜੀ ਮੇਰਾ ਮਤਲਬ ਏ ਬੰਦਾ ਗਲਤੀ ਦਾ ਪੁਤਲਾ ਹੁੰਦੈ। ਸਾਡੇ ਜਿਹੇ ਭੁਲਣਹਾਰ ਗਲਤੀ ਕਰ ਈ ਜਾਂਦੇ ਨੇ।

ਕਰਮਾ : ਹਾਂ ਜੀ, ਕਈ ਵਾਰ ਤਾਂ ਪਤਾ ਈ ਨਹੀਂ ਚਲਦਾ ਕਿ ਗਲਤੀ ਕਿਹੜੇ ਵੇਲੇ ਹੋ ਜਾਂਦੀ ਏ।

ਜੀਤ ਸਿੰਘ : ਇਹ ਦੱਸੋ, ਗੱਲ ਕਿਹੜੀ ਪਏ ਕਰਦੇ ਸੀ?

ਧਰਮਾ : (ਬਨਾਉਟੀ ਜਿਹਾ ਮੂੰਹ ਬਣਾਉਂਦਾ ਹੋਇਆ) ਜੀ ਗੁਰਦਵਾਰੇ ਦੀਆਂ ਗੱਲਾਂ ਕਰਦੇ ਸੀ। ਲੰਗਰ ਖਾ ਕੇ ਆਏ ਹਾਂ। ਦਾਲ ਦੀ ਸਿਫਤ ਪਏ ਕਰਦੇ ਸੀ ਕਿ ਬੜੀ ਸੁਆਦ ਬਣੀ ਏ।

ਜੀਤ ਸਿੰਘ : ਓਏ ਮਲੇਸ਼ੋ! ਤੁਹਾਨੂੰ ਸੋਧਾ ਲਾਉਣ ਦੀ ਲੋੜ ਏ। ਤੁਸੀਂ ਗੁਰਦਵਾਰਾ ਕਹਿੰਦੇ ਹੋ, ਗੁਰਦਵਾਰਾ ਸਾਹਿਬ ਨਹੀਂ ਕਹਿੰਦੇ। ਕਹਿੰਦੇ ਹੋ ਲੰਗਰ ਖਾ ਕੇ ਆਏ ਹਾਂ, ਇੰਜ ਕਹੋ ਲੰਗਰ ਛੱਕ ਕੇ ਆਏ। ਦਾਲ ਨਹੀਂ ਦਾਲਾ ਵਾਹਿਗੁਰੂ ਬੋਲੋ।

ਧਰਮਾ : (ਕੰਨਾ ਨੂੰ ਹੱਥ ਲਾਉਂਦਾ ਹੋਇਆ) ਜੀ ਗਲਤੀ ਹੋ ਗਈ, ਫਿਰ ਨਹੀਂ ਹੁੰਦੀ।

ਕਰਮਾ : ਹਾਂ ਜੀ, ਬਹੁਤ ਵੱਡੀ ਗਲਤੀ ਹੋ ਗਈ, ਮਾਫ ਕਰ ਦਿਉ ਜੀ। (ਕੰਨ ਫੜ੍ਹ ਕੇ ਬੈਠਕਾਂ ਕੱਢਦਾ ਹੈ)

ਜੀਤ ਸਿੰਘ : (ਕੜਕ ਕੇ) ਓਏ, ਮੈਂ ਤੁਹਾਨੂੰ ਸਮਝਾ ਰਿਹਾਂ ਤੇ ਤੁਸੀਂ ਆਹ ਮਦਾਰੀ ਕਰਨੀ ਸ਼ੁਰੂ ਕਰ ਦਿੱਤੀ ਏ। ਸੀਤਲ ਸਿੰਘ, ਇਹਨਾਂ ਦੋਵਾਂ ਦੀ ਵਾਜ ਕਿਉਂ ਸ਼ਰਾਬੀਆਂ ਵਰਗੀ ਏ? ਇਹਨਾਂ ਕਿਤੇ ਦਾਰੂ ਦੁਰੂ ਤਾਂ ਨਹੀਂ ਡੱਫੀ?

ਧਰਮਾ : ਨਾ ਜੀ, ਦਾਰੂ ਤਾਂ ਸਾਡੇ ਨੇੜੇ ਨਹੀਂ ..... ਨਾ ਨਾ, ਅਸੀਂ ਤਾਂ ਦਾਰੂ ਦੇ ਨੇੜੇ ਨਹੀਂ ਜਾਂਦੇ।

ਸੀਤਲ ਸਿੰਘ : ਪੁੱਤਰੋ, ਦੱਸ ਦਿਉ ਸਾਫ ਸਾਫ ਨਹੀਂ ਤਾਂ ਨਾਨੀ ਚੇਤੇ ਕਰਵਾ ਦਿਆਂਗੇ।

ਧਰਮਾ : ਜੀ ਨਾਨੀ? ਉਹ ਤਾਂ ਆਪਾਂ ਵੇਖੀ ਨਹੀਂ। ਸੰਨ ਸੰਤਾਲੀ ਵੇਲੇ ਜਦ ਪਾਕਿਸਤਾਨ ਬਣਿਆ ਸੀ ਉਦੋਂ ਦੰਗੇ ਫਸਾਦ ਹੋਏ ਸੀ। ਨਾਨੀ ਦਾ ਦੰਗਿਆਂ ਵਿਚ ਈ ਘੁੱਗੂ ਬੋਲ ਗਿਆ ਸੀ।
(ਸੀਤਲ ਸਿੰਘ ਦੋਹਾਂ ਅਮਲੀਆਂ ਦੇ ਮੂੰਹ ਨੂੰ ਸੁੰਘਦਾ ਹੈ)

ਸੀਤਲ ਸਿੰਘ : ਸ਼ਰਾਬ ਦੀ ਬੋ ਤਾਂ ਨਹੀਂ ਆਉਂਦੀ ਇਹਨਾਂ ਤੋਂ।

ਜੀਤ ਸਿੰਘ : ਫਿਰ ਇਹਨਾਂ ਦੀ ਆਵਾਜ਼ ਕਿਉਂ ਸ਼ਰਾਬੀਆਂ ਵਰਗੀ ਏ?

ਕਰਮਾ : ਜੀ.... ਜੀ ਇਹ ਤਾਂ ਤੁਹਾਨੂੰ ਦੇਖ ਕੇ ਈ ਹੋ ਗਈ।

ਜੀਤ ਸਿੰਘ : ਅੱਛਾ, ਅੱਛਾ। ਇਹ ਦੱਸੋ ਕਿ ਇਸ ਨਗਰ ਵਿਚ ਮੋਟੇ ਮੋਟੇ ਸ਼ਾਹੂਕਾਰਾਂ ਦੇ ਨਾਂ ਤੇ ਉਹਨਾਂ ਦੇ ਟਿਕਾਣੇ, ਜਿਹਨਾਂ ਕੋਲੋਂ ਚੰਗੀ ਮਾਇਆ ਮਿਲ ਸਕਦੀ ਹੋਵੇ। ਉਹਨਾਂ ਸਾਰਿਆਂ ਨੂੰ ਅੱਜ ਰਾਤ ਨੂੰ...

ਸੀਤਲ ਸਿੰਘ : ਨਾਨੀ ਚੇਤੇ ਕਰਾਉਣੀ ਏ।

ਜੀਤ ਸਿੰਘ : ('ਨਾਨੀ' ਸ਼ਬਦ ਤੋਂ ਖਿੱਝ ਕੇ) ਚੁੱਪ ਕਰ ਜਾ ਓਏ ਸਾਲਾ ਨਾਨੀ ਦਾ। (ਅਮਲੀਆਂ ਨੂੰ) ਦੱਸੋ ਸਾਡੀ ਗੱਲ ਨੇੜੇ ਪਈ ਕਿ ਨਹੀਂ?

ਕਰਮਾ : ਜੀ ਦੱਸਦੇ ਆਂ। ਤੁਹਾਡੇ ਵਾਸਤੇ ਤਾਂ ਪੂਰਨ ਸ਼ਾਹ ਈ ਬਥੇਰਾ ਏ। ਉਥੇ ਤਾਂ ਨੋਟਾਂ ਦੇ ਬੰਕ ਭਰੇ ਪਏ ਨੇ। ਉਹਦੀਆਂ ਅਲਮਾਰੀਆਂ 'ਚ ਪੈਸਾ।



ਧਰਮਾ : ਉਹਦੇ ਸੰਦੂਕਾਂ ਵਿਚ ਪੈਸਾ।

ਕਰਮਾ : ਜੀ ਉਹਦੇ ਆਲਿਆਂ 'ਚ ਪੈਸਾ।

ਧਰਮਾ : ਉਹਦੇ ਪਰਨਾਲਿਆਂ 'ਚ ਪੈਸਾ।

ਕਰਮਾ : ਉਹਦੇ ਨਾਲਿਆਂ 'ਚ ਪੈਸਾ।

ਜੀਤ ਸਿੰਘ : (ਕਰਮੇ ਨੂੰ) ਇਸ ਤਰ੍ਹਾਂ ਅਵਾ ਤਵਾ ਬੋਲਦੇ ਤੈਨੂੰ ਸ਼ਰਮ ਨਹੀਂ ਆਉਂਦੀ?

ਧਰਮਾ : ਜੀ ਸ਼ਰਮ ਤਾਂ ਬੜੀ ਆਉਂਦੀ ਏ ਪਰ ਕਰਮੇ ਦੇ ਕਹਿਣ ਦਾ ਮਤਲਬ ਏ ਕਿ ਕੁੰਜੀਆਂ ਸ਼ਾਹ ਦੇ ਨਾਲੇ ਨਾਲ ਈ ਬੱਧੀਆਂ ਹੁੰਦੀਆਂ ਨੇ।

ਜੀਤ ਸਿੰਘ : ਉਹਦਾ ਘਰ ਦੱਸੋ ਜਲਦੀ-ਜਲਦੀ।

ਧਰਮਾ : (ਹੱਥ ਜੋੜ ਕੇ) ਜੀ ਇੱਕ ਬੇਨਤੀ ਸਾਡੀ ਵੀ ਏ। ਪੂਰਨ ਸ਼ਾਹ ਦੇ ਕਈ ਸਾਲਾਂ ਤੋਂ ਦੋ ਹਜ਼ਾਰ ਰੁਪਏ ਦੇਣੇ ਨੇ। ਵਿਆਜ ਭਰ ਭਰ ਸਾਡਾ ਘੁੱਗੂ ਬੋਲ ਗਿਐ, ਪਰ ਮੂਲ ਉਥੇ ਦਾ ਉਥੇ।

ਕਰਮਾ : ਸਰਕਾਰ ਸਾਡਾ ਤਾਂ ਉਹਨੇ ਖ਼ੂਨ ਪੀ ਲਿਐ। ਸਾਡੀ ਫਰਿਆਦ ਨੇੜੇ ਪਾਓ।

ਸੀਤਲ ਸਿੰਘ : ਤੁਸੀਂ ਘਬਰਾਓ ਨਾ, ਉਹਦੀਆਂ ਵਹੀਆਂ ਚੁੱਕ ਲਿਆਵਾਂਗੇ ਤੇ ਅੱਗ ਲਾ ਕੇ ਫੂਕ ਦੇਵਾਂਗੇ।

ਧਰਮਾ : (ਖ਼ੁਸ਼ੀ ਵਿਚ) ਫਿਰ ਸ਼ਾਹ ਦਾ ਘੁੱਗੂ ਬੋਲੇਗਾ। (ਇਸ਼ਾਰਾ ਕਰਦਾ ਹੋਇਆ) ਉਹ ਸਾਹਮਣਾ ਘਰ ਏ ਜੀ ਪੂਰਨ ਸ਼ਾਹ ਦਾ...

ਕਰਮਾ : ਪੀਲੇ ਰੰਗ ਵਾਲਾ।

ਜੀਤ ਸਿੰਘ : ਹੁਣ ਤੁਸੀਂ ਦੋਵੇ ਤਿੱਤਰ ਹੋ ਜਾਓ। (ਅਮਲੀ ਜਾਂਦੇ ਹਨ) ਸਾਡੇ ਸਾਥੀਆਂ ਨੂੰ ਪੈਸੇ ਦੀ ਸਖ਼ਤ ਲੋੜ ਏ। ਅਸੀਂ ਦੋ ਦਿਨਾਂ ਵਿਚ ਆਪਣੇ ਜਿੰਮੇ ਲੱਗੀ ਸੇਵਾ ਨੂੰ ਹਰ ਹਾਲ ਜ਼ਰੂਰ ਭੇਜਣਾ ਏ।
(ਬਜ਼ੁਰਗ ਦੇ ਗਾਉਣ ਦੀ ਆਵਾਜ਼ ਆਉਦੀ ਹੈ)
ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।
(ਜੀਤ ਸਿੰਘ ਅਤੇ ਸੀਤਲ ਸਿੰਘ ਆਪਣੀ ਥਾਂ ਸਾਵਧਾਨ ਹੋ ਜਾਂਦੇ ਹਨ। ਬਜ਼ੁਰਗ ਗਾਉਂਦਾ ਹੋਇਆ ਆਉਂਦਾ ਹੈ।)

ਸੀਤਲ ਸਿੰਘ : ਇਹ ਉਹੀ ਬਜ਼ੁਰਗ ਏ ਜੋ ਸਾਡੇ ਕੀਤੇ ਕਰਾਏ ਤੇ ਪਾਣੀ ਫੇਰੀ ਜਾ ਰਿਹੈ।

ਬਜ਼ੁਰਗ : ਮੈਂ ਤਾਂ ਚਾਰੇ ਪਾਸੇ ਨਿਮਰਤਾ ਦੇ ਛਿੱਟੇ ਮਾਰ ਰਿਹਾਂ।

ਜੀਤ ਸਿੰਘ : ਆਪਣੇ ਇਸ਼ਟ ਦਿਆ ਸਭ ਤੋਂ ਵੱਡਿਆ ਗੱਦਾਰਾ! ਤੈਨੂੰ ਆਪਣੇ ਆਪ ਤੇ ਸ਼ਰਮ ਆਉਣੀ ਚਾਹੀਦੀ ਏ।

ਬਜ਼ੁਰਗ : ਕਿਉਂ? ਮੈਂ ਤਾਂ ਕੋਈ ਐਸਾ ਕੰਮ ਨਹੀਂ ਕੀਤਾ ਜਿਸ ਕਰਕੇ ਮੈਨੂੰ ਸ਼ਰਮ ਆਵੇ।

ਜੀਤ ਸਿੰਘ : ਸ਼ਕਲ ਮੋਮਨਾਂ ਤੇ ਕਰਤੂਤ ਕਾਫਰਾਂ। ਤੂੰ ਥਾਂ-ਥਾਂ ਜਾ ਕੇ ਉਹਨਾਂ ਲੋਕਾਂ

ਨੂੰ ਬਚਾ ਰਿਹੈਂ, ਜਿਹਨਾਂ ਲੋਕਾਂ ਨੇ ਦਿਨ ਦਿਹਾੜੇ ਸਾਡੇ ਭੈਣ-ਭਰਾਵਾਂ, ਬਜ਼ੁਰਗਾਂ ਤੇ ਬੱਚਿਆਂ ਦਾ ਕਤਲੇਆਮ ਕੀਤਾ ਸੀ। ਪੁੱਛ ਸੀਤਲ ਸਿੰਘ ਤੋਂ ਇਸਦੀ ਹੱਡ ਬੀਤੀ।

ਸੀਤਲ ਸਿੰਘ : (ਭਾਵੁਕ ਹੁੰਦਾ ਹੋਇਆ ਬੜੇ ਗੁੱਸੇ ਵਿਚ) ਹਾਂ ਸੁਣ! ਮੇਰੇ ਬਾਪ ਨੂੰ ਉਹਨਾਂ ਘਰੋਂ ਧੂਹ ਕੇ ਬਾਹਰ ਕੱਢ ਲਿਆ ਕੇ ਸਰੀਏ ਮਾਰ ਮਾਰ ਖ਼ਤਮ ਕਰ ਦਿੱਤਾ। ਮੇਰੀ ਮਾਂ ਮੇਰੇ ਬਾਪ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਮਾਰੀ ਗਈ। ਮੇਰੇ ਦੋ ਛੋਟੇ ਛੋਟੇ ਨੰਨੇ ਮੁੰਨੇ ਭਰਾਵਾਂ ਨੂੰ ਜਿਉਂਦੇ ਸਾੜ ਦਿੱਤਾ ਗਿਆ। ਮੇਰੀ ਭੈਣ ਨੇ ਆਪਣੀ ਇੱਜਤ ਬਚਾਉਣ ਲਈ ਚੁਬਾਰੇ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ ਤੇ ਮੈਂ ਕਿਸੇ ਦੇ ਘਰ ਲੁਕ ਕੇ ਜਾਨ ਬਚਾਈ। ਬਜ਼ੁਰਗਾ! ਕੀ ਮੈਂ ਆਪਣੇ ਪਰਿਵਾਰ ਦੀ ਤਬਾਹੀ ਨੂੰ ਭੁੱਲ ਸਕਦਾਂ?

ਬਜ਼ੁਰਗ : (ਦੁਖੀ ਆਵਾਜ਼ ਵਿਚ) ਹਾਂ, ਉਹ ਦਿਨ ਦੇਸ਼ ਦੇ ਇਤਿਹਾਸ ਵਿਚ ਕਾਲਾ ਦਿਨ ਸੀ। ਮੇਰੇ ਆਪਣੇ ਰਿਸ਼ਤੇਦਾਰ ਵੀ ਉਹਨਾਂ ਦਰਿੰਦਿਆਂ ਦਾ ਸ਼ਿਕਾਰ ਹੋ ਗਏ। ਸਜ਼ਾ ਤਾਂ ਉਹਨਾਂ ਦਰਿੰਦਿਆਂ ਨੂੰ ਮਿਲਣੀ ਚਾਹੀਦੀ ਏ। ਇਥੋਂ ਦੇ ਲੋਕਾਂ ਦਾ ਕੀ ਕਸੂਰ?

ਜੀਤ ਸਿੰਘ : ਤੂੰ ਆ ਗਿਆ ਵੱਡਾ ਤੰਦਾਂ ਜੋੜਣ ਵਾਲਾ। ਐਥੇ ਜਿਹੜੀ ਪ੍ਰਤਿੱਗਿਆ ਹੋ ਚੁੱਕੀ ਏ, ਉਹ ਅਵੱਸ਼ ਪੂਰੀ ਹੋਵੇਗੀ ਭਾਵੇਂ ਉਹਦੇ ਬਦਲੇ ਕਿੰਨਾ ਵੀ ਕਤਲੇਆਮ ਕਿਉਂ ਨਾ ਹੋ ਜਾਵੇ।

ਬਜ਼ੁਰਗ : ਤੁਸੀਂ ਮੇਰੇ ਬੱਚਿਆਂ ਵਰਗੇ ਹੋ। ਮੈਂ ਐਹੋ ਸਲਾਹ ਦੇ ਰਿਹਾਂ ਕਿ ਹਥਿਆਰਾਂ ਨਾਲ ਕਿਸੇ ਨੂੰ ਡਰਾਇਆ ਤਾਂ ਜਾ ਸਕਦੈ ਪਰ ਕਿਸੇ ਦਾ ਮਨ ਨਹੀਂ ਜਿੱਤਿਆ ਜਾ ਸਕਦਾ।

ਜੀਤ ਸਿੰਘ : ਅਸੀਂ ਖੁਸ਼ੀ ਨਾਲ ਹਥਿਆਰ ਨਹੀਂ ਚੁੱਕ ਲਏ। ਇੱਕ ਟੌਟ ਦੇ ਕਹਿਣ ਤੇ ਪੁਲਿਸ ਮੈਨੂੰ ਨਿਰਦੋਸ਼ ਨੂੰ ਠਾਣੇ ਲੈ ਗਈ ਤੇ ਮੈਨੂੰ ਉਹਨਾਂ ਪੁੱਠਾ ਟੰਗ ਤਾ। ਮੇਰੀਆਂ ਲੱਤਾਂ ਖਿੱਚ ਦਿੱਤੀਆਂ। ਮੇਰੇ ਨਾਲ ਜੋ ਉਹਨਾਂ ਕੀਤਾ ਉਹ ਮੈਨੂੰ ਈ ਪਤੈ। ਬੜੀ ਮੁਸ਼ਕਿਲ ਛੁਟਕਾਰਾ ਹੋਇਆ ਤੇ ਇੱਕ ਦਿਨ ਫਿਰ ਪੁਲਿਸ ਮੈਨੂੰ ਫੜਨ ਆ ਗਈ ਤੇ ਮੈਂ ਵਾਰ-ਵਾਰ ਮਾਰ ਖਾਣ ਨਾਲੋਂ ਹਥਿਆਰ ਨਾ ਚੁੱਕਦਾ ਤਾਂ ਹੋਰ ਕੀ ਕਰਦਾ?

ਬਜ਼ੁਰਗ : ਇਹ ਵੀ ਸਾਡਾ ਦੁਖਾਂਤ ਏ, ਇਥੋਂ ਦੀ ਪੁਲਿਸ ਦਾ ਵਤੀਰਾ ਹਮਦਰਦੀ ਵਾਲਾ ਹੁੰਦਾ ਤਾਂ ਨੌਬਤ ਇਥੋਂ ਤੱਕ ਨਾ ਆਉਂਦੀ। ਪੁਲਿਸ ਦੀ ਤਾਂ ਗੱਲ ਈ ਕੀ ਕਰਨੀ ਏ, ਗੱਲ ਇਥੋਂ ਦੇ ਲੋਕਾਂ ਦੀ ਏ। ਪੰਜਾਬੀ ਕਦੇ ਆਪਣੀ ਸਾਂਝ ਨਹੀਂ ਤੋੜ ਸਕਦੇ। ਗੁਰੂ ਨਾਨਕ ਨੇ ਏਕ ਉਂਕਾਰ ਦਾ ਸੁਨੇਹਾ ਦਿੱਤਾ ਭਾਵ ਰੱਬ ਇੱਕ ਹੈ। ਹਰਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਇਸ ਗੱਲ ਦਾ ਸੰਕੇਤ ਨੇ ਕਿ ਚਾਰੇ ਵਰਣਾਂ ਦੇ ਲੋਕ ਇੱਕੋ ਜਿਹੇ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ।



ਜੀਤ ਸਿੰਘ : ਐਵੇਂ ਬਾਹਲੀ ਲੰਮੀ ਚੌੜੀ ਫਿਲਾਸਫੀ ਨਾ ਝਾੜ ਸਾਡੇ ਤੇ।

ਬਜ਼ੁਰਗ : ਮੈਂ ਆਪਣੀ ਫਿਲਾਸਫੀ ਨਹੀਂ, ਗੁਰੂ ਦੀ ਫਿਲਾਸਫੀ ਬਾਰੇ ਗੱਲ ਕਰ ਰਿਹਾਂ।

ਸੀਤਲ ਸਿੰਘ : ਇਸ ਮਚਲੇ ਬੁੱਢੇ ਨੇ ਗੱਲੀਬਾਤੀਂ ਸਾਡੇ ਪੈਰ ਨਹੀਂ ਲੱਗਣ ਦੇਣੇ। ਜੀਤ ਸਿੰਘ ਜੀ, ਇੱਕ ਗੋਲੀ ਇਹਦੇ ਤੇ ਵੀ ਖਰਚ ਦੇਈਏ।

ਜੀਤ ਸਿੰਘ : ਹਾਂ, ਇਹਨੂੰ ਸੋਧਾ ਲਾਉਣਾ ਹੀ ਪਵੇਗਾ।

(ਪਿੱਛੋਂ ਮੋਟਰ ਸਾਇਕਲ ਦੀ ਆਵਾਜ਼ ਆਉਂਦੀ ਹੈ। ਜੀਤ ਸਿੰਘ ਤੇ ਸੀਤਲ ਸਿੰਘ ਸਾਵਧਾਨ ਹੋ ਜਾਂਦੇ ਹਨ।)

ਸੀਤਲ ਸਿੰਘ ਵੇਖ, ਕੌਣ ਆ ਰਿਹੈ? ਜਿਹੜਾ ਵੀ ਹੋਵੇ ਮੇਰੇ ਸਾਹਮਣੇ ਲੈ ਕੇ ਆ (ਸੀਤਲ ਸਿੰਘ ਚਲਾ ਜਾਂਦਾ ਹੈ, ਬਜ਼ੁਰਗ ਉਥੋਂ ਜਾਣ ਲੱਗਦਾ ਹੈ ਪਰ ਜੀਤ ਸਿੰਘ ਉਸਨੂੰ ਰੋਕ ਲੈਂਦਾ ਹੈ।)

ਖਬਰਦਾਰ! ਜੇ ਇੱਕ ਕਦਮ ਵੀ ਹਿੱਲਿਆ ਤਾਂ ......

(ਸੀਤਲ ਸਿੰਘ ਅਤੇ ਇੱਕ ਹਿੰਦੂ ਨੌਜਵਾਨ ਆਉਂਦਾ ਹੈ।)

ਆਓ, ਤੇਰੇ ਵਰਗਿਆਂ ਦੀ ਭਾਲ ਕਰਦੇ ਫਿਰਦੇ ਆਂ ਦਿਨ ਰਾਤ। ਤੈਨੂੰ ਪਤਾ ਨੀਂ ਐਸ ਇਲਾਕੇ 'ਚ ਰਾਜ ਕੀਹਦਾ ਏ?

ਨੌਜਵਾਨ : ਜੀ ਮੈਨੂੰ ਤਾਂ ਪਤਾ ਨੀਂ.... ਮੈਂ ਤਾਂ ਦੂਰ ਬੇਰਾਂ ਵਾਲੀ ਪਿੰਡ ਦਾ ਹਾਂ।

ਜੀਤ ਸਿੰਘ : (ਪਿੰਡ ਦਾ ਨਾਂ ਸੁਣ ਕੇ ਇਕ ਦਮ ਹੈਰਾਨ ਹੋ ਜਾਂਦਾ ਹੈ) ਬੇਰਾਂ ਵਾਲੀ? ਆਹ ਨਾਂ ਸੁਣਿਐ ਲੱਗਦੈ। ਇਵੇਂ ਲੱਗਦੈ ਜਿਵੇਂ ਮੇਰੇ ਪਿੰਡ ਦਾ ਨਾਂ ਵੀ... ਪਰ ਕੁਝ ਯਾਦ ਨੀਂ ਆ ਰਿਹਾ। ਕੁਝ ਵੀ ਹੋਵੇ, ਤੂੰ ਆਪਣੀਆਂ ਜ਼ਿੰਦਗੀ ਦੀਆਂ ਘੜੀਆਂ ਖ਼ਤਮ ਈ ਸਮਝ। ਤੇਰੇ ਜਿਹੇ ਕਈ ਵਿਰੋਧੀਆਂ ਨੂੰ ਮੈਂ ਪਹਿਲਾਂ ਵੀ ਸੋਧ ਚੁੱਕਾ ਵਾਂ।

ਨੌਜਵਾਨ : ਮੈਂ ਤਾਂ ਤੁਹਾਡਾ ਆਪਣਾ ਈ ਭਰਾ ਹਾਂ। ਮੇਰੇ ਬਾਪ ਦਾ ਨਾਂ ਨਿਰਜੈਲ ਸਿੰਘ ਅਤੇ ਮਾਂ ਦਾ ਨਾਂ ਸੁਖਬੰਸ ਕੌਰ ਏ।

ਜੀਤ ਸਿੰਘ : (ਹੈਰਾਨੀ ਵਿਚ) ਨਿਰਜੈਲ ਸਿੰਘ, ਸੁਖਬੰਸ ਕੌਰ ... ਇਹ ਨਾਂ ਮੇਰੇ ਜਾਣੇ ਪਛਾਣੇ ਲੱਗਦੇ ਨੇ। ਇਹ ਦੱਸ, ਤੇਰੇ ਕੋਲ ਕੀ ਸਬੂਤ ਏ ਕਿ ਤੂੰ ਸਾਡੇ ਫਿਰਕੇ ਵਿਚੋਂ ਏ?

ਨੌਜਵਾਨ : (ਬਾਂਹ ਵਿਖਾਉਂਦਾ ਹੋਇਆ) ਆਹ ਵੇਖੋ, ਮੇਰਾ ਨਾਂ ਲਿਖਿਐ। ਇਕ ਮੇਲੇ ਵਿਚ ਮੈਂ ਤੇ ਮੇਰੇ ਭਰਾ ਨੇ ਕੱਠੇ ਨਾਂ ਲਿਖਾਏ ਸੀ, ਉਸੇ ਮੇਲੇ ਵਿਚੋਂ ਮੇਰਾ ਵੱਡਾ ਭਰਾ ਸਾਥੋਂ ਵਿਛੜ ਗਿਆ ਸੀ। (ਜੀਤ ਸਿੰਘ ਭਾਵੁਕ ਹੋ ਜਾਂਦਾ ਹੈ। ਭਾਵਕਤਾ ਵਿਚ ਉਹ ਬੜੇ ਪਿਆਰ ਨਾਲ ਨੌਜਵਾਨ ਵਲ ਵੇਖਦਾ ਹੈ। ਉਸਦੇ ਹੱਥ ਵਿਚ ਫੜੀ ਅਸਾਲਟ ਦਾ ਮੂੰਹ ਨੌਜਵਾਨ ਵਲੋਂ ਮੁੜ ਕੇ ਹੇਠਾਂ ਵੱਲ ਨੂੰ ਹੋ ਜਾਂਦਾ ਹੈ। ਥੋੜੀ ਦੂਰ ਪਹਿਰਾ ਦੇ ਰਿਹਾ ਸੀਤਲ ਸਿੰਘ ਨੇੜੇ ਆਉਂਦਾ ਹੈ।

| | | |
|---|---|---|
| ਸੀਤਲ ਸਿੰਘ | : | ਜੀਤ ਸਿੰਘ! ਕਿਹੜੀਆਂ ਸੋਚਾਂ ਵਿਚ ਪੈ ਗਿਐਂ? ਜਲਦੀ ਜਲਦੀ ਫਾਹ ਵੱਢੀਏ ਇਹਨਾਂ ਦੋਵਾਂ ਦਾ। ਆਪਾਂ ਪੂਰਨ ਸ਼ਾਹ ਦਾ ਵੀ ਬੰਦੋਬਸਤ ਕਰਨਾ ਏ। ਹੁਕਮ ਕਰ, ਇਹਨਾਂ ਦੋਵਾਂ ਨੂੰ ਨੁੱਕਰੇ ਲਾ ਦੇਵਾਂ। |
| ਜੀਤ ਸਿੰਘ | : | (ਹੈਰਾਨ ਹੋਏ ਸੀਤਲ ਸਿੰਘ ਤੋਂ ਅਸਾਲਟ ਪਕੜਦਾ ਹੋਇਆ) ਖਬਰਦਾਰ! ਜੇ ਇਸ ਤਰ੍ਹਾਂ ਮੁੜ ਬੋਲਿਆ ਤਾਂ ............ |
| ਸੀਤਲ ਸਿੰਘ | : | (ਹੱਕਾ ਬੱਕਾ ਹੁੰਦਾ ਹੋਇਆ) ਹੈਂ! ਇਹ ਤੈਨੂੰ ਕੀ ਹੋ ਗਿਐ? ਤੂੰ ਹੋਸ਼ ਵਿਚ ਤਾਂ ਹੈਂ? |
| ਜੀਤ ਸਿੰਘ | : | ਹਾਂ, ਹੋਸ਼ ਈ ਅੱਜ ਆਈ ਏ। ਅੱਜ ਤੋਂ ਮੇਰੇ ਕੋਲੋਂ ਦੂਰ ਚਲਾ ਜਾ ਤੇ ਆਪਣਾ ਰਸਤਾ ਲੱਭ। ਮੈਂ ਆਪਣਾ ਵੱਖਰਾ ਰਾਹ ਲੱਭਾਂਗਾ। |
| ਸੀਤਲ ਸਿੰਘ | : | ਜਾ ਫਿਰ ਖਾਕ ਵਿਚ<br>(ਸੀਤਲ ਸਿੰਘ ਚਲਾ ਜਾਂਦਾ ਹੈ, ਬਜ਼ੁਰਗ ਆਸਮਾਨ ਵੱਲ ਮੂੰਹ ਕਰਕੇ ਦੋਵੇਂ ਹੱਥ ਜੋੜ ਕੇ 'ਰੱਬ' ਦਾ ਸ਼ੁਕਰੀਆ ਅਦਾ ਕਰਦਾ ਹੈ) |
| ਜੀਤ ਸਿੰਘ | : | (ਨੌਜਵਾਨ ਨੂੰ) ਹਾਂ ਬਈ ਬਰਖੁਰਦਾਰ, ਤੇਰਾ ਛੋਟਾ ਨਾਂ ਟੀਟੂ ਏ ਨਾ? |
| ਨੌਜਵਾਨ | : | (ਬਹੁਤ ਹੈਰਾਨ ਹੋ ਕੇ) ਹਾਂ..... ਪਰ ਤੁਹਾਨੂੰ ਕਿਵੇਂ ਪਤੈ? |
| ਜੀਤ ਸਿੰਘ | : | ਤੂੰ ਆਪਣੇ ਭਰਾ ਨਾਲ ਛੋਟੇ ਹੁੰਦਿਆਂ ਪਿੰਡ ਦੀ ਮਸੀਤ ਕੋਲ ਖੇਡਦਾ ਹੁੰਦਾ ਸੀ ਨਾ? |
| ਨੌਜਵਾਨ | : | ਪਰ... ਪਰ ਇਹ ਸਭ ਤੁਹਾਨੂੰ ਕਿਵੇਂ ਪਤੈ? |
| ਜੀਤ ਸਿੰਘ | : | ਕਿਉਂਕਿ ਮੈਂ ਹੀ ਤੇਰਾ ਵਿਛੜਿਆ ਭਰਾ ਜੀਤ ਸਿੰਘ ਹਾਂ। ਆਹ ਵੇਖ (ਬਾਂਹ ਤੇ ਉਕਰਿਆ ਨਾਂ ਵਿਖਾਉਂਦਾ ਹੈ ਜਿਸਨੂੰ ਵੇਖ ਕੇ ਨੌਜਵਾਨ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ। ਦੋਵੇਂ ਭਰਾ ਗਲਵਕੜੀ ਪਾਉਂਦੇ ਹਨ। ਦੋਵਾਂ ਦੀਆਂ ਅੱਖਾਂ ਵਿਚ ਅੱਥਰੂ ਹਨ।)<br>ਅੱਜ ਮੈਥੋਂ ਕਿੱਡਾ ਵੱਡਾ ਅਨਰਥ ਹੋ ਚੱਲਿਆ ਸੀ। ਮੈਨੂੰ ਮਾਫ ਕਰਦੇ ਮੇਰੇ ਛੋਟੇ ਵੀਰ! (ਰੋ ਪੈਂਦਾ ਹੈ) ਬਾਬਾ ਤੂੰ ਠੀਕ ਕਹਿੰਦਾ ਸੀ ਸਾਰੇ ਲੋਕ ਇੱਕ ਹੀ ਰੱਬ ਦੇ ਬੰਦੇ ਨੇ। |
| ਬਜ਼ੁਰਗ | : | ਹੇ ਵਾਹਿਗੁਰੂ! ਤੇਰਾ ਲੱਖ ਲੱਖ ਸ਼ੁਕਰ ਏ। ਕਿੰਨਾ ਵੱਡਾ ਦੁਖਾਂਤ ਵਾਪਰਨੋਂ ਟਲ ਗਿਐ ਤੇ ਭਰਾਵਾਂ ਨੇ ਗਲਵਕੜੀਆਂ ਪਾ ਲਈਆਂ। ਪਾਉਣ ਵੀ ਕਿਉਂ ਨਾ? ਪੰਜਾਬ ਦੀ ਧਰਤੀ ਸਾਡੀ ਸਭ ਦੀ ਸਾਂਝੀ ਧਰਤੀ ਏ। ਸਾਡੇ ਸ਼ੌਕ, ਸਾਡੀਆਂ ਰਸਮਾਂ ਤੇ ਸਾਡੇ ਤਿਉਹਾਰ ਸਾਂਝੇ ਨੇ। ਲੋੜ ਏ ਉਸ ਸ਼ੈਤਾਨ ਨੂੰ ਪਛਾਣਨ ਦੀ ਜਿਸਨੇ ਦੋਵਾਂ ਭਰਾਵਾਂ ਵਿਚ ਵੰਡੀਆਂ ਪਾ ਕੇ ਆਪਣੀ ਕੁਰਸੀ ਨੂੰ ਬਚਾ ਕੇ ਰੱਖਿਆ ਏ। ਸਭਨਾਂ ਜੀਆਂ ਕਾ ਇੱਕ ਦਾਤਾ ਸੋ ਮੈਂ ਵਿਸਰ ਨਾ ਜਾਈ।<br>(ਮੰਚ ਪਿਛੋਂ ਸ਼ਬਦ ਦੀ ਧੁਨੀ ਸੁਣਾਈ ਦਿੰਦੀ ਹੈ)<br>ਅੱਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ<br>ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ। |



# ਆਪਣੇ ਲੋਕ

| | | |
|---|---|---|
| ਥਾਣੇਦਾਰ | : | |
| ਸਰਾਜ | : | ਪੁਲਿਸ ਦਾ ਸਿਪਾਹੀ |
| ਟਹਿਲ ਸਿੰਘ | : | ਸਕੂਲ ਮਾਸਟਰ, ਉਮਰ 35 ਸਾਲ |
| ਔਰਤ | : | ਉਮਰ ਲਗਭਗ 35 ਸਾਲ |
| ਜੰਗ ਸਿੰਘ | : | ਔਰਤ ਦਾ ਪਤੀ, 40 ਸਾਲ |
| ਪਹਿਲਾ ਬੰਦਾ | : | |
| ਅਤੇ ਦੂਜਾ ਬੰਦਾ | : | ਦੋ ਦੁਕਾਨਦਾਰ |

# ਆਪਣੇਲੋਕ

ਸਥਾਨ : ਪੁਲਿਸ ਚੌਂਕੀ ਦਾ ਵਿਹੜਾ

..... ਦੋ ਤਿੰਨ ਕੁਰਸੀਆਂ ਪਈਆਂ ਹਨ। ਇਕ ਕੁਰਸੀ ਅੱਗੇ ਮੇਜ਼ ਰੱਖਿਆ ਹੋਇਆ ਹੈ। ਉਸ ਕੁਰਸੀ ਤੇ ਥਾਣੇਦਾਰ ਬੈਠਾ ਹੈ। ਮੇਜ ਤੇ ਕੁਝ ਕਾਗਜ਼ ਪਏ ਹਨ। ਕੋਲ ਹੀ ਸਰਾਜ ਨਾਂ ਦਾ ਸਿਪਾਹੀ ਗੁਰੂ ਨਾਨਕ ਦੀ ਫੋਟੋ ਨੂੰ ਧੂਫ ਦੇ ਰਿਹਾ ਹੈ।

ਥਾਣੇਦਾਰ : ਸਰਾਜ!

ਸਰਾਜ : ਜੀ ਜਨਾਬ!

ਥਾਣੇਦਾਰ : ਇਹ ਕੀ ਕਰ ਰਿਹੈਂ?

ਸਰਾਜ : ਜੀ ਧੂਫ ਦੇ ਰਿਹਾਂ।

ਥਾਣੇਦਾਰ : ਇਹ ਕੰਮ ਕਦੋਂ ਦਾ ਸ਼ੁਰੂ ਕਰ ਦਿੱਤੈ?

ਸਰਾਜ : ਜਨਾਬ, ਅੱਜ ਈ ਸ਼ੁਰੂ ਕੀਤੈ। ਕਲ੍ਹ ਦੁਕਾਨਾਂ ਤੇ ਇੱਕ ਬੰਦਾ ਧੂਫ ਵੇਚ ਰਿਹਾ ਸੀ। ਦੋ ਪੈਕਟ ਮੈਂ ਵੀ ਕਢਵਾ ਲਏ, ਮੈਂ ਸੋਚਿਆ ਜਾਂਦੇ ਚੋਰ ਦੀ ਲੰਗੋਟੀ ਈ ਸਹੀ। ਰੋਜ਼ ਸਵੇਰੇ ਪੰਜ ਮਿੰਟ ਬਾਬਿਆਂ ਨੂੰ ਧੂਫ ਈ ਦੇ ਛੱਡਿਆ ਕਰਾਂਗੇ ਬਾਕੀ ਦਾ ਦਿਨ ਤਾਂ ਚੱਲ ਸੋ ਚੱਲ, ਲੋਕਾਂ ਦੀਆਂ ਜੇਬਾਂ ਨੂੰ ਧੂਫ ਦੇਣੀ ਪੈਂਦੀ ਏ।

ਥਾਣੇਦਾਰ : (ਉਤਸੁਕਤਾ ਵਿਖਾਉਂਦਾ ਹੋਇਆ) ਸਾਰੇ ਦਿਨ ਦੀਆਂ ਭੁੱਲਾਂ ਚੁੱਕਾਂ ਪਹਿਲਾਂ ਈ ਬਖਸ਼ਾ ਲੈਣ ਲੱਗਾ ਏਂ! ਬੰਦਾ ਤੂੰ ਵਾਕਈ ਬੜੀ ਦਿਲਚਸਪ ਏਂ।

ਸਰਾਜ : ਆਹੋ ਜੀ, ਬੰਦਾ ਕਾਮਯਾਬ ਈ ਉਹ ਜਿਹੜਾ ਵੇਲੇ ਸਿਰ ਸਾਰਾ ਕੰਮ ਟੱਲੀ ਕਰੀ ਰੱਖੇ! ਜਨਾਬ, ਸਾਰੇ ਲੋਕ ਗਲਤੀਆਂ ਕਰਦੇ ਨੇ ਤੇ ਫਿਰ ਭੁੱਲਾਂ ਬਖਸ਼ਾਉਣ ਤੁਰ ਪੈਂਦੇ ਨੇ। ਮੇਰੇ ਤੋਂ ਵੀ ਮੋਟੀਆਂ ਗੋਗੜਾਂ ਵਾਲੇ ਭਾਈ ਦੇਸੀ ਘਿਓ ਪੀ ਕੇ ਪਾਠ ਦੀ ਡਿਊਟੀ ਕਰਨ ਲੱਗ ਪੈਂਦੇ ਨੇ। ਘਿਓ ਖਾਣ ਨਾਲ ਉਹਨਾਂ ਨੂੰ ਘੁੱਕੀ ਚੜ੍ਹ ਜਾਂਦੀ ਏ ਤੇ ਘੁਰਾੜੇ ਮਾਰਨ ਲੱਗ ਪੈਂਦੇ ਨੇ ਪਾਠ ਕਰਦੇ ਕਰਦੇ ਹੀ। ਜਦ ਅੱਖ ਖੁੱਲਦੀ ਏ ਤਾਂ ਕੱਠੇ ਈ ਦਸ ਦਸ ਵਰਕੇ ਅਗਾਂਹ ਨੂੰ ਪਲਟ ਦਿੰਦੇ ਨੇ।

ਥਾਣੇਦਾਰ : (ਮਜ਼ਾ ਲੈਂਦੇ ਹੋਇਆ) ਫੇਰ ਕਹਿ ਦੇਂਦੇ ਨੇ ਸੱਚੇ ਪਾਤਸ਼ਾਹ! ਅੱਖਰ ਦਾ ਵਾਧਾ ਘਾਟਾ ਆਪੇ ਠੀਕ ਕਰ ਲਵੀਂ ਤੇ ਅਖੀਰ 'ਚ ਬੋਲ ਦੇਂਦੇ ਨੇ ਨਾਨਕ ਨਾਮ ਚੜ੍ਹਦੀ ਕਲਾ...

ਸਰਾਜ : ਤੇਰੇ ਭਾਣੇ ਸਰਬੱਤ ਦਾ ਭਲਾ

ਥਾਣੇਦਾਰ : ਆਪਾਂ ਵੀ ਤਾਂ ਸਰਬੱਤ ਦਾ ਭਲਾ ਈ ਮੰਗਦੇ ਹਾਂ।

ਸਰਾਜ : ਆਹੋ ਜੀ, ਮਜਾਲ ਏ ਕੋਈ ਸੁੱਕਾ ਬਚ ਜਾਵੇ।

ਥਾਣੇਦਾਰ : ਅੱਜ ਕਲ੍ਹ ਸਾਰੇ ਪਾਸੇ ਅੰਨ੍ਹੀ ਮੱਚੀ ਪਈ ਏ। ਕਿਹੜੇ ਮਹਿਕਮੇ ਵਿਚ ਵੱਢੀ ਨਹੀਂ ਚੱਲਦੀ? ਜਦੋਂ ਚਾਰੇ ਪਾਸੇ ਚੋਰ ਬੈਠੇ ਨੇ ਤੇ ਫਿਰ ਤਵਾ ਸਾਡੇ ਕੌਲਿਆਂ ਤੇ ਈ ਕਿਉਂ ਲੱਗਦੈ?

ਸਰਾਜ : ਜਨਾਬ, ਤੁਹਾਡੀ ਗੱਲ ਸੋਲਾਂ ਆਨੇ ਸੱਚ ਏ। ਬਿਜਲੀ ਵਾਲਿਆਂ ਦੀ ਗੱਲ ਕਰ ਲਉ, ਪੈਸੇ ਲੈ ਕੇ ਆਪੇ ਚੋਰੀ ਕਰਾਉਂਦੇ ਨੇ ਤੇ ਫਿਰ ਆਪੇ ਛਾਪਾ ਮਾਰ ਦੇਂਦੇ ਨੇ। ਹਸਪਤਾਲਾਂ 'ਚ ਦਵਾਈ ਤਾਂ ਕੋਈ ਮਿਲਦੀ ਨਹੀਂ। ਕੋਈ ਮਰੀਜ ਉਥੇ ਜਾਂਦਾ ਨਹੀਂ। ਬੱਸ ਛੱਬੀ ਬਨਾਉਣ ਵਾਲੇ ਈ ਉਥੇ ਪਹੁੰਚਦੇ ਨੇ। ਸੜ੍ਹਕਾਂ ਵਾਲੇ ਲੁੱਕ ਖਾ ਜਾਂਦੇ ਨੇ, ਬੱਜਰੀ ਪੱਥਰ ਖਾ ਜਾਂਦੇ ਨੇ। ਰਹੀ ਗੱਲ ਤਸੀਲਾਂ ਤੇ ਕਚਿਹਰੀਆਂ ਦੀ, ਉਥੇ ਤਾਂ ਸਾਰੇ ਧਰਮ ਪੁੱਤਰ ਇਕ ਨੰਬਰ ਦੇ ਭਲੇ ਮਾਣਸ ਬੈਠੇ ਨੇ।

ਥਾਣੇਦਾਰ : ਇਹੋ ਗੱਲ ਤਾਂ ਮੈਨੂੰ ਰੜਕਦੀ ਏ। ਅੱਜ ਕਲ ਕਿੰਨਾ ਮੰਦਾ ਚੱਲ ਰਿਹੈ? ਕਦੇ ਕੋਈ ਮੋਟਾ ਗਾਹਕ ਨਹੀਂ ਫਸਿਆ। ਫੇਰ ਸਾਡੀ ਬਦਨਾਮੀ ਤੇ ਹੁਣ ਐਥੇ ਬਦਲੀ ਕਾਹਦੀ ਹੋ ਗਈ, ਸੋਕੇ ਦੀ ਮਾਰ ਹੇਠਾਂ ਈ ਆ ਗਏ ਹਾਂ।

ਸਰਾਜ : ਹੁਣ ਤਾਂ ਜੀ ਬਾਹਲਾ ਈ ਮੰਦਾ ਹਾਲ ਏ। ਪਹਿਲਾਂ ਮੇਰੀ ਗੋਗੜ ਆਏ ਦਿਨ ਛਾਲਾਂ ਮਾਰਦੀ ਵੱਧਦੀ ਜਾ ਰਹੀ ਸੀ....

ਥਾਣੇਦਾਰ : (ਗੱਲ ਨੂੰ ਵਿਚ ਕੱਟ ਕੇ ਮਖੌਲ ਨਾਲ) ਤੇ ਹੁਣ ਸੁੱਕ ਸੁੱਕ ਕਾਹਨੇ ਵਾਂਗ ਹੋ ਗਿਐਂ!

ਸਰਾਜ : ਜਨਾਬ ਪਿਛਲੇ ਤਿੰਨਾਂ ਮਹੀਨਿਆਂ 'ਚ ਮੇਰਾ ਦਸ ਕਿਲੋ ਭਾਰ ਘੱਟ ਗਿਐ।

ਥਾਣੇਦਾਰ : (ਪਿਛਲਾ ਸਮਾਂ ਯਾਦ ਕਰਦਾ ਹੋਇਆ) ਵਾਹ! ਉਹ ਵੀ ਸਮਾਂ ਸੀ ਜਦੋਂ ਗੜਬੜ ਦਾ ਮਾਹੌਲ ਹੁੰਦਾ ਸੀ। ਨੋਟਾਂ ਦੀ ਵਰਖਾ ਹੁੰਦੀ ਸੀ।

ਸਰਾਜ : ਜੀ ਬੜੀਆਂ ਮੌਜਾਂ ਸੀ। ਕਦੇ ਸ਼ਾਹੀ ਪਨੀਰ ਕਦੇ ਫਰਾਈ ਕੀਤਾ ਚਿਕਨ ਖਾਣਾ ਤੇ ਮਹਿੰਗੀ ਤੋਂ ਮਹਿੰਗੀ ਵਿਸਕੀ ਚੁਸਕੀਆਂ ਭਰ ਭਰ ਪੀਣੀ।

ਥਾਣੇਦਾਰ : ਤੇ ਹੁਣ?

ਸਰਾਜ : ਹੁਣ ਤਾਂ ਜੀ ਬੱਸ ਹੋ ਗਈ ਆਲੂ ਖਾ ਖਾ ਕੇ।

ਥਾਣੇਦਾਰ : ਐਸ ਪਿੰਡ ਦੇ ਲੋਕ ਤਾਂ ਸਾਡੇ ਵੱਲ ਮੂੰਹ ਘੱਟ ਈ ਕਰਦੇ ਨੇ। ਕਿਸ ਤਰ੍ਹਾਂ ਦੇ ਨੇ ਇਹ ਲੋਕ?

ਸਰਾਜ : ਜਮਾਂ ਈ ਅਕਲ ਦੇ ਵੈਰੀ ਨੇ, ਪੂਰੇ ਬੁੱਧੂ। ਇਕ ਦੂਜੇ ਨਾਲ ਪੰਗਾ ਲੈਣ ਨੂੰ



ਤਕੜੇ ਨੇ। ਲੜਾਈ ਝਗੜੇ ਦਾ ਕੋਈ ਕੇਸ ਆਇਆ ਈ ਸਮਝੋ। ਪਹਿਲਾਂ ਤਾਂ ਲੜਾਈ ਕਰਨ ਵਾਲਿਆਂ ਦਾ ਐਥੇ ਮੇਲਾ ਲੱਗਾ ਰਹਿੰਦਾ ਸੀ ਪਰ ਹੁਣ ਸਾਡੇ ਜੜ੍ਹੀਂ ਟਹਿਲ ਸਿੰਘ ਨਾਂ ਦਾ ਇੱਕ ਬੰਦਾ ਬਹਿ ਗਿਐ।

ਥਾਣੇਦਾਰ : (ਹੈਰਾਨੀ ਵਿਚ) ਉਹ ਸਾਡੇ ਜੜ੍ਹੀਂ ਬਹਿ ਗਿਐ? ਮੈਂ ਸਮਝਿਆ ਨਹੀਂ।

ਸਰਾਜ : ਜਨਾਬ, ਉਹ ਟਹਿਲ ਸਿੰਘ ਲੋਕਾਂ ਨੂੰ ਕਹਿੰਦਾ ਫਿਰਦੈ ਆਪਸ ਵਿਚ ਲੜਾਈਆਂ ਝਗੜੇ ਨਾ ਕਰੋ।

ਥਾਣੇਦਾਰ : ਕਿਉਂ ਉਹਦਾ ਸਿਰ ਦੁਖਦੈ? ਲੜਦੇ ਲੋਕ ਨੇ ਤੇ ਤਕਲੀਫ ਉਹਨੂੰ ਪਈ ਹੁੰਦੀ ਏ। ਉਹਨੂੰ ਕਾਬੂ ਕਰ ਕੇ ਲਿਆ ਐਥੇ ਕਿਸੇ ਤਰ੍ਹਾਂ। ਮੇਰੇ ਵਲੋਂ ਤੈਨੂੰ ਖੁੱਲੀ ਛੁੱਟੀ।

ਸਰਾਜ : ਤੁਹਾਡੀ ਕਿਰਪਾ ਨਾਲ ਜਾਲ ਐਸਾ ਸੁੱਟੀਦੈ ਕਿ ਸ਼ਿਕਾਰ ਬਾਹਰ ਜਾ ਈ ਨਹੀਂ ਸਕਦਾ। ਪਰਲੇ ਮੁਹੱਲੇ ਦੀ ਇੱਕ ਔਰਤ ਦੀ ਟਹਿਲ ਸਿੰਘ ਨਾਲ ਦੁਸ਼ਮਣੀ ਏ। ਆਪਾਂ ਉਸ ਔਰਤ ਨੂੰ ਰੈਡੀ ਕਰ ਦਿੱਤੈ ਤੇ ਟਹਿਲ ਸਿੰਘ ਟਹਿਲਦਾ ਹੋਇਆ ਐਥੇ ਆ ਵੱਜੂ।

ਥਾਣੇਦਾਰ : ਹਾਂ, ਇਹ ਤੂੰ ਬਿਲਕੁਲ ਠੀਕ ਕੀਤੈ।

ਸਰਾਜ : ਜਨਾਬ, ਉਹ ਤਾਂ ਲੋਕਾਂ ਨੂੰ ਸਮਝਾਂਦਾ ਫਿਰਦੈ ਆਪਣੇ ਝਗੜਿਆਂ ਦਾ ਫੈਸਲਾ ਆਪੇ ਰਜ਼ਾਮੰਦੀ ਨਾਲ ਕਰ ਲਵੋ ਜਾਂ ਫਿਰ ਪੰਚਾਇਤ ਕੋਲ ਹੀ ਜਾਉ।

ਥਾਣੇਦਾਰ : (ਕੁੜੱਤਣ ਵਿਚ) ਪੰਚੈਤ ਹੂੰ! ਅੰਗੂਠਾ ਲਾਉਣ ਵਾਲਿਆਂ ਦਾ ਟੋਲਾ। ਟਹਿਲ ਸਿੰਘ ਦੇ ਦਿਮਾਗ ਦੇ ਬਟਨ ਕੱਸਣੇ ਹੀ ਪੈਣੇ ਨੇ। ਜੇ ਇਵੇਂ ਪ੍ਰਚਾਰ ਕਰਦਾ ਰਿਹੈ ਤਾਂ ਸਾਡੇ ਠਾਣਿਆਂ ਵਿਚ ਉੱਲੂ ਬੋਲਣ ਲੱਗ ਪੈਣਗੇ।

ਸਰਾਜ : ਫਿਰ ਤਾਂ ਅਸੀਂ ਆਹ ਫੋਟੋ ਨੂੰ ਧੂਫ ਈ ਦੇਂਦੇ ਰਹਾਂਗੇ। ਟਹਿਲ ਸਿੰਘ ਵੱਲ ਮੈਂ ਦੋ ਹੋਮਗਾਰਡੀਆਂ ਨੂੰ ਭੇਜਿਆ ਏ। ਉਹਨੂੰ ਫੜ ਕੇ ਲਿਔਂਦੇ ਈ ਹੋਣਗੇ ਨਾਲੇ ਉਹ ਔਰਤ ਵੀ ਆਉਂਦੀ ਹੋਵੇਗੀ। (ਦੋ ਹੋਮਗਾਰਡ ਜਵਾਨ, ਟਹਿਲ ਸਿੰਘ ਨੂੰ ਲੈ ਕੇ ਆਉਂਦੇ ਹਨ। ਉਹਨਾਂ ਦੇ ਨਾਲ ਇੱਕ ਔਰਤ ਵੀ ਹੈ। ਥਾਣੇਦਾਰ ਇਸ਼ਾਰੇ ਨਾਲ ਹੋਮ ਗਾਰਡ ਜਵਾਨਾਂ ਨੂੰ ਭੇਜ ਦਿੰਦਾ ਹੈ।

ਔਰਤ : ਠਾਣੇਦਾਰ ਸਾਹਿਬ, ਇਹੋ ਹੀ ਏ ਬਦਮਾਸ਼, ਮੇਰੇ ਵੱਲ ਅੱਖਾਂ ਕੱਢ-ਕੱਢ ਵੇਖਦਾ ਸੀ।

ਟਹਿਲ ਸਿੰਘ : (ਹੈਰਾਨੀ ਵਿਚ) ਮੈਂ? ਮੈਂ ਤਾਂ ....... ਕਿਸੇ ਵੱਲ ਵੀ ਨਹੀਂ .......

ਔਰਤ : ਹਾਂ, ਹਾਂ ਤੂੰ ਹੀ ਸੀ। ਸਾਡੀ ਗਲੀ ਵਿਚੋਂ ਲੰਘਿਆ ਤੇ ਮੈਨੂੰ ਘੂਰ ਕੇ ਵੇਖਿਆ ਜਿਵੇਂ ਮੈਂ ਇਹਦਾ ਕਰਜ਼ਾ ਦੇਣਾ ਹੁੰਦਾ ਏ। ਵੱਡਾ ਬਦਮਾਸ਼ੀ ਵਿਖਾਉਣ ਵਾਲਾ।

ਟਹਿਲ ਸਿੰਘ : ਮੈਂ ਕੋਈ ਬਦਮਾਸ਼ੀ ਨਹੀਂ ਕੀਤੀ। ਮੈਂ ਤਾਂ ਸਿੱਧੇ ਰਾਹ ਤੇ ਚੱਲਣ ਵਾਲਾ ਬੰਦਾ ਵਾਂ, ਬਦਮਾਸ਼ੀ ਨਾਲ ਤਾਂ ਮੇਰਾ ਦੂਰ ਦਾ ਵੀ ਵਾਸਤਾ ਨਹੀਂ।

ਸਰਾਜ : ਨਾ ਫਿਰ ਨੇੜੇ ਦਾ ਵਾਸਤਾ ਹੋਣੈਂ।

ਔਰਤ : ਠਾਣੇਦਾਰ ਸਾਹਿਬ, ਵੇਖਿਆ! ਕਿਵੇਂ ਮਚਲਾ ਬਣ ਗਿਐ ਜਿਵੇਂ ਕੁਝ ਜਾਣਦਾ ਈ ਨਹੀਂ।

ਟਹਿਲ ਸਿੰਘ : ਮਚਲਾ? ਮੈਨੂੰ ਕੀ ਲੋੜ ਏ ਮਚਲਾ ਬਣਨ ਦੀ।

ਥਾਣੇਦਾਰ : ਹੂੰ! ਮੈਨੂੰ ਕੀ ਲੋੜ ਏ ਮਚਲਾ ਬਣਨ ਦੀ। ਹੋਰ ਤੇਰੇ ਬੁੜ੍ਹੇ ਨੂੰ ਲੋੜ ਏ ਮਚਲਾ ਬਣਨ ਦੀ। ਮੂੰਹ ਕਿਵੇਂ ਬਣਾ ਲਿਐ ਇੱਕ ਨੰਬਰ ਦੇ ਸ਼ਰੀਫਾਂ ਵਾਲਾ। (ਸਵਾਦ ਲੈਂਦਾ ਹੋਇਆ) ਤੂੰ ਕਿਤੇ ਡਰਾਮਿਆਂ ਵਿਚ ਐਕਟਿੰਗ ਤਾਂ ਨਹੀਂ ਕਰਦਾ ਰਿਹੈ?

ਸਰਾਜ : ਆਹੋ ਜਨਾਬ, ਇੱਦਾਂ ਦੇ ਬੰਦੇ ਬੜੀ ਆਕੜ ਨਾਲ ਸਟੇਜਾਂ ਤੇ ਚੜ੍ਹ ਕੇ ਸਾਡੀ ਚੰਗੀ ਮਿੱਟੀ ਪੁੱਟਦੇ ਨੇ ਤੇ ਲੋਕ ਸੂਰ ਦੇ ਹੱਡ ਇਹਨਾਂ ਦੇ ਡਰਾਮੇ ਵੇਖ ਵੇਖ ਦੰਦੀਆਂ ਕੱਢਦੇ ਨੇ। ਅਸੀਂ ਦੰਦੀਆਂ ਪੀਸਦੇ ਰਹਿ ਜਾਂਦੇ ਹਾਂ।

ਥਾਣੇਦਾਰ : ਹੂੰਅ! ਤਾਂ ਤੇਰਾ ਵਿਚਾਰ ਏ ਕਿ ਇਹ ਹੁਣ ਵੀ ਐਕਟਿੰਗ ਕਰ ਰਿਹੈ?

ਸਰਾਜ : ਜੀ ਇਹਦੇ ਵਿਚ ਸ਼ੱਕ ਈ ਕੀ ਏ। ਇਹਦੀ ਬੂਥੀ ਪਈ ਬੋਲਦੀ ਏ। ਇਹ ਲੋਕ ਸਟੇਜਾਂ ਤੇ ਚੜ੍ਹ ਕੇ ਮਾਈਕ ਅੱਗੇ ਗਲਾ ਪਾੜ-ਪਾੜ ਸਾਡੀ ਐਨੀ ਲਾਹੁੰਦੇ ਨੇ, ਐਨੀ ਲਾਹੁੰਦੇ ਨੇ ਕਿ ਲੋਕ ਕਦੇ ਸਟੇਜ ਵੱਲ ਅਤੇ ਕਦੇ ਸਾਡੇ ਵੱਲ ਵੇਖ ਵੇਖ ਤਾੜੀਆਂ ਮਾਰਦੇ ਨੇ। ਮੇਰਾ ਤਾਂ ਦਿਲ ਕਰਦੈ ਇਹਨਾਂ ਸਾਰੇ ਕਲਾਕਾਰਾਂ ਨੂੰ ਹਵਾਲਾਟ 'ਚ ਡੱਕ ਦਿਆਂ।

ਟਹਿਲ ਸਿੰਘ : ਭਾਈ ਸਾਹਿਬ, ਮੈਂ ਕਦੇ ਡਰਾਮਿਆਂ ਵਿਚ ਭਾਗ ਨਹੀਂ ਲਿਆ ਤੇ ਨਾ ਹੀ ਮੈਂ ਕਿਸੇ ਦੀ ਲਾਹੀ ਏ।

ਸਰਾਜ : ਤੂੰ ਕਿਸੇ ਦੀ ਕੀ ਲਾਹੁਣੀ ਏ? ਤੇਰੀ ਤਾਂ ਆਪਣੀ ਲੱਥੀ ਹੋਈ ਏ।

ਔਰਤ : ਤਾਂ ਹੀ ਤਾਂ ਇੱਜ਼ਤਾਂ ਵਾਲਿਆਂ ਨੂੰ ਮਖੌਲਾਂ ਕਰਦੈ। ਹੁਣ ਚੜ੍ਹਿਆ ਕੁਟਾਪਾ ਤੇ ਫੇਰ ਆਊ ਇਹਨੂੰ ਹੋਸ਼?

ਟਹਿਲ ਸਿੰਘ : ਮੈਂ ਪੂਰੀ ਹੋਸ਼ ਵਿਚ ਆਂ ਭੈਣ ਜੀ।

ਥਾਣੇਦਾਰ : ਕਿੱਡੇ ਪਿਆਰ ਨਾਲ ਕਹਿੰਦੈ ਭੈਣ ਜੀ, ਜਿਵੇਂ ਹਰ ਸਾਲ ਰੱਖੜੀ ਦਾ ਮੁਆਵਜ਼ਾ ਤਾਰਦਾ ਹੁੰਦੈ। ਪਹਿਲਾਂ ਜ਼ਨਾਨੀਆਂ ਨੂੰ ਟਿੱਚਰਾਂ ਕਰ ਬਹਿੰਦੇ ਨੇ ਤੇ ਜਦੋਂ ਅਸੀਂ ਗਲ ਵਿਚ ਪਾਉਂਦੇ ਹਾਂ ਰੱਸਾ, ਫਿਰ ਮਿਆਂਕਣ ਲੱਗ ਪੈਂਦੇ ਨੇ ਭੈਣ ਜੀ।

ਟਹਿਲ ਸਿੰਘ : ਦੇਖੋ ਭਾਈ ਸਾਹਿਬ, ਮੈਂ (ਔਰਤ ਵੱਲ ਇਸ਼ਾਰਾ ਕਰਕੇ) ਇਹਨਾਂ ਨੂੰ ਕਦੇ ਨਹੀਂ ਬੁਲਾਇਆ, ਨਾ ਕਦੇ ਕੋਈ ਟਿੱਚਰ ਕੀਤੀ ਏ। ਨਾਲੇ ਮੇਰਾ ਇਹਨਾਂ ਨਾਲ ਕੀ ਸੰਬੰਧ ਏ?



ਸਰਾਜ : ਆਹ ਡੰਡਾ ਬੁਲਾਵੇਗਾ ਤੇਰਾ ਇਹਦੇ ਨਾਲ ਕੀ ਸੰਬੰਧ ਏ?

ਟਹਿਲ ਸਿੰਘ : (ਨਿਰਾਸ਼ਾ ਵਿਚ) ਹੇ ਰੱਬਾ! ਮੈਂ ਕਿਥੇ ਫਸ ਗਿਆਂ? ਇਹ ਕੀ ਬੋਲ ਰਹੇ ਨੇ?

ਸਰਾਜ : ਮਾਰ ਵਾਜ ਰੱਬ ਨੂੰ। ਰੱਬ ਨੂੰ ਐਂ ਹਾਕਾਂ ਮਾਰਦੈ ਜਿਵੇਂ ਰੱਬ ਦੀ ਨਿਗ੍ਹਾ ਸਿੱਧੀ ਇਹਦੇ ਤੇ ਲੱਗੀ ਹੁੰਦੀ ਏ। ਪਹਿਲਾਂ ਇਲਤਾਂ ਕਰ ਬਹਿੰਦੇ ਨੇ ਤੇ ਫਿਰ ਸਾਡੇ ਸਾਹਮਣੇ ਰੱਬ ਨੂੰ ਯਾਦ ਕਰਨ ਲੱਗ ਪੈਂਦੇ ਨੇ ਭਗਤ ਬਣ ਕੇ।

ਟਹਿਲ ਸਿੰਘ : ਮੈਂ ਕੋਈ ਇਲਤ ਨਹੀਂ ਕੀਤਾ, ਮੈਂ ਸੱਚ ਕਹਿ ਰਿਹਾਂ।

ਸਰਾਜ : ਨਾ ਅਸੀਂ ਸਾਰੇ ਝੂਠ ਈ ਬੋਲ ਰਹੇ ਹਾਂ।

ਔਰਤ : ਇਹ ਬੰਦਾ ਜਦ ਵੀ ਸਾਡੀ ਗਲੀ ਲੰਘਿਆ ਇਹਨੇ ਇਲਤਾਂ ਈ ਕੀਤੀਆਂ। ਦੋ ਸਾਲ ਪਹਿਲਾਂ ਮੇਰੇ ਬਾਪੂ ਨੇ ਤਾਂ ਇਹਨੂੰ ਛੱਡ ਦਿੱਤਾ ਸੀ ਪਰ ਹੁਣ ਮੈਂ....

ਟਹਿਲ ਸਿੰਘ : ਅੱਛਾ, ਅੱਛਾ! ਹੁਣ ਪਈ ਸਮਝ। ਤੂੰ ਪਿਛਲੀ ਦੁਸ਼ਮਣੀ ਕੱਢਣ ਲੱਗੀ ਏਂ।

ਔਰਤ : ਉਦੋਂ ਦਾ ਵੀ ਤੇ ਅੱਜ ਦਾ ਵੀ ਸਾਰਾ ਹਿਸਾਬ ਕੱਠਾ ਈ ਹੋਵੇਗਾ। ਜਿਹੜੀ ਭਾਜੀ ਤੂੰ ਚਾੜ੍ਹੀ ਸੀ, ਵਿਆਜ ਲਾ ਕੇ ਨਾ ਮੋੜੀ ਤਾਂ ਮੈਂ ਵੀ ਸ਼ਰਮ ਸਿੰਘ ਦੀ ਧੀ ਨਹੀਂ।

ਥਾਣੇਦਾਰ : ਇਹ ਸ਼ਰਮ ਸਿੰਘ ਕੌਣ ਏ? ਕੋਈ ਖਾਸ ਬੰਦਾ ਏ?

ਸਰਾਜ : ਮੇਰੇ ਕੋਲੋਂ ਪੁੱਛੋ ਜਨਾਬ। ਤੁਸੀਂ ਆਏ ਹੋ ਨਵੇਂ। ਸ਼ਰਮ ਸਿੰਘ ਨੂੰ ਕੌਣ ਨਹੀਂ ਜਾਣਦਾ। ਇਲਾਕੇ ਦਾ ਮਸ਼ਹੂਰ ਪਟਵਾਰੀ, ਜਿਹਦੀ ਕਲਮ ਨੋਟ ਛਾਪਣ ਦੀ ਮਸ਼ੀਨ ਸੀ।

ਟਹਿਲ ਸਿੰਘ : ਹਾਂ ਜੀ, ਉਹੋ ਈ ਏ ਸ਼ਰਮ ਸਿੰਘ ਜਿਹਨੇ ਇੱਕ ਵਾਰ ਹੀਰਾ ਸਿੰਘ ਨਾਂ ਦੇ ਆਦਮੀ ਤੋਂ ਇੱਕ ਹਜ਼ਾਰ ਰੁਪਏ ਵੱਢੀ ਲੈ ਲਈ। ਕਿਸੇ ਨੇ ਸ਼ਿਕਾਇਤ ਕੀਤੀ ਇਨਕੁਵੈਰੀ ਚੱਲੀ ਤੇ ਮੈਂ ਸਾਫ ਸਾਫ ਗਵਾਹੀ ਦੇ ਦਿੱਤੀ ਕਿ ਸ਼ਰਮ ਸਿੰਘ ਵੱਢੀ ਲੈਣ ਲੱਗੇ ਕਦੇ ਸ਼ਰਮ ਨਹੀਂ ਕਰਦਾ।

ਔਰਤ : ਬਕਵਾਸ ਨਾ ਕਰ। ਤੂੰ ਸਾਡੀ ਵਿਰੋਧੀ ਧਿਰ ਕੋਲੋਂ ਪੈਸੇ ਖਾ ਕੇ ਝੂਠੀ ਗਵਾਹੀ ਦਿੱਤੀ। ਤੇਰੇ ਜਿਹੇ ਗਵਾਹਾਂ ਦਾ ਬੈਠੇ ਭੱਠਾ।

ਸਰਾਜ : (ਹੱਸਦਾ ਹੋਇਆ) ਤੇ ਸ਼ਰਮ ਸਿੰਘ ਦੀ ਹੋਵੇ ਚੜ੍ਹਦੀ ਕਲਾ।

ਥਾਣੇਦਾਰ : (ਖਿੱਝ ਕੇ) ਸ਼ਰਮ ਸਿੰਘ, ਸ਼ਰਮ ਸਿੰਘ, ਸ਼ਰਮ ਸਿੰਘ। ਝਗੜਾ ਹੋਰ ਚੱਲਦਾ ਪਿਆ ਸੀ ਤੇ ਆਹ ਸਾਲਾ ਸ਼ਰਮ ਸਿੰਘ ਕਿੱਥੋਂ ਵਿਚ ਵਾੜ ਦਿੱਤੈ?

ਔਰਤ : ਠਾਣੇਦਾਰ ਸਾਹਿਬ, ਮੇਰੇ ਪਿਉ ਉਲਟ ਕਿਉਂ ਬੋਲਦੇ ਹੋ?

ਥਾਣੇਦਾਰ : ਜੋ ਬੋਲਿਆ ਗਿਆ, ਬੋਲਿਆ ਗਿਆ। ਡੋਂਟ ਮਾਈਂਡ, ਤੀਰ ਕਮਾਨੋਂ ਤੇ ਗੱਲ ਜ਼ੁਬਾਨੋਂ ਨਿਕਲੇ ਵਾਪਸ ਨਹੀਂ ਮੁੜਦੇ। ਅੱਛਾ ਬੀਬਾ! ਇਹ ਦੱਸ ਜਿਸ ਸਮੇਂ ਇਸ ਸ਼ੈਤਾਨ ਨੇ ਤੇਰੇ ਵੱਲ ਘੂਰਿਆ ਤੂੰ ਕਿੱਥੇ ਸੀ?

ਔਰਤ : ਮੈਂ ਆਪਣੀ ਗਲੀ ਵਿਚ ਧੁੱਪ ਸੇਕ ਰਹੀ ਸੀ।

ਸਰਾਜ : (ਟਹਿਲ ਸਿੰਘ ਵੱਲ) ਤੇ ਆਹ ਭਦਰ ਪੁਰਸ਼ ਅੱਖਾਂ ਸੇਕਣ ਲੱਗ ਪਿਆ ਹੋਣੈਂ।

ਥਾਣੇਦਾਰ : (ਔਰਤ ਨੂੰ) ਇਸ ਬੰਦੇ ਨੇ ਕੋਈ ਹਰਕਤ ਵੀ ਕੀਤੀ?

ਔਰਤ : ਇਹਨੇ (ਕਚੀਚੀ ਵੱਟ ਕੇ) ਹੱਥ ਨਾਲ ਕੋਈ ਇਸ਼ਾਰਾ ਜਿਹਾ ਕੀਤਾ।

ਸਰਾਜ : ਮਤਲਬ ਐਕਸ਼ਨ। ਜਨਾਬ! ਇਹ ਜਾਪਦੈ ਈ ਕਲਾਕਾਰ ਏ।

ਥਾਣੇਦਾਰ : (ਟਹਿਲ ਸਿੰਘ ਨੂੰ) ਅੱਛਾ! ਤੂੰ ਹੱਥ ਹਿਲਾ ਕੇ ਕੋਈ ਸ਼ਰਾਰਤ ਕੀਤੀ ਏ?

ਟਹਿਲ ਸਿੰਘ : ਮੈਂ ਕੋਈ ਸ਼ਰਾਰਤ ਨਹੀਂ ਕੀਤੀ। ਹੱਥ ਨਾਲ ਇਸ਼ਾਰਾ ਕਰਨ ਵਾਲੀ ਜਿਹੜੀ ਗੱਲ ਏ, ਉਹਦਾ ਇਸ ਔਰਤ ਨਾਲ ਕੋਈ ਸੰਬੰਧ ਨਹੀਂ।

ਸਰਾਜ : ਹੋਰ ਕੀਹਦੇ ਨਾਲ ਸੰਬੰਧ ਏ? (ਥਾਣੇਦਾਰ ਨੂੰ) ਜਨਾਬ! ਗੱਲ ਅੱਗੇ ਤੁਰ ਪਈ ਏ।

ਟਹਿਲ ਸਿੰਘ : ਮੈਂ ਦਸਦਾਂ ਸਾਰੀ ਗੱਲ। ਜਦੋਂ ਮੈਂ ਗਲੀ ਵਿਚੋਂ ਲੰਘ ਰਿਹਾ ਸੀ ਤਾਂ ਇਸ ਔਰਤ ਦੇ ਪਿਛਲੇ ਪਾਸੇ ਮੇਰੀ ਸਾਲੀ ਜਾ ਰਹੀ ਸੀ। ਉਹਨੇ ਇਸ਼ਾਰੇ ਨਾਲ ਦੱਸਿਆ ਸੀ ਮੈਂ ਪੇਕੇ ਜਾ ਰਹੀ ਆਂ। ਮੈਂ ਵੀ ਹੱਥ ਹਿਲਾ ਕੇ ਕਹਿ ਦਿੱਤਾ ਚੰਗਾ ਫਿਰ।

ਸਰਾਜ : ਚੰਗਾ ਫਿਰ! ਫਿਰ ਕੀ? ਫਿਰ ਤੂੰ ਕੀ ਕਹਿਣਾ ਸੀ?

ਟਹਿਲ ਸਿੰਘ : ਚੰਗਾ ਫਿਰ ਦਾ ਮਤਲਬ ਰਾਜੀ ਬਾਜੀ ਹੋਰ ਕੀ। (ਔਰਤ ਦਾ ਪਤੀ ਜੰਗ ਸਿੰਘ ਆਉਂਦਾ ਹੈ। ਉਸਦੇ ਮੂੰਹ ਤੇ ਗੁੱਸਾ ਸਾਫ ਦਿਖਾਈ ਦੇ ਰਿਹਾ ਹੈ)

ਜੰਗ ਸਿੰਘ : ਕੇਹੜਾ ਏ ਉੱਲੂ ਦਾ ਪੱਠਾ ਜਿਹਦੇ ਪੁੱਠੇ ਦਿਨ ਆ ਗਏ ਨੇ? (ਟਹਿਲ ਸਿੰਘ ਵੱਲ ਵੇਖ ਕੇ) ਤੂੰ ਏਂ ਜਿਹਨੇ ਮੇਰੀ ਤੀਵੀਂ ਨੂੰ ਮਖੌਲ ਕੀਤੈ? ਮੇਰਾ ਨਾਂ ਜੰਗ ਸਿੰਘ ਏ ਜੰਗ ਸਿੰਘ। ਤੈਨੂੰ ਬਣਾਉਂਦਾ ਬੰਦੇ ਦਾ ਪੁੱਤ।

ਟਹਿਲ ਸਿੰਘ : ਭਾਈ ਸਾਹਿਬ ਸੋਚ ਕੇ ਬੋਲੀਂ।

ਜੰਗ ਸਿੰਘ : ਮੈਂ ਤੈਨੂੰ ਜੀਂਦੇ ਨੂੰ ਛੱਡਾਂਗਾ ਨਹੀਂ। ਮੈਂ ਤਾਂ ਵੱਡੇ ਵੱਡੇ ਖੰਨੀਖਾਨ ਸਿੱਧੇ ਕਰ ਦਿੱਤੇ ਤੇ ਤੂੰ ਕਿਹੜੇ ਬਾਗ ਦੀ ਮੂਲੀ ਏਂ? (ਜੰਗ ਸਿੰਘ, ਟਹਿਲ ਸਿੰਘ ਦੇ ਹੱਥੀਂ ਪੈਣ ਲੱਗਦਾ ਹੈ ਪਰ ਸਰਾਜ ਵਿਚਕਾਰ ਡੰਡਾ ਕਰਕੇ ਉਸ ਨੂੰ ਰੋਕ ਦਿੰਦਾ ਹੈ।)

ਟਹਿਲ ਸਿੰਘ : ਮੈਂ ਫਿਰ ਕਹਿ ਰਿਹਾਂ ਮੈਂ ਤੇਰੀ ਤੀਵੀਂ ਨੂੰ ਕੋਈ ਮਖੌਲ ਨਹੀਂ ਕੀਤਾ।

ਜੰਗ ਸਿੰਘ : ਮਖੌਲ ਨਹੀਂ ਕੀਤਾ ਤਾਂ ਹੋਰ ਮੇਰੀ ਤੀਵੀਂ ਦਾ ਦਿਮਾਗ ਤਾਂ ਨਹੀਂ ਖਰਾਬ ਜਿਹੜਾ ਤੇਰਾ ਐਵੇਂ ਨਾਂ ਲੈ ਲਿਆ।

ਟਹਿਲ ਸਿੰਘ : ਇਹ ਮੈਨੂੰ ਕੀ ਪਤੈ ਦਿਮਾਗ ਠੀਕ ਏ ਕਿ ਖਰਾਬ।



ਜੰਗ ਸਿੰਘ : ਕੋਈ ਨਹੀਂ, ਤੇਰੇ ਦਿਮਾਗ ਨੂੰ ਜੇਹੜੀ ਹਵਾ ਚੜ੍ਹੀ ਏ ਹੁਣੇ ਨਾ ਕੱਢੀ ਤਾਂ ਮੇਰਾ ਨਾਂ ਜੰਗ ਸਿੰਘ ਛੱਡ ਕੇ ਹੋਰ ਰੱਖ ਦੇਵੀਂ।

ਟਹਿਲ ਸਿੰਘ : ਮੈਂ ਵੀ ਭਲੇ ਨਾਲ ਭਲਾ ਹਾਂ ਤੇ ਬੁਰੇ ਨਾਲ ਬੁਰਾ।

ਜੰਗ ਸਿੰਘ : ਤੂੰ ਹੁਣ ਬੁਰਾ ਬਣ ਈ ਲੈ (ਲੜਾਈ ਕਰਨ ਵਾਸਤੇ ਕਮੀਜ ਦੀਆਂ ਬਾਹਾਂ ਉਪਰ ਨੂੰ ਕਰਦਾ ਹੈ।)

ਥਾਣੇਦਾਰ : ਸਰਾਜ!

ਸਰਾਜ : ਜੀ ਜਨਾਬ!

ਥਾਣੇਦਾਰ : ਇਹਨਾਂ ਨੂੰ ਚੁੱਪ ਕਰਾ, ਲੋੜ ਪਏ ਤਾਂ ਡੰਡਾ ਘੁੰਮਾ।

ਸਰਾਜ : (ਦਬਕਾ ਮਾਰਦਾ ਹੋਇਆ) ਓਏ, ਸਰਕਾਰ ਤੁਹਾਡੇ ਸਾਹਮਣੇ ਕੇਸ ਦੀ ਡੂੰਘਿਆਈ ਵਿਚ ਜਾ ਰਹੀ ਏ ਤੇ ਤੁਸੀਂ ਕਾਵਾਂ ਵਾਂਗੂੰ ਰੌਲਾ ਪਾ ਦਿੱਤੈ। ਖਬਰਦਾਰ! ਜੇ ਕੋਈ ਬੋਲਿਆ ਤਾਂ।

ਥਾਣੇਦਾਰ : ਅੱਛਾ ਬੀਬੀ! ਇਹਨੇ ਤੇਰੇ ਵੱਲ ਘੂਰ ਕੇ ਵੇਖਿਆ ਤੇ ਤੂੰ ਵੀ ਘੂਰ ਕੇ ਵੇਖਿਆ?

ਔਰਤ : ਮੈਂ ਕਿਉਂ ਵੇਖਾਂ? ਮੈਂ ਇਹਦਾ ਸਿਰ ਸਾੜਣੈਂ?

ਥਾਣੇਦਾਰ : ਫਿਰ ਤੁਹਾਨੂੰ ਕਿਵੇਂ ਪਤਾ ਲੱਗਾ ਕਿ ਇਸ ਬੰਦੇ ਨੇ ਤੁਹਾਡੇ ਵੱਲ.....

ਸਰਾਜ : ਜੀ ਫਿਰ ਇਸ ਬੀਬੀ ਨੂੰ ਕਿਸੇ ਤੀਜੇ ਬੰਦੇ ਨੇ ਦੱਸਿਆ ਹੋਣੈਂ ਕਿ ਇਹ ਭੱਦਰ ਪੁਰਸ਼ ਇਸ ਬੀਬੀ ਵੱਲ ਘੂਰ ਘੂਰ ਵੇਖ ਰਿਹਾ ਸੀ।

ਟਹਿਲ ਸਿੰਘ : ਹਾਂ ਹਾਂ ਦੱਸੋ, ਕਿਹੜਾ ਏ ਤੀਜਾ ਬੰਦਾ?

ਸਰਾਜ : ਤੀਜਾ ਬੰਦਾ (ਆਪਣੇ ਆਪ ਵੱਲ ਇਸ਼ਾਰਾ ਕਰਕੇ) ਹਾਜਰ ਏ। ਸਾਡੀ ਨਜ਼ਰ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਮਾਰ ਕਰਦੀ ਏ।

ਟਹਿਲ ਸਿੰਘ : ਤੁਸੀਂ? ਤੁਹਾਨੂੰ ਤਾਂ ਮੈਂ ਉਥੇ ਵੇਖਿਆ ਨਹੀਂ।

ਸਰਾਜ : ਹੁਣ ਵੇਖ ਲੈ, ਕਰ ਲੈ ਚਾਅ ਪੂਰੇ।

ਥਾਣੇਦਾਰ : ਜੰਗ ਸਿੰਘ, ਤੂੰ ਆਪਣੀ ਤੀਵੀਂ ਨੂੰ ਲੈ ਕੇ ਜਾ। ਇਸ ਬੰਦੇ ਨਾਲ ਮੈਂ ਆਪੇ ਨਿਪਟ ਲਵਾਂਗਾ।

ਜੰਗ ਸਿੰਘ : ਜੀ ਤੁਸੀਂ ਮੇਰੀ ਤੀਵੀਂ ਨੂੰ ਆਖੋ ਕਿ ਮੇਰੇ ਨਾਲ ਘਰ ਨੂੰ ਚੱਲ ਪਏ।

ਥਾਣੇਦਾਰ : ਕਿਉਂ, ਤੇਰੇ ਆਖੇ ਨਹੀਂ ਲੱਗਦੀ? ਬੀਬਾ, ਆਪਣੇ ਬੰਦੇ ਦੇ ਕਹਿਣੇ ਵਿਚ ਤਾਂ ਰਿਹਾ ਕਰ।

ਔਰਤ : (ਜੰਗ ਸਿੰਘ ਨੂੰ ਗੁੱਸੇ ਨਾਲ) ਤੇਰੀ ਕੇਹੜੀ ਨਹੀਂ ਮੰਨੀ? ਹਰ ਥਾਂ ਪੁੱਠੀ ਗੱਲ ਈ ਕਰਨੀ ਤੂੰ, ਚੱਲ ਤੁਰ)

(ਜੰਗ ਸਿੰਘ ਅਤੇ ਔਰਤ ਜਾਂਦੇ ਹਨ।

ਥਾਣੇਦਾਰ : (ਟਹਿਲ ਸਿੰਘ ਨੂੰ) ਬਹਿ ਜਾ ਥੱਲੇ। ਤੇਰੇ ਬਾਰੇ ਈ ਸੋਚਣ ਲੱਗੇ ਆਂ।

ਟਹਿਲ ਸਿੰਘ : ਮੈਂ ਖੜ੍ਹਾ ਈ ਠੀਕ ਆਂ।

ਥਾਣੇਦਾਰ : ਦੋਸ਼ੀ ਥੱਲੇ ਈ ਬਹਿੰਦੇ ਨੇ।

ਸਰਾਜ : ਮੈਂ ਦੋਸ਼ੀ ਨਹੀਂ। ਉਹ ਔਰਤ ਪੁਰਾਣੀ ਕਿੜ ਕੱਢ ਰਹੀ ਏ। ਮੈਂ ਉਹਦੇ ਪਿਉ ਦੇ ਉਲਟ ਗਵਾਹੀ ਜੁ ਦਿੱਤੀ ਸੀ। ਵੱਢੀ ਖਾਣ ਵਾਲੇ ਪਟਵਾਰੀ ਦੇ ਖਿਲਾਫ਼ ਗਵਾਹੀ ਦੇ ਕੇ ਮੈਂ ਆਪਣੇ ਫਰਜ਼ ਦੀ ਪਾਲਣਾ ਕੀਤੀ ਸੀ।

ਸਰਾਜ : ਤੂੰ ਠੇਕਾ ਲਿਐ ਸਾਰੇ ਫਰਜ਼ ਪੂਰੇ ਕਰਨ ਦਾ।

ਟਹਿਲ ਸਿੰਘ : ਹਾਂ, ਮੈਂ ਜ਼ੋਰ ਸ਼ੋਰ ਨਾਲ ਕਿਹਾ ਇਸ ਪਟਵਾਰੀ ਦੇ ਪੈੱਨ ਦੀ ਕਾਲੀ ਸਿਆਹੀ ਚੌਵੀ ਘੰਟੇ ਕਾਲਾ ਧਨ ਇਕੱਠਾ ਕਰਦੀ ਏ।

ਸਰਾਜ : ਵਾਹ, ਕਿਹਾ ਡਾਇਲਾਗ ਸੁੱਟਿਐ! ਕਾਲੀ ਸਿਆਹੀ, ਕਾਲਾ ਧਨ! ਤੂੰ ਇੱਦਾਂ ਕਹਿ ਕੇ ਮੈਨੂੰ ਫਿਰ ਜ਼ਮੀਰ ਦੀ ਵਾਜ ਸੁਣਾ ਰਿਹੈਂ।

ਥਾਣੇਦਾਰ : ਤੈਨੂੰ ਇਸ ਭੱਦਰਪੁਰਸ਼ ਨੇ ਪਹਿਲਾਂ ਵੀ ਕਿਤੇ.........?

ਸਰਾਜ : ਆਹੋ ਜਨਾਬ, ਮੇਰਾ ਪਹਿਲਾਂ ਵੀ ਇਹਦੇ ਨਾਲ ਵਾਹ ਪੈ ਚੁੱਕੈ। ਦੋ ਤਿੰਨ ਸਾਲ ਦੀ ਗੱਲ ਏ ਮੈਂ ਇਮਤਿਹਾਨ ਦਿੱਤਾ ਸੀ ਨਾ ਦਸਵੀਂ ਦਾ।

ਥਾਣੇਦਾਰ : ਫਿਰ ਕੀ ਹੋਇਆ?

ਸਰਾਜ : ਆਉਂਦਾ ਤਾਂ ਆਪਾਂ ਨੂੰ ਹੈ ਕੱਖ ਨਹੀਂ ਸੀ। ਆਪਾਂ ਤੇ ਆਸ ਰੱਖੀ ਸੀ ਨਕਲ ਤੇ ਈ। ਬਾਕੀ ਸਟਾਫ ਨਾਲ ਮੈਂ ਗੰਢ-ਸੰਢ ਕਰ ਲਈ। ਉਹਨਾਂ ਨੂੰ ਪਾਰਟੀ ਵੀ ਦਿੱਤੀ। ਦਾਰੂ ਦੇ ਖੁੱਲੇ ਗੱਫੇ ਵੀ ਲੁਆਏ। ਇਸ ਭੱਦਰਪੁਰਸ਼ ਦੀ ਵੀ ਡਿਊਟੀ ਲੱਗੀ ਸੀ, ਮੈਂ ਇਹਦੇ ਅੱਗੇ ਬਥੇਰੇ ਹੱਥ ਪੈਰ ਜੋੜੇ ਕਿ ਮੈਂ ਵੀ ਮੁਲਾਜ਼ਮ ਆਂ, ਪਰ ਇਹਨੇ ਮੈਨੂੰ ਧੌਣ ਨਹੀਂ ਚੁੱਕਣ ਦਿੱਤੀ। ਮੈਂ ਬਥੇਰੀਆਂ ਮਿੰਨਤਾਂ ਕੀਤੀਆਂ ਮੇਰੀ ਪ੍ਰਮੋਸ਼ਨ ਰੁਕੀ ਪਈ ਏ, ਮੇਰੇ ਬੱਚਿਆਂ ਵੱਲ ਵੇਖ। ਪਰ ਆਹ ਖੁਸ਼ਕੀ ਦੇ ਮਾਰੇ ਨੇ ਮੇਰਾ ਰਗੜਾ ਬੰਨ੍ਹ ਦਿੱਤਾ। ਅੰਗਰੇਜ਼ੀ ਵਾਲੇ ਦਿਨ ਉੱਤੋਂ ਪੈ ਗਿਆ ਸਟਾਫ ਤੇ ਇਹਦੀ ਵਾਰੀ ਸੀ ਮੇਰੇ ਕਮਰੇ ਵਿਚ। ਇਹਨੇ ਮੇਰੇ ਤੇ ਨਕਲ ਦਾ ਕੇਸ ਬਣਾ ਕੇ ਮੈਨੂੰ ਘਰ ਤੋਰ ਦਿੱਤਾ।

ਟਹਿਲ ਸਿੰਘ : ਮੇਰੀ ਡਿਊਟੀ ਨਕਲ ਰੋਕਣ ਤੇ ਲੱਗੀ ਸੀ ਨਾ ਕਿ ਨਕਲ ਕਰਵਾਉਣ ਤੇ। ਮੈਂ ਡਿਊਟੀ ਇਮਾਨਦਾਰੀ ਨਾਲ ਤਾਂ ਨਿਭਾਉਣੀ ਸੀ।

ਸਰਾਜ : ਤੂੰ ਆ ਗਿਆ ਵੱਡਾ ਧਰਮ ਪੁੱਤਰ! ਤੇਰੇ ਕੋਲੋਂ ਲਵਾਂਗਾ ਬਦਲੇ ਗਿਣ-ਗਿਣ ਕੇ।

ਥਾਣੇਦਾਰ : (ਟਹਿਲ ਸਿੰਘ ਨੂੰ) ਤੂੰ ਸਾਡੇ ਮਹਿਕਮੇ ਦੇ ਬੰਦਿਆਂ ਨਾਲ ਈ ਪੰਗਾ ਲੈ ਲਿਐ। (ਮਖੌਲ ਨਾਲ) ਬੜਾ ਦਲੇਰ ਆਦਮੀ ਏਂ!



ਸਰਾਜ : ਜਨਾਬ, ਇਸ ਬੰਦੇ ਨੂੰ ਸਿੱਖਿਆ ਬੋਰਡ ਤੋਂ ਕਿਹੜਾ ਇਨਾਮ ਮਿਲ ਗਿਆ? ਪਰ ਮੇਰੀਆਂ ਬੇੜੀਆਂ 'ਚ ਵੱਟੇ ਪੈ ਗਏ।

ਥਾਣੇਦਾਰ : ਸਰਾਜ! ਹੁਣ ਕਰ ਲੈ ਰਾਂਝਾ ਰਾਜ਼ੀ, ਬਣਾ ਦੇ ਸ਼ੁਤਰ ਮੁਰਗ।

ਟਹਿਲ ਸਿੰਘ : ਪਰ ਮੇਰਾ ਕਸੂਰ ਕੀ ਏ?

ਥਾਣੇਦਾਰ : ਕਸੂਰ? ਤੈਨੂੰ ਅਜੇ ਆਪਣੇ ਕਸੂਰ ਦਾ ਨਹੀਂ ਪਤਾ।

ਟਹਿਲ ਸਿੰਘ : ਮੈਂ ਸੱਚ ਕਹਿ ਰਿਹਾਂ ਮੇਰੀ ਸਾਲੀ ਨੇ ਗਲੀ 'ਚੋਂ ਲੰਘਦੇ-ਲੰਘਦੇ ਮੇਰੇ ਵੱਲ ਇਸ਼ਾਰਾ ਕੀਤਾ ਸੀ ਮੈਂ ਆਪਣੇ ਪੇਕੇ ਜਾ ਰਹੀ ਆਂ। ਤੁਸੀਂ ਪੜਤਾਲ ਕਰਕੇ ਵੇਖ ਲਉ।

ਥਾਣੇਦਾਰ : ਜਬਾਨ ਬੰਦ ਰੱਖ, ਸਾਨੂੰ ਮੱਤਾਂ ਦਿੰਦੈ ਪੜਤਾਲ ਕਰ ਲਉ। ਅਸੀਂ ਰੋਜ਼ ਤੇਰੇ ਵਰਗੇ ਬਦਮਾਸ਼ਾਂ ਨੂੰ ਈ ਸਿੱਧੇ ਕਰਦੇ ਆਂ। ਸਾਡੀ ਮਰਜ਼ੀ, ਅਸੀਂ ਪੜਤਾਲ ਕਰੀਏ ਜਾਂ ਕੁਝ ਹੋਰ ਕਰੀਏ।

ਸਰਾਜ : ਹੁਣ ਪਤਾ ਲੱਗੂ ਕੀ ਭਾਅ ਵਿਕਦੀ ਏ। ਜਨਾਨੀ ਭਾਵੇਂ ਤੇਰੀ ਸਾਲੀ ਹੋਵੇ, ਬੰਦੇ ਦਾ ਕੀ ਕੰਮ ਏ ਉਹਨੂੰ ਸੈਨਤਾਂ ਮਾਰਨੀਆਂ?

ਟਹਿਲ ਸਿੰਘ : ਮੈਂ ਇਸ ਕਿਸਮ ਦਾ ਆਦਮੀ ਨਹੀਂ। ਮੇਰੇ ਕਰੈਕਟਰ ਬਾਰੇ ਪਿੰਡੋਂ ਪਤਾ ਕਰ ਲਉ। ਬਿਨਾਂ ਵਜ੍ਹਾ ਤੁਸੀਂ ਮੇਰੀ ਅੱਧੀ ਦਿਹਾੜੀ ਮਾਰ ਲਈ।

ਸਰਾਜ : ਅੱਧੀ ਦਿਹਾੜੀ ਮਾਰ ਲਈ, ਚੰਗਾ ਤਸੀਲਦਾਰ ਲੱਗਾ ਏਂ।

ਟਹਿਲ ਸਿੰਘ : ਮੈਂ ਤਸੀਲਦਾਰ ਲੱਗ ਕੇ ਕੀ ਕਰਨੈਂ। ਇਥੇ ਇਮਾਨਦਾਰੀ ਦੀ ਰੋਟੀ ਖਾ ਰਹੇ ਆਂ, ਉਹੀ ਚੰਗੀ। ਹਰ ਬੰਦੇ ਨੂੰ ਨੈਤਿਕ ਕਦਰਾਂ-ਕੀਮਤਾਂ ਤੇ ਪਹਿਰਾ ਦੇਣਾ ਚਾਹੀਦੈ।

ਸਰਾਜ : ਨੈਤਿਕ ਕਦਰਾਂ ..... ਆਹ ਕੀ ਬੋਲ ਦਿੱਤੈ? ਪੰਜਾਬੀ ਬੋਲ ਪੰਜਾਬੀ।

ਟਹਿਲ ਸਿੰਘ : ਮੈਂ ਪੰਜਾਬੀ ਹੀ ਬੋਲੀ ਏ।

ਸਰਾਜ : ਤੁਸੀਂ ਪੜ੍ਹੇ ਲਿਖੇ ਲੋਕ ਮੇਰੇ ਜਿਹਿਆਂ ਨੂੰ ਸਮਝਦੇ ਹੋ ਉੱਲੂ। ਸਾਡੇ ਸਾਹਮਣੇ ਆਪਣੀ ਫਿਲਾਸਫੀ ਝਾੜ ਕੇ ਰੋਅਬ ਪਾਉਣਾ ਚਾਹੁੰਦੇ ਨੇ। ਪੰਜਾਬੀ ਵੀ ਐਡੀ ਔਖੀ ਬੋਲਦੇ ਨੇ ਕਿ ਕੁਝ ਪੱਲੇ ਨਹੀਂ ਪੈਂਦਾ। ਬਸ ਨਾਲੀ 'ਚੋਂ ਮੱਛੀਆਂ ਫੜਨ ਵਾਲੀ ਗੱਲ ਏ। ਜਨਾਬ! ਪਰਸੋਂ ਤੁਸੀਂ ਮੈਨੂੰ ਭੇਜਿਆ ਸੀ ਨਾ ਪੰਜਾਬੀ ਲਿਖਾਰੀਆਂ ਦੀ ਬੈਠਕ ਵਿਚ?

ਥਾਣੇਦਾਰ : ਹਾਂ, ਉਥੇ ਕੋਈ ਗੜਬੜ ਤਾਂ ਨਹੀਂ ਸੀ ਹੋਈ।

ਸਰਾਜ : ਜਦ ਮੈਂ ਉੱਥੇ ਪਹੁੰਚਿਆ ਸਾਰੇ ਸੁਸਰੀ ਵਾਂਗ ਸੁੱਤੇ ਪਏ ਸੀ। ਤੁਹਾਡਾ ਹੁਕਮ ਸੀ ਬਰਫ 'ਚ ਲੱਗੇ ਰਹੇ ਚਾਰ ਘੰਟੇ। ਸਾਲਿਆਂ ਚਾਹ ਦਾ ਕੱਪ ਵੀ ਨਹੀਂ ਪੁੱਛਿਆ।

ਥਾਣੇਦਾਰ : ਇਹਨਾਂ ਲੋਕਾਂ ਤੋਂ ਚਾਹ ਭਾਲਦੈਂ? ਸਾਰੇ ਲਿਖਾਰੀਆਂ ਨੂੰ ਕੋਈ ਨਾ ਕੋਈ

ਬਿਮਾਰੀ ਹੁੰਦੀ ਏ। ਆਪਣੇ ਰੰਡੀ ਰੋਣੇ ਰੋਣ ਜਾਂਦੇ ਨੇ ਉੱਥੇ। ਕੋਈ ਬਾਹਰੋਂ ਤੰਗ ਤੇ ਕੋਈ ਘਰ ਵਾਲੀ ਤੋਂ। ਇਹ ਦੱਸ ਲਿਖਾਰੀਆਂ ਨੇ ਕੀ ਪਾਪੜ ਵੇਲੇ?

ਸਰਾਜ : ਜਨਾਬ, ਕੱਖ ਪੱਲੇ ਨਹੀਂ ਪਿਆ। ਗੱਲ ਈ ਇੱਦਾਂ ਦੀ ਕਰਦੇ ਸਨ ਕਿ ਅਖਬਾਰਾਂ ਵਾਲੇ ਵੀ ਸਮਝ ਨਹੀਂ ਸਕੇ। ਮਗਰੋਂ ਉਹਨਾਂ ਆਪੇ ਪ੍ਰੈਸ ਨੋਟ ਤਿਆਰ ਕਰਕੇ ਅਖਬਾਰਾਂ ਵਾਲਿਆਂ ਨੂੰ ਫੜਾ ਦਿੱਤਾ। ਦੋ ਕੁ ਲਾਇਨਾਂ ਮੈਨੂੰ ਯਾਦ ਨੇ, ਜ਼ਰਾ ਮਤਲਬ ਕੱਢਿਓ ਇਹਨਾਂ ਦਾ - ਇਸ ਸੰਦਰਭ ਦੀ ਪਿੱਠ ਭੂਮੀ ਵਿਚ ਸਰਵੇਖਣ ਤੇ ਚਿੰਤਨ ਕੀਤਾ ਜਾਵੇ ਤਾਂ ਪੰਜਾਬੀ ਦੀ ਸਾਰਥਿਕਤਾ ਦ੍ਰਿਸ਼ਟੀਗੋਚਰ ਹੋ ਸਕਦੀ ਹੈ।

ਥਾਣੇਦਾਰ : ਦੁਰ ਫਿੱਟੇ ਮੂੰਹ ਇੱਦਾਂ ਦੀ ਪੰਜਾਬੀ ਦੇ। ਬੜੀਆਂ ਬਾਹਵਾਂ ਮਾਰ-ਮਾਰ ਕਹਿੰਦੇ ਨੇ ਦਫਤਰਾਂ ਵਿਚ ਪੰਜਾਬੀ ਲਾਗੂ ਕਰੋ। ਜੇ ਇੱਦਾਂ ਦੀ ਪੰਜਾਬੀ ਚੱਲ ਪਈ ਤਾਂ ਚਿੱਠੀ ਦੇ ਮਤਲਬ ਕੱਢਣ ਵਾਸਤੇ ਕੋਈ ਲਿਖਾਰੀ ਫੜ ਕੇ ਲਿਆਉਣਾ ਪਊ।

ਸਰਾਜ : ਜੀ, ਇਕ ਲਿਖਾਰੀ ਨੂੰ ਮੈਂ ਕਿਹਾ, ਆਹ ਜਿਹੜੀ ਪੰਜਾਬੀ ਤੁਸੀਂ ਬੋਲੀ ਏ, ਇਹਦੇ ਮਤਲਬ ਸਾਨੂੰ ਵੀ ਸਮਝਾ ਦਿਓ। ਉਹ ਅੰਗਰੇਜ਼ੀ ਵਿਚ ਮਤਲਬ ਕੱਢਣ ਲੱਗ ਪਿਐ। ਕਹਿੰਦੈ, ਪੰਜਾਬੀ ਦੀ ਹੋਰ ਪੰਜਾਬੀ ਕੀ ਬਣਾਵਾਂ।

ਥਾਣੇਦਾਰ : ਫਿਰ ਪੈ ਗਈ ਸਮਝ?

ਸਰਾਜ : ਜੀ ਮੈਨੂੰ ਇੱਲ ਦਾ ਨਾਂ ਕੋਕੋ ਨਹੀਂ ਆਉਂਦਾ। ਉਹ ਕਿੱਥੋਂ ਸਮਝ ਆਉਣੀ ਸੀ। ਮੈਨੂੰ ਤਾਂ ਸਮਝ ਉਦੋਂ ਆਈ ਜਦ ਉੱਥੇ ਖੱਪ ਪੈ ਗਈ।

ਥਾਣੇਦਾਰ : ਅੱਛਾ! ਵਰਤ ਗਿਆ ਭਾਣਾ?

ਸਰਾਜ : ਅਜੇ ਰਤਨ ਟਾਹਲਵੀ ਹੋਰੀਂ ਆਪਣੀ ਕਵਿਤਾ ਬੋਲ ਕੇ ਗਏ ਈ ਸਨ ਕਿ ਮਗਰੋਂ ਨਜ਼ਾਰਾ ਬੱਝ ਗਿਆ। ਫੇਰ ਜੁੱਤੀਆਂ ਚੱਲੀਆਂ, ਪੱਗਾਂ ਲੱਥੀਆਂ ਤੇ ਟੋਪੀਆਂ ਹਵਾ ਵਿਚ ਉੱਡੀਆਂ। ਆਪਾਂ ਤੁਹਾਡੇ ਹੁਕਮ ਦੇ ਗੁਲਾਮ, ਛੱਡ ਦਿੱਤਾ ਡੰਡਾ। ਬੜੇ ਤੰਗ ਆਏ ਸੀ, ਡੰਡਾ ਚਲਾ ਕੇ ਗਰਮੀ ਜਿਹੀ ਆ ਗਈ ਸਰੀਰ ਵਿਚ।

ਥਾਣੇਦਾਰ : (ਟਹਿਲ ਸਿੰਘ ਵੱਲ ਇਸ਼ਾਰਾ ਕਰਕੇ) ਹੁਣ ਇਹਦਾ ਵੀ ਕਰ ਲੈ ਹਿਸਾਬ-ਕਿਤਾਬ। ਇਹਨੂੰ ਪੁੱਛ ਲੈ, ਇਹਦੀ ਕੀ ਸਲਾਹ ਏ?

ਸਰਾਜ : ਜਨਾਬ ਐਥੋਂ ਪੱਲੇ ਕੁਝ ਨਹੀਂ ਪੈਣਾ। ਇਹਦਾ ਅਪਰੇਸ਼ਨ ਕਰ ਦੇਈਏ ਤਾਂ ਈ ਠੀਕ ਏ।

ਥਾਣੇਦਾਰ : ਠੀਕ ਏ, ਇਹਨੂੰ ਕੀਤਾ ਤੇਰੇ ਹਵਾਲੇ। ਮੈਂ ਅੰਦਰ ਜਾ ਕੇ ਥੋੜ੍ਹਾ ਕੰਮ ਮੁਕੰਮਲ ਕਰ ਲਵਾਂ। (ਥਾਣੇਦਾਰ ਅੰਦਰ ਜਾਂਦਾ ਹੈ।)

ਸਰਾਜ : ਦੱਸ ਓਏ ਮੀਸਣਿਆ! ਤੇਰੀ ਕੀ ਸਲਾਹ ਏ? ਕਰ ਦਿਆਂ ਹੱਡੀਆਂ ਗਰਮ?

ਟਹਿਲ ਸਿੰਘ : ਮੈਂ ਪੜ੍ਹਿਆ ਲਿਖਿਆ ਬੰਦਾ ਹਾਂ, ਮੇਰੇ ਨਾਲ ਤਮੀਜ਼ ਨਾਲ ਗੱਲ ਕਰ।



ਸਰਾਜ : (ਮਜ਼ਾਕ ਨਾਲ) ਕਿੰਨਾ ਕੁ ਪੜ੍ਹਿਆ ਏਂ?

ਟਹਿਲ ਸਿੰਘ : ਮੈਂ ਚਾਰ ਵਿਸ਼ਿਆਂ ਵਿਚ ਐਮ. ਏ. ਪਾਸ ਆਂ।

ਸਰਾਜ : ਆਪਣੀਆਂ ਐਮੇ ਦੱਸ ਕੇ ਇਹ ਨਾ ਸਮਝੀਂ ਕਿ ਮੈਂ ਤੇਰੀਆਂ ਐਮੇ ਤੋਂ ਡਰ ਜਾਵਾਂਗਾ। ਪੜ੍ਹਿਆਂ ਲਿਖਿਆਂ ਨੂੰ ਕੁੱਟ ਕੇ ਤਾਂ ਸਾਨੂੰ ਮਜ਼ਾ ਈ ਬੜਾ ਆਉਂਦਾ ਏ।

ਟਹਿਲ ਸਿੰਘ : ਪੜ੍ਹੇ ਲਿਖੇ ਬੰਦੇ ਨੂੰ ਹੱਥ ਪਾ ਕੇ ਔਖਾ ਹੋਵੇਂਗਾ।

ਸਰਾਜ : ਇਵੇਂ ਦਾ ਡਰਾਵਾ ਕਿਸੇ ਹੋਰ ਨੂੰ ਦੇਵੀਂ। ਪਰਸੋਂ ਅਸੀਂ ਹਸਪਤਾਲ ਦਾ ਵੱਡਾ ਡਾਕਟਰ ਕੁੱਟ ਦਿੱਤਾ। ਅਖਬਾਰਾਂ ਵਿਚ ਸਾਡੀ ਭੰਡੀ ਹੋਈ। ਜਾਂਚ ਵੀ ਹੋਵੇਗੀ, ਪਰ ਸਾਡਾ ਨਹੀਂ ਕੋਈ ਕਰ ਸਕਦਾ ਵਾਲ ਵਿੰਗਾ। ਤੂੰ ਆਪਣੀਆਂ ਚਾਰ ਐਮੇ ਦੱਸਣ ਨਾਲੋਂ ਚਾਰ ਸੌ ਰੁਪਿਆ ਦੇ ਕੇ ਮੁੱਠੀ ਗਰਮ ਕਰ ਦਿੰਦਾ ਤਾਂ ਹੁਣ ਤੱਕ ਘਰ ਬੈਠਾ ਹੁੰਦਾ ਤੇ ਉਹ ਸ਼ਿਕਾਇਤ ਕਰਨ ਵਾਲੀ ਜ਼ਨਾਨੀ ਹਵਾਲਾਟ 'ਚ ਬੰਦ ਹੁੰਦੀ। ਪਰ ਤੂੰ ਸਾਡੀ ਕਿੱਥੇ ਮੰਨਣੀ ਏ, ਤੇਰਾ ਲਾਜ ਤਾਂ ਕਰਨਾ ਈ ਪੈਣੈਂ। (ਆਪਸ ਵਿਚ ਝਗੜਦੇ ਹੋਏ ਦੋ ਬੰਦੇ ਆਉਂਦੇ ਹਨ)

ਪਹਿਲਾ ਬੰਦਾ : ਤੈਨੂੰ ਅੱਜ ਪੁਲਿਸ ਤੋਂ ਨਾ ਕੁਟਾਇਆ ਤਾਂ ਮੈਨੂੰ ਪਿਉ ਦਾ ਪੁੱਤ ਨਾ ਆਖੀਂ। ਵੇਖੀਂ ਤੇਰੀ ਸਾਰੀ ਆਕੜ ਕਿਧਰ ਜਾਂਦੀ ਏ? ਫੇਰ ਵੇਖਾਂਗਾ, ਤੂੰ ਮੇਰੇ ਗਾਹਕ ਕਿਵੇਂ ਖਰਾਬ ਕਰਦੈਂ?

ਦੂਜਾ ਬੰਦਾ : ਤੂੰ ਲਾ ਲੈ ਸਾਰਾ ਜ਼ੋਰ, ਤੈਨੂੰ ਬਣਵਾ ਦਿਆਂਗਾ ਮੋਰ। ਐਸੀ ਹਾਲਤ ਕਰਵਾਵਾਂਗਾ ਕਿ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਰਹੇਂਗਾ।

ਪਹਿਲਾ ਬੰਦਾ : ਤੇਰੇ ਪਿੱਛੇ ਤਾਂ ਪਿੰਡ ਦਾ ਇੱਕ ਬੰਦਾ ਨਹੀਂ ਆਉਣੈਂ।

ਦੂਜਾ ਬੰਦਾ : ਨਾ ਤੇਰੇ ਪਿੱਛੇ ਕਿਹੜੀ ਬੰਦਿਆਂ ਦੀ ਫੌਜ ਪਈ ਆਉਂਦੀ ਏ। ਤੈਨੂੰ ਤਾਂ ਪਿੰਡ 'ਚ ਕੁੱਤੀਆਂ ਨਹੀਂ ਜਾਣਦੀਆਂ।

ਪਹਿਲਾ ਬੰਦਾ : ਤੂੰ ਹੈ ਕੀ ਏਂ? ਨਾ ਤਿੰਨਾਂ ਵਿਚ ਤੇ ਨਾ ਤੇਰਾਂ ਵਿਚ।

ਦੂਜਾ ਬੰਦਾ : ਤੂੰ ਨਾ ਸੰਤਰਿਆਂ ਵਿਚ ਤੇ ਨਾ ਬੇਰਾਂ ਵਿਚ। ਤੇਰਾ ਰੋਜ਼ ਦਾ ਕੱਟਾ ਕੱਟੀ ਅੱਜ ਨਿਕਲ ਕੇ ਰਹੂ, ਜਿਹੜਾ ਤੂੰ ਰੋਜ਼ ਮੇਰੇ ਗਾਹਕ ਖਰਾਬ ਕਰਦੈਂ।
(ਦੋਵੇਂ ਬੰਦੇ ਹੱਥੋ ਪਾਈ ਹੋ ਜਾਂਦੇ ਹਨ ਤੇ ਨਾਲ ਬੋਲੀ ਵੀ ਜਾਂਦੇ ਹਨ। ਸਿਪਾਹੀ ਇਕ ਕੋਨੇ ਤੇ ਖੜ੍ਹਦਾ ਹੱਸਦਾ ਹੈ।)

ਟਹਿਲ ਸਿੰਘ : ਭਰਾਵੋ! ਝਗੜਾ ਨਾ ਕਰੋ, ਸ਼ਾਂਤੀ ਰੱਖੋ ਤੇ ਸੁਲਾਹ ਕਰ ਲਉ।

ਪਹਿਲਾ ਬੰਦਾ : ਕਿਉਂ? ਇਹ ਬੰਦਾ ਮੇਰੇ ਗਾਹਕ ਖਰਾਬ ਕਰਦੈ।

ਦੂਜਾ ਬੰਦਾ : ਤੂੰ ਕਰਦੈਂ।

ਪਹਿਲਾ ਬੰਦਾ : ਤੂੰ ਕਰਦੈਂ। (ਸਰਾਜ ਦੋਹਾਂ ਨੂੰ ਡੰਡੇ ਨਾਲ ਵੱਖ ਕਰ ਦਿੰਦਾ ਹੈ।)

ਸਰਾਜ : ਮੈਂ ਕਰਦਾਂ। ਸਾਲੇ ਗਾਹਕਾਂ ਦੇ। ਕੀ ਕਰਨ ਆਏ ਹੋ ਇੱਥੇ?

(ਪਹਿਲਾ ਬੰਦਾ ਜੇਬ ਵਿਚ ਹੱਥ ਪਾਉਂਦਾ ਹੈ ਤੇ ਸਰਾਜ ਦੂਜੇ ਬੰਦੇ ਨੂੰ ਘੂਰਦਾ ਕਹਿੰਦਾ ਹੈ)

ਓਏ ਕਿਵੇਂ ਝਾਕਦੈਂ ਬਿੱਲ ਬਤੌਰੀ ਵਾਂਗੂੰ। ਉਥੇ ਪਰੇ ਬਹਿ ਜਾ।

(ਦੂਜਾ ਬੰਦਾ ਇੱਕ ਪਾਸੇ ਬਹਿ ਜਾਂਦਾ ਹੈ।

ਪਹਿਲਾ ਬੰਦਾ : ਲਓ ਜਨਾਬ, ਪੂਰੇ ਪੰਜ ਸੌ ਨੇ। ਛਿੱਤਰ ਐਸਾ ਖੜਕਾਓ ਕਿ ਇਹਦੀ ਦੁਕਾਨ ਤੱਕ ਇਹਦੀਆਂ ਡਾਂਡਾਂ ਦੀ ਵਾਜ ਜਾਏ ਤਾਂ ਕਿ ਇਹਦੀ ਦੁਕਾਨ ਤੇ ਖੜ੍ਹੇ ਗਾਹਕ ਵੀ ਡਰ ਕੇ ਦੌੜ ਜਾਣ।

ਸਰਾਜ : ਘਬਰਾ ਨਾ, ਉਹ ਵੇਖ ਬਾਬੇ ਨਾਨਕ ਦੀ ਫੋਟੋ (ਖਚਰਾ ਹਾਸਾ ਹੱਸਦਾ ਹੋਇਆ) ਤੂੰ ਚੰਗਾ ਕੀਤੈ, ਫੋਟੋ ਵਿਚ ਬਾਬੇ ਦੇ ਪੰਜੇ ਨੂੰ ਸਮਝ ਗਿਐਂ — ਪੰਜਾ, ਪੰਜ ਸੌ। ਸਮਝ ਲੈ ਤੇਰੇ ਪੈਸੇ ਪਹੁੰਚ ਗਏ ਸਾਹਬ ਕੋਲ। (ਥਾਣੇਦਾਰ ਆਉਂਦਾ ਹੈ) ਜਨਾਬ, (ਪਹਿਲੇ ਬੰਦੇ ਨੂੰ ਥਾਪੀ ਦੇ ਕੇ) ਇਹਦੀ ਫਰਿਆਦ ਸੁਣੋ, ਇਹ ਆਪਣਾ ਈ ਬੰਦਾ ਏ।

ਥਾਣੇਦਾਰ : (ਇਸ਼ਾਰੇ ਨੂੰ ਸਮਝਦਾ ਹੋਇਆ) ਠੀਕ ਏ, ਬੋਲ ਕੀ ਤਕਲੀਫ ਏ?

ਪਹਿਲਾ ਬੰਦਾ : (ਦੂਜੇ ਬੰਦੇ ਵੱਲ ਇਸ਼ਾਰਾ ਕਰਕੇ) ਜੀ ਆਹ ਰੋਜ਼ ਭੈਣਾਂ ਦੀਆਂ ਗਾਹਲਾਂ ਕੱਢਦਾ ਰਹਿੰਦੈ। ਮੈਂ ਟਾਲਾ ਕਰੀ ਗਿਆ ਤੇ ਆਹ ਮੇਰੇ ਸਿਰ ਤੇ ਚੜ੍ਹ ਗਿਐ। ਇਹਨੇ ਮੇਰੇ ਕੋਈ ਸੌ ਕੁ ਗਾਹਕ ਖਰਾਬ ਕਰ ਦਿੱਤੇ ਨੇ ਤੇ ਆਪ ਇਹ ਲੋਕਾਂ ਨੂੰ ਪਾਣੀ ਵਾਲਾ ਦੁੱਧ ਵੇਚੀ ਜਾਂਦੈ।

ਦੂਜਾ ਬੰਦਾ : ਜੀ ਮੇਰੀ ਵੀ ਬੇਨਤੀ ਏ........

ਥਾਣੇਦਾਰ : (ਟੋਕਦਾ ਹੋਇਆ) ਬਕਵਾਸ ਬੰਦ ਕਰ। ਵੇਚਦਾ ਨਹੀਂ ਤੂੰ ਪਾਣੀ ਵਾਲਾ ਦੁੱਧ?

ਦੂਜਾ ਬੰਦਾ : ਜੀ ਉਹ ਤਾਂ ਸਾਰੇ ਦੁਕਾਨਦਾਰ ਮਾੜੀ ਮੋਟੀ ਹੇਰਾ ਫੇਰੀ ਕਰਦੇ ਨੇ।

ਥਾਣੇਦਾਰ : ਸਰਾਜ!

ਸਰਾਜ : ਜੀ ਜਨਾਬ!

ਥਾਣੇਦਾਰ : ਇਹਨਾਂ ਨੂੰ ਅੰਦਰ ਲੈ ਜਾ ਤੇ ਜਿਹਦਾ ਉਪਰੇਸ਼ਨ ਕਰਨਾ ਏ, ਕਰਦੇ। (ਅੱਖ ਮਾਰਦਾ ਹੋਇਆ) ਪਰ ਬੇਕਸੂਰ ਨੂੰ ਕੁਝ ਨਹੀਂ ਕਹਿਣਾ।

ਸਰਾਜ : ਚੱਲੋ ਹਵਾਲਾਟੇ (ਸਿਪਾਹੀ ਦੋਹਾਂ ਨੂੰ ਲੈ ਕੇ ਜਾਣ ਲੱਗਦਾ ਹੈ, ਪਰ ਦੂਜਾ ਬੰਦਾ ਥਾਣੇਦਾਰ ਦੀ ਮੁੱਠੀ ਵਿਚ ਕੁਝ ਫੜਾਉਂਦਾ ਹੈ)

ਥਾਣੇਦਾਰ : (ਖੁਸ਼ ਹੋ ਕੇ) ਪੰਜਾ। ਆਪਰੇਸ਼ਨ ਕੀਹਦਾ ਕਰਨ ਲੱਗਾ ਏਂ ਸਰਾਜ?

ਸਰਾਜ : (ਦੂਜੇ ਬੰਦੇ ਵੱਲ ਇਸ਼ਾਰਾ ਕਰਕੇ) ਜੀ ਇਹਦਾ।



ਥਾਣੇਦਾਰ : ਨਹੀਂ, ਕਸੂਰ ਦੋਵਾਂ ਦਾ ਬਰੋ ਬਰਾਬਰ ਏ, ਅੰਦਰ ਲਿਜਾ ਕੇ ਦੋਵਾਂ ਦੇ ਦੋ ਦੋ ਪਟੇ ਮਾਰ ਕੇ ਤੋਰ ਦੇ ਐਥੋਂ। (ਸਿਪਾਹੀ ਅਤੇ ਦੋਵੇਂ ਬੰਦੇ ਜਾਂਦੇ ਹਨ।)

(ਖੁਸ਼ੀ ਵਿਚ) ਵਾਹਗੁਰੂ! ਵਾਹਗੁਰੂ! (ਸਿਪਾਹੀ ਆਉਂਦਾ ਹੈ)

(ਪਿੱਛੋਂ ਆਵਾਜ਼ਾਂ ਆਉਂਦੀਆਂ ਹਨ, ਟਹਿਲ ਸਿੰਘ ਜ਼ਿੰਦਾਬਾਦ, ਥਾਣੇਦਾਰ ਮੁਰਦਾਬਾਦ)

ਥਾਣੇਦਾਰ : (ਕੁਰਸੀ ਤੋਂ ਉੱਠਦਾ ਹੋਇਆ) ਬਾਹਰ ਨਾਅਰੇ ਕੌਣ ਲਾ ਰਿਹੈ?

ਸਰਾਜ : ਮੈਂ ਵੇਖਦਾਂ ਜਨਾਬ! ਲੋਕਾਂ ਦੀ ਭੀੜ ਕੱਠੀ ਹੋ ਗਈ ਏ। ਅਖਬਾਰਾਂ ਵਾਲੇ ਵੀ ਪਹੁੰਚ ਗਏ ਨੇ।

ਥਾਣੇਦਾਰ : ਤੂੰ ਕਿਥੋਂ ਬਲਾ ਗਲ ਪਾ ਲਈ ਏ ..... ਇਹਨੂੰ ਤੋਰ ਦੇ। ਤੈਨੂੰ ਕਿਹਨੇ ਕਿਹਾ ਸੀ ਇਹਨੂੰ ਫੜ ਕੇ ਲਿਆ।

(ਥਾਣੇਦਾਰ ਅੰਦਰ ਜਾਂਦਾ ਹੈ)

ਸਰਾਜ : (ਡਰਦਾ ਹੋਇਆ) ਜਨਾਬ, ਤੁਸੀਂ ਜਾਉ। ਸਾਡੇ ਵਲੋਂ ਤੁਹਾਨੂੰ ਛੁੱਟੀ।

ਟਹਿਲ ਸਿੰਘ : ਮੈਂ ਤਾਂ ਸਾਥੀਆਂ ਦੇ ਆਉਣ ਤੱਕ ਇੱਥੇ ਈ ਰਹਾਂਗਾ ਤੇ ਅੱਜ ਦੀ ਸਾਰੀ ਰਿਪੋਰਟ ਵੀ ਦੇਵਾਂਗਾ ਅਖਬਾਰਾਂ ਵਾਲਿਆਂ ਨੂੰ। ਆਈ ਵਿਲ ਸੀ ਯੂ।

ਸਰਾਜ : ਮੇਰੀ ਤੋਬਾ, ਕਿਤੇ ਅੰਗਰੇਜ਼ੀ ਵਿਚ ਮੇਰੇ ਉਲਟ ਨਾ ਰਿਪੋਰਟ ਦੇ ਦਿਓ। ਨੌਕਰੀ ਉੱਡ ਗਈ ਤਾਂ ਕਿਸੇ ਨੇ ਪੰਜਾਬ ਰੁਪਏ ਦਿਹਾੜੀ ਨਹੀਂ ਦੇਣੀ ਤੇ ਕੰਮ ਕਰਾ-ਕਰਾ ਮੇਰਾ ਕੂੰਡਾ ਕਰ ਦੇਣੈਂ।

ਟਹਿਲ ਸਿੰਘ : ਕਿਉਂ ਆ ਗਈ ਹੋਸ਼? ਇੰਨੀ ਕੁ ਤੇਰੀ ਤਾਕਤ ਸੀ?

ਸਰਾਜ : ਜਨਾਬ, ਤਾਕਤ ਤਾਂ ਬੜੀ ਸੀ, ਪਰ ਤੁਹਾਡੀ ਅੰਗਰੇਜ਼ੀ ਤੋਂ ਬੜਾ ਡਰ ਲੱਗਦੈ। ਹੋਰ ਜਨਾਬ, ਚਾਹ ਪਿਆਈਏ?

ਟਹਿਲ ਸਿੰਘ : ਅੱਗੇ ਦੋ ਦੁਕਾਨਦਾਰਾਂ ਨੂੰ ਤਾਂ ਤੁਸੀਂ ਚੰਗੀ ਚਾਹ ਪਿਆਈ? ਇੱਕ ਮੇਰੀ ਕਮੀ ਰਹਿ ਗਈ।

(ਅਵਾਜ਼ਾਂ - ਲੋਟੂ ਟੋਲਾ ਮੁਰਦਾਬਾਦ, ਟਹਿਲ ਸਿੰਘ ਜ਼ਿੰਦਾਬਾਦ)

ਸਰਾਜ : ਜਨਾਬ ਜਾਉ ਤੇ ਲੋਕਾਂ ਨੂੰ ਸਮਝਾਉ।

(ਔਰਤ ਅਤੇ ਉਸਦਾ ਪਤੀ ਜੰਗ ਸਿੰਘ ਆਉਂਦੇ ਹਨ।)

ਔਰਤ : (ਸਰਾਜ ਨੂੰ) ਕਿਉਂ ਜੀ, ਕਰ ਦਿੱਤੈ ਇਸ ਬੰਦੇ ਦਾ ਲਾਜ। ਇਹਦੀ ਤਾਂ ਪੱਗ ਵੀ ਲੱਥੀ ਨਹੀਂ?

ਸਰਾਜ : ਚੁੱਪ! ਸ਼ਰੀਫ ਬੰਦੇ ਨੂੰ ਸਾਡੇ ਹਵਾਲੇ ਕਰ ਦਿੱਤੈ ਤੇ ਆਪ ਤੁਸੀਂ ਕਸੂਰਵਾਰ ਮੀਆਂ ਬੀਵੀ ਘਰ ਚਲੇ ਗਏ। ਚਲੋ ਹਵਾਲਾਟੇ।

ਔਰਤ : (ਹੈਰਾਨੀ ਵਿਚ) ਹੈਂ ਇਹ ਕੀ? ਤੁਹਾਡੇ ਹੋਮ ਗਾਰਡੀਆਂ ਨੇ ਮੈਨੂੰ ਆਹ ਭਰਾ ਜੀ ਦੀ ਸ਼ਕੈਤ ਲਾਉਣ ਨੂੰ ਕਿਹਾ ਸੀ ..........

ਸਰਾਜ : ਆਪਣੇ ਦਿਮਾਗ ਤੋਂ ਕੰਮ ਲਈਦੈ ਕਿ ਹੋਮ ਗਾਰਡੀਆਂ ਤੋਂ? ਤੁਸੀਂ ਬੇਕਸੂਰ ਦੀ ਝੂਠੀ ਸ਼ਿਕਾਇਤ ਲਾਈ, ਚਲੋ ਅੰਦਰ।

ਜੰਗ ਸਿੰਘ : (ਟਹਿਲ ਸਿੰਘ ਅੱਗੇ ਹੱਥ ਜੋੜਦਾ ਹੋਇਆ) ਵੀਰ ਜੀ, ਗਲਤੀ ਸਾਡੀ ਏ। ਇੱਕ ਵਾਰ ਜਾਣ ਦੇ, ਤੇਰੇ ਕਹਿਣ ਤੇ ਸ਼ੈਦ ਪੁਲਿਸ ਵਾਲੇ ਛੱਡ ਈ ਦੇਣ।

ਟਹਿਲ ਸਿੰਘ : ਠੀਕ ਏ ਸਰਾਜ! ਇਹਨਾਂ ਨੂੰ ਮੇਰੇ ਨਾਲ ਜਾਣ ਦੇ। ਤੂੰ ਜਾ ਅੰਦਰ ਆਪਣੇ ਸਾਹਬ ਕੋਲ (ਸਰਾਜ ਜਾਂਦਾ ਹੈ) ਅਸੀਂ ਛੋਟੀ ਛੋਟੀ ਗੱਲ ਨੂੰ ਲੈ ਕੇ ਇਨਸਾਫ ਲੈਣ ਇੱਥੇ ਆਉਂਦੇ ਹਾਂ। ਕੀ ਅਸੀਂ ਪੰਚਾਇਤ ਵਿਚ ਜਾ ਕੇ ਆਪਣੇ ਭਰਾਵਾਂ ਵਿਚ ਬਹਿ ਕੇ ਆਪਣੇ ਗਿਲੇ ਸ਼ਿਕਵੇ ਦੂਰ ਨਹੀਂ ਕਰ ਸਕਦੇ? ਯਾਦ ਰੱਖੋ! ਸਭ ਤੋਂ ਵੱਡੀ ਸ਼ਕਤੀ ਲੋਕ ਸ਼ਕਤੀ ਏ।

(ਦੋਵੇਂ ਪਤੀ ਪਤਨੀ ਸ਼ਰਮਿੰਦਗੀ ਵਿਚ ਹਾਂ ਵਿਚ ਸਿਰ ਹਿਲਾਉਂਦੇ ਹਨ)

ਪਿੱਛੋ ਗੀਤ ਦੀ ਆਵਾਜ਼ :

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ।
ਅਸਾਂ ਜੋੜ ਦੇਣੀ, ਲੋਕਾਂ ਦੀ ਇਹ ਡੋਰ ਹਾਣੀਆ।

(ਪਰਦਾ)



# ਭੂਤ

ਦਰਸ਼ਨ ਸਿੰਘ : ਉਮਰ 45 ਸਾਲ

ਬੰਸੋ : ਦਰਸ਼ਨ ਸਿੰਘ ਦੀ ਪਤਨੀ : 44 ਸਾਲ

ਤਾਰੂ : ਇੱਕ ਸਿਆਣਾ : 50 ਸਾਲ

ਚੇਲਾ : ਭੂਤ ਕੱਢਣ ਵਾਲਾ : 40 ਸਾਲ

ਡਾਕਟਰ : 35 ਸਾਲ

ਬਾਵੀ : ਬੰਸੋ ਦੀ ਸਹੇਲੀ : 45 ਸਾਲ

ਬੰਤੀ : ਬੰਸੋ ਦੀ ਗੁਆਂਢਣ : 40 ਸਾਲ

ਕਾਲਾ : ਦਰਸ਼ਨ ਸਿੰਘ ਦਾ ਪੁੱਤਰ : 20 ਸਾਲ

# ਭੂਤ

ਸਥਾਨ : ਜਦ ਪਰਦਾ ਉੱਠਦਾ ਹੈ ਤਾਂ ਮੰਚ ਤੇ ਇੱਕ ਮੰਜੀ ਵਿਖਾਈ ਦਿੰਦੀ ਹੈ, ਜਿਸ ਉਪਰ ਕੋਈ ਬੈਠਾ ਨਹੀਂ ਹੈ। ਜ਼ਮੀਨ ਤੇ ਇੱਕ ਪਾਸੇ ਘਰ ਦਾ ਮਾਲਕ ਦਰਸ਼ਨ ਸਿੰਘ ਰੇਤੀ ਨਾਲ ਦਰਾਟ ਤਿੱਖਾ ਕਰ ਰਿਹਾ ਹੈ। ਦੂਜੇ ਪਾਸੇ ਦਰਸ਼ਨ ਸਿੰਘ ਦੀ ਪਤਨੀ ਬੰਸੋ ਭਾਂਡੇ ਮਾਂਜ ਰਹੀ ਹੈ।

ਬੰਸੋ : ਕਾਲੇ ਦੇ ਬਾਪੂ, ਰਾਤ ਦਾ ਪਤੈ ਕੁਝ?

ਦਰਸ਼ਨ : ਨਾ ਰਾਤਾਂ ਵਰਗੀ ਰਾਤ ਸੀ, ਆਹ ਰਾਹ ਕਿਹੜਾ ਭੂਚਾਲ ਆ ਗਿਆ ਸੀ?

ਬੰਸੋ : ਰਾਤਾਂ ਵਰਗੀ ਹੁੰਦੀ ਤਾਂ ਮੈਂ ਕਾਹਨੂੰ ਗੱਲ ਕਰਦੀ ਤੇਰੇ ਨਾਲ। ਤੂੰ ਤਾਂ ਸਾਰੀ ਰਾਤ ਰਮਾਣ ਨਾਲ ਸੁੱਤਾ ਘੁਰਾੜੇ ਮਾਰਦਾ ਰਿਹੈਂ। ਕੋਈ ਹੋਸ਼ ਵੀ ਰਹਿੰਦੀ ਏ ਤੈਨੂੰ ਰਾਤ ਨੂੰ?

ਦਰਸ਼ਨ · ਇੱਕ ਤਾਂ ਆਦਮੀ ਸੁੱਤਾ ਹੋਵੇ ਤੇ ਨਾਲ ਲੱਗਦੇ ਹੋਸ਼ ਵਿਚ ਹੋਵੇ, ਨਵੀਂ ਗੱਲ ਕੱਢ ਮਾਰੀ ਤੂੰ। ਦਿਨ ਥੋੜ੍ਹਾ ਹੁੰਦੈ ਹੋਸ਼ ਵਾਸਤੇ, ਰਾਤ ਘੜੀ ਮਸ਼ੀਨਰੀ ਨੂੰ ਰਮਾਣ ਦੇਣਾ ਹੁੰਦੈ ਫਿਰ ਐਵੇਂ ਜਾਗਦੇ ਰਹੀਏ।

ਬੰਸੋ : ਘਰ ਵਿਚ ਕੋਈ ਜੀਅ ਠੀਕ ਨਾ ਹੋਵੇ, ਫਿਰ ਨੀਂਦ ਕਿਵੇਂ ਆਏ ਭਲਾ? ਮੈਨੂੰ ਪਤੈ ਮੈਂ ਰਾਤ ਕਿਵੇਂ ਕੱਢੀ, ਸਾਰੀ ਰਾਤ ਅੱਖ ਲਾ ਕੇ ਨਹੀਂ ਵੇਖੀ।

ਦਰਸ਼ਨ : ਨਾ ਤੂੰ ਰਾਤ ਜਗਰਾਤਾ ਕਰਦੀ ਰਹੀ ਏਂ!

ਬੰਸੋ : ਆਹੋ ਜਗਰਾਤਾ ਈ ਕਰਦੀ ਰਹੀ। ਆਪਣਾ ਕਾਲਾ ਸਾਰੀ ਰਾਤ ਬੁੜਾਉਂਦਾ ਰਿਹੈ। ਕਦੇ ਹੌਲੀ ਬੋਲੇ, ਕਦੇ ਤ੍ਰਬਕ ਕੇ ਤੇਜ਼ ਬੋਲੇ। ਉਹਦੀ ਹਾਲਤ ਵੇਖ ਮੇਰਾ ਦਿਲ ਕੰਬੀ ਜਾਂਦਾ ਰਿਹੈ।

ਦਰਸ਼ਨ : ਤੇਰਾ ਦਿਲ ਕਿਸੇ ਦਰੱਖਤ ਦਾ ਪੱਤਾ ਹਿੱਲਿਆਂ ਈ ਕੰਬਣ ਲੱਗ ਪੈਂਦੈ। ਕਾਲੇ ਨੂੰ ਕੋਈ ਸੁਫਨਾ ਆਉਂਦਾ ਹੋਵੇਗਾ। ਇਹਦੇ 'ਚ ਘਬਰਾਉਣ ਵਾਲੀ ਕਿਹੜੀ ਗੱਲ ਹੋਈ?

ਬੰਸੋ : ਅੱਜ ਤਾਈਂ ਇੰਜ ਨਾ ਬੋਲਿਆ ਸੁਫਨੇ ਵਿਚ, ਤੁਸੀਂ ਸੁਣਦੇ ਤਾਂ ਕੰਨਾਂ ਨੂੰ ਹੱਥ ਲਾ ਲੈਂਦੇ।

ਦਰਸ਼ਨ : ਆਪਾਂ ਨੂੰ ਤਾਂ ਜਾਗ ਈ ਨਹੀਂ ਆਈ। ਸਾਰਾ ਦਿਨ ਬਾਹਰ ਖੇਤਾਂ 'ਚ ਮੁੜਕੇ ਨਾਲ ਮੁੜਕਾ ਹੋਈ ਰਹੀਦੈ। ਹੱਡ ਦੁਖਣ ਲੱਗ ਪੈਂਦੇ ਨੇ ਸੌਹਰੀ ਦੇ। ਇੱਕ ਰਾਤ ਈ

ਕਰਮਾਂ ਆਲੀ ਹੁੰਦੀ ਏ। ਜਦ ਘੜੀ ਰਮਾਣ ਕਰਨਾ ਹੁੰਦੈ ਤਾਂ ਜਾਂਗ ਕਿਵੇਂ ਆਏ? ਕਾਲੇ ਦਾ ਦੱਸ, ਕੀ ਬੁੜਾਉਂਦਾ ਸੀ ਰਾਤ?

ਬੰਸੋ : ਪਤਾ ਨਹੀਂ ਕੀ-ਕੀ ਬੋਲ ਗਿਆ ਊਟਪਟਾਂਗ। ਇੱਕ ਗੱਲ ਕੀਤੀ ਹੋਵੇ ਤਾਂ ਯਾਦ ਵੀ ਰਹੇ। ਉਹਦੀ ਵਾਜ ਵਿਚ ਬੜਾ ਖੌਫ ਸੀ, ਰੱਬ ਭਲੀ ਕਰੇ!

ਦਰਸ਼ਨ : ਕਾਲਾ ਕਿੱਥੇ ਵੇ ਐਸ ਵੇਲੇ?

ਬੰਸੋ : ਅੰਦਰ ਸੁੱਤਾ ਪਿਐ।

ਦਰਸ਼ਨ : ਕਾਲੇ ਨੂੰ ਪੁੱਛ ਰਾਤ ਕੀ ਹੋਇਐ? ਕੋਈ ਸੁਫਨਾ ਤਾਂ ਨਹੀਂ ਵੇਖਿਆ ਰਾਤ?

ਬੰਸੋ : ਉਹਨੂੰ ਕੀ ਪੁੱਛਣੈਂ। ਉਹ ਅੱਜ ਨਾ ਬੋਲਿਆ, ਕੱਲ੍ਹ ਨਾ ਬੋਲਿਆ ਇੱਦਾਂ ਜਿਵੇਂ ਰਾਤ ਬੋਲਿਆ। ਮੈਨੂੰ ਤਾਂ ਲੱਗਦੈ ਉਹਨੂੰ ਕਿਸੇ ਦੀ ਨਜ਼ਰ ਲੱਗ ਗਈ ਏ।

ਦਰਸ਼ਨ : ਨਜ਼ਰ ਲੱਗ ਗਈ ਏ! ਤੂੰ ਚੰਗੀ ਅੰਤਰਜਾਮੀ ਏਂ।

ਬੰਸੋ : ਮਾਇਆ ਦਾ ਮੁੰਡਾ ਵੀ ਇੰਜ ਈ ਕਰਦਾ ਸੀ, ਉਹਨਾਂ ਤਾਰੂ ਸਿਆਣੇ ਨੂੰ ਲਿਆਂਦਾ ਸੀ ਉਹਦਾ ਲਾਜ ਕਰਨ ਵਾਸਤੇ।

ਦਰਸ਼ਨ : ਕਿਥੇ ਪੈ ਗਈ ਏਂ ਵਹਿਮਾਂ-ਭਰਮਾਂ ਵਿਚ। ਕਾਲੇ ਦੀ ਸੇਹਤ ਕੁਝ ਖਰਾਬ ਹੋ ਸਕਦੀ ਏ। ਆਪਣੇ ਪਿੰਡ ਜਿਹੜਾ ਨਵਾਂ ਡਾਕਟਰ ਆਇਐ, ਉਹਦੇ ਕੋਲ ਕਾਲੇ ਨੂੰ ਲੈ ਚਲਦੇ ਆਂ। ਮੈਂ ਇੱਕ ਦਿਨ ਉਹਦੇ ਕੋਲ ਦਵਾਈ ਲੈਣ ਗਿਆ ਸੀ ਬੁਖਾਰ ਦੀ, ਘੜੀ ਉਹਦੇ ਕੋਲ ਬੈਠ ਗਿਆ। ਗੱਲਾਂ ਬੜੀਆਂ ਸਿਆਣੀਆਂ ਕਰਦਾ ਏ। ਹੁਣ ਤਾਂ ਮੇਰਾ ਚੰਗਾ ਵਾਕਫ ਵੀ ਹੋ ਗਿਐ।

ਬੰਸੋ : ਇਹ ਡਾਕਟਰ ਦੇ ਵੱਸ ਦਾ ਰੋਗ ਨਹੀਂ, ਡਾਕਟਰ ਤਾਂ ਮਾੜਾ ਮੋਟਾ ਤਾਪ ਈ ਲਾਹ ਸਕਦੇ ਨੇ।

ਦਰਸ਼ਨ : ਮਾੜਾ-ਮੋਟਾ ਤਾਪ ਈ ਲਾਹ ਸਕਦੇ ਨੇ! ਤੂੰ ਚੰਗੀ ਡਾਕਟਰੀ ਪਾਸ ਕੀਤੀ ਏ! ਪਿੱਛੇ ਜਿਹੇ ਦੀ ਗੱਲ ਤੈਨੂੰ ਯਾਦ ਹੋਣੀ ਏ ਜਦ ਕਾਲੇ ਦੇ ਮਾਤਾ ਨਿਕਲ ਆਈ ਸੀ, ਤੂੰ ਦੇਵੀ ਮਾਤਾ ਦੇ ਨੱਕ ਰਗੜਦੀ ਰਹੀ ਤੇ ਹਫਤੇ ਬਾਅਦ ਕਾਲਾ ਠੀਕ ਹੋਇਆ। ਹਫਤੇ ਬਾਅਦ ਬੰਦਾ ਆਪੇ ਠੀਕ ਹੋ ਜਾਂਦੇ। ਮਾਸਟਰ ਕੁੰਦਨ ਲਾਲ ਦੇ ਮੁੰਡੇ ਨੂੰ ਵੀ ਇਹੋ ਸ਼ਕੈਤ ਸੀ, ਉਹਨੇ ਡਾਕਟਰ ਕੋਲੋਂ ਇੱਕ ਨਿੱਕੀ ਜਿਹੀ ਸ਼ੀਸ਼ੀ ਦਵਾਈ ਲਈ ਤੇ ਉਹਦਾ ਮੁੰਡਾ ਦੂਜੇ ਦਿਨ ਨੌਂ ਬਰ ਨੌਂ ਹੋ ਗਿਆ।

ਬੰਸੋ : ਤੂੰ ਮੇਰੇ ਅੱਗੇ ਵਾਧੂ ਕਹਾਣੀਆਂ ਨਾ ਪਾ। ਆਹ ਵਕਤ ਬਹਿਸਾਂ ਕਰਨ ਦਾ ਨਹੀਂ। ਸਿਆਣੇ ਤਾਰੂ ਨੂੰ ਬੁਲਾਉਂਦੇ ਆਂ। ਪੁੱਛਾਂ-ਪੁੱਛਣ ਵਾਲੇ ਸਾਰੇ ਉੱਥੇ ਈ ਜਾਂਦੇ ਨੇ।

ਦਰਸ਼ਨ : ਜੇ ਇੱਕ ਵਾਰ ਇਹਨਾਂ ਵਾਧੂ ਦੇ ਚੱਕਰਾਂ 'ਚ ਜਾ ਪਏ ਤਾਂ ਫਿਰ ਨਹੀਂ ਨਿਕਲਦੇ ਬਾਹਰ। ਇੱਕ ਨੂੰ ਠੀਕ ਕਰਦੀ ਤਿੰਨਾਂ ਨੂੰ ਮੰਜੇ ਤੇ ਪਾ ਦੇਵੇਂਗੀ ਫਿਰ ਰੋਟੀ ਤੇਰੇ ਬਾਪੂ ਨੇ ਤਾਂ ਨਹੀਂ ਘੱਲ ਦੇਣੀ।

ਬੰਸੋ : ਖਬਰਦਾਰ, ਜੇ ਮੇਰੇ ਬਾਪੂ ਨੂੰ ਮੰਦਾ ਬੋਲਿਆ। ਉਹ ਤੁਹਾਨੂੰ ਕੀ ਕਹਿੰਦੈ? ਪਾਲ ਪੋਸ ਕੇ ਵੱਡੀ ਕਰਕੇ ਤੇਰੇ ਘਰ ਤੋਰ ਤੀ ਉਹਨੇ।



ਦਰਸ਼ਨ : ਸਾਰੇ ਲੋਕ ਪਾਲ ਪੋਸ ਕੇ ਵੱਡੀ ਕਰਕੇ ਈ ਤੋਰਦੇ ਨੇ। ਕੋਈ ਜੰਮਦੀ ਨੂੰ ਤਾਂ ਨਹੀਂ ਲਾਵਾਂ ਤੇ ਬਿਠਾ ਦਿੰਦੇ।

ਬੰਸੋ : ਮਸਾਲੇ ਲਾਉਣ ਨੂੰ ਚੰਗਾ ਭਲਾ ਏ ਤੂੰ! ਆਹ ਵਕਤ ਮਖੌਲਾਂ ਕਰਨ ਦਾ ਨਹੀਂ। ਤੂੰ ਨਹੀਂ ਜਾ ਸਕਦਾ ਤਾਂ ਮੈਂ ਆਪੇ ਤਾਰੂ ਨੂੰ ਬੁਲਾ ਲਿਆਉਂਦੀ ਆਂ। ਲੋਕ ਕਿੰਨੀ-ਕਿੰਨੀ ਦੂਰੋਂ ਕਰਾਏ ਭਾੜੇ ਲਾ ਕੇ ਉਹਦੇ ਕੋਲ ਆਉਂਦੇ ਨੇ ਤੇ ਆਪਾਂ ਕੋਲੋਂ ਨਹੀਂ ਬੁਲਾ ਸਕਦੇ?

ਦਰਸ਼ਨ : ਉਹਨੂੰ ਬੁਲਾਉਣ ਤੋਂ ਪਹਿਲਾਂ ਇਹ ਸੋਚ ਲੈ ਘਰ ਹੈ ਕੀ? ਘਰ ਉਹੀ ਸੌ ਰੁਪਿਆ ਪਿਐ ਜਿਹੜਾ ਕੱਲ੍ਹ ਕਾਲਾ ਰਾਮੇ ਸ਼ਾਹ ਦੇ ਸਪਰੇਅ ਕਰਕੇ ਲਿਆਇਆ ਸੀ।

ਬੰਸੋ : ਤਾਰੂ ਨੇ ਕੀ ਲੈਣੈਂ, ਉਹਦੇ ਅੱਗੇ ਦਸ ਰੁਪਏ ਰੱਖ ਦੇਣੇ ਨੇ। ਅਗਲੇ ਨੇ ਸਭ ਕੁਝ ਦੱਸ ਦੇਣੈਂ।

ਦਰਸ਼ਨ : ਤੂੰ ਜਦ ਕਦੇ ਵੀ ਆਪਣੀ ਜ਼ਿੱਦ ਕੀਤੀ, ਮੈਨੂੰ ਗਧੀਗੇੜ 'ਚ ਹੀ ਪਾ ਛੱਡਿਆ। ਦੁਨੀਆਂ ਬਦਲ ਗਈ ਪਰ ਤੇਰਾ ਜ਼ਿੱਦੀ ਸੁਭਾਅ ਨਾ ਬਦਲਿਆ। ਦਸ ਰੁਪਏ ਧਰ ਕੇ ਦੇ ਧੂਫ ਤਾਰੂ ਨੂੰ, ਫਿਰ ਵੇਖੀਂ ਭਾਣਾ ਕੀ ਵਾਪਰਦਾ ਏ।

ਬੰਸੋ : ਦਸ ਰੁਪਏ ਦਾ ਝੋਰਾ ਲੱਗ ਗਿਆ ਤੈਨੂੰ। ਲੋਕ ਆਪਣੀ ਔਲਾਦ ਤੇ ਸੈਂਕੜੇ ਰੁਪਏ ਖਰਚ ਦੇਂਦੇ ਨੇ। ਮੇਰੇ ਕੋਲੋਂ ਨਹੀਂ ਕਸ਼ਟ ਵੇਖਿਆ ਜਾਂਦਾ ਮੇਰੇ ਪੁੱਤਰ ਦਾ।

ਦਰਸ਼ਨ : ਮੇਰਾ ਆਪਣੇ ਕਾਲੇ ਨਾਲ ਕੋਈ ਘੱਟ ਮੋਹ ਨਹੀਂ। ਕੋਈ ਨੇਕ ਸਲਾਹ ਦੇਵੇ ਤਾਂ ਮੰਨ ਲਿਆ ਕਰ। ਮੈਂ ਡਾਕਟਰ ਨੂੰ ਬੁਲਾਵਾਂ?

ਬੰਸੋ : (ਕਾਹਲੀ ਪੈਂਦੀ ਹੋਈ) ਐਵੇਂ ਮੇਰਾ ਸਿਰ ਨਾ ਖਾਈ ਜਾ। ਤੇਰੇ ਨਾਲ ਗੱਲ ਕਰਨ ਦਾ ਵੀਹਾਂ ਦਾ ਘਾਟਾ। ਤੈਨੂੰ ਦੱਸਣ ਨਾਲੋਂ ਤਾਂ ਮੈਂ ਪਹਿਲਾਂ ਹੀ ਤਾਰੂ ਨੂੰ ਬੁਲਾ ਲੈਂਦੀ ਤਾਂ ਚੰਗਾ ਸੀ। ਮੈਂ ਚੱਲੀ ਆਂ, ਤੂੰ ਕਾਲੇ ਦਾ ਖ਼ਿਆਲ ਰੱਖੀਂ। (ਬੰਸੋ ਜਾਂਦੀ ਹੈ)

ਦਰਸ਼ਨ : (ਆਪਣੇ ਆਪ ਨਾਲ) ਹੁਣ ਪੜ੍ਹਿਆਂ ਲਿਖਿਆਂ ਦਾ ਵਕਤ ਆ ਗਿਐ ਪਰ ਅਜੇ ਵੀ ਕੋਈ ਘਾਟ ਨਹੀਂ ਬੁੱਝੜ ਲੋਕਾਂ ਦੀ, ਜਿਹੜੇ ਬਿਨਾਂ ਸੋਚੇ ਸਮਝੇ ਆਹ ਸਿਆਣਿਆਂ ਵੱਲ ਦੌੜ ਪੈਂਦੇ ਨੇ।

(ਬਾਵੀ ਆਉਂਦੀ ਹੈ, ਉਸਦੇ ਚਿਹਰੇ ਤੇ ਇਸ ਤਰ੍ਹਾਂ ਦੇ ਭਾਵ ਹਨ ਜਿਵੇਂ ਕੁਝ ਜਾਣਨ ਦੀ ਇੱਛਾ ਰੱਖਦੀ ਹੋਵੇ।

ਬਾਵੀ : ਵੇ ਦਰਸ਼ਨਾਂ, ਬੰਸੋ ਬੜੀ ਤੇਜ਼-ਤੇਜ਼ ਜਾ ਰਹੀ ਸੀ, ਕਿਧਰ ਗਈ ਉਹ? ਸੁੱਖ ਤਾਂ ਹੈ ਨਾ?

ਦਰਸ਼ਨ : ਆਹੋ ਭਾਬੀ, ਸੁੱਖ ਈ ਏ। ਆ ਜਾ ਬਹਿ ਜਾ ਮੰਜੇ ਤੇ।

(ਬਾਵੀ ਮੰਜੇ ਤੇ ਬੈਠ ਜਾਂਦੀ ਹੈ)

ਬਾਵੀ : ਮੈਂ ਉਹਨੂੰ ਪੁੱਛਿਆ ਕੀ ਗੱਲ ਏ, ਆਂਹਦੀ ਆ ਕੇ ਦੱਸਣੀ ਆਂ। ਕੋਈ ਲੜਾਈ

ਝਗੜਾ ਤਾਂ ਨਹੀਂ ਹੋ ਗਿਐ ਤੁਹਾਡੇ ਦੋਵਾਂ ਵਿਚ?

ਦਰਸ਼ਨ : ਲੜਾਈ-ਝਗੜਾ ਅਜੇ ਤੱਕ ਤਾਂ ਨਹੀਂ ਹੋਇਆ, ਹੁਣ ਭਾਵੇਂ ਹੋ ਜਾਏ। ਉਹ ਤਾਰੂ ਨੂੰ ਸੱਦਣ ਗਈ ਏ।

ਬਾਵੀ : (ਹੈਰਾਨ ਹੋ ਕੇ) ਤਾਰੂ ਨੂੰ? ਉਹਦੀ ਕੀ ਲੋੜ ਪੈ ਗਈ?

ਦਰਸ਼ਨ : ਰਾਤ ਕਾਲਾ ਜਰਾ ਬੁੜਾਉਂਦਾ ਰਿਹੈ। ਮੈਂ ਉਹਨੂੰ ਕਿਹਾ ਡਾਕਟਰ ਨੂੰ ਘਰ ਬੁਲਾ ਕੇ ਵਿਖਾ ਲੈਂਦੇ ਆਂ ਪਰ ਉਹਨੇ ਤਾਂ ਪੈਰਾਂ ਤੇ ਪਾਣੀ ਨਹੀਂ ਪੈਣ ਦਿੱਤਾ। ਕਹਿਣ ਲੱਗੀ ਕਾਲੇ ਨੂੰ ਨਜ਼ਰ ਲੱਗ ਗਈ ਏ। ਮੈਂ ਕਿਹਾ ਅੱਗੇ ਤਾਂ ਨਜ਼ਰ ਨਹੀਂ ਲੱਗੀ ਹੁਣ ਭਾਵੇਂ ਲੱਗ ਜਾਵੇ ਤਾਰੂ ਦੇ ਆਇਆਂ।

ਬਾਵੀ : ਉਹਨੇ ਚੰਗਾ ਕੀਤੈ ਜਿਹੜੀ ਤਾਰੂ ਵੱਲ ਚਲੀ ਗਈ। ਇੱਦਾਂ ਦੇ ਰੋਗ ਡਾਕਟਰਾਂ ਦੇ ਵੱਸ ਦੇ ਨਹੀਂ ਹੁੰਦੇ। ਡਾਕਟਰ ਤਾਂ ਐਵੇਂ ਟੀਕੇ ਲਾ-ਲਾ ਸਰੀਰ ਨੂੰ ਵਿੰਨ ਦੇਂਦੇ ਨੇ।

ਦਰਸ਼ਨ : ਭਾਬੀ, ਤੈਨੂੰ ਨਹੀਂ ਪਤਾ ਜਿਹੜਾ ਬੰਦਾ ਇੱਕ ਵਾਰ ਬਾਹਰਲੀਆਂ ਕਸਰਾਂ-ਕੁਸਰਾਂ ਨੂੰ ਮੰਨਣ ਲੱਗ ਪਏ, ਫਿਰ ਉਹ ਪੱਕਾ ਈ ਜਕੜਿਆ ਜਾਂਦੈ। ਫਿਰ ਤਾਂ ਉਹਦੇ ਤੇ ਡਾਕਟਰ ਦੀ ਦਵਾਈ ਵੀ ਕੰਮ ਨਹੀਂ ਕਰਦੀ।

ਬਾਵੀ : ਬਾਹਰ ਦੀਆਂ ਕਸਰਾਂ ਹੈਨ ਨੇ ਤਾਂ ਹੀ ਲੋਕ ਮੰਨਦੇ ਨੇ ਇਹਨਾਂ ਨੂੰ।

ਦਰਸ਼ਨ : ਜਿਹੜੇ ਮੰਨਦੇ ਨੇ, ਕਸ਼ਟ ਵੀ ਉਹੀ ਭੋਗਦੇ ਨੇ। ਜੋ ਕੁਝ ਉਹ ਦਿਨੇ ਸੱਚ-ਝੂਠ ਸੁਣਦੇ ਨੇ, ਓਹੋ ਖ਼ਿਆਲ ਰਾਤ ਨੂੰ ਸੁਫਨਿਆਂ 'ਚ ਆ ਜਾਂਦੈ ਤੇ ਬੰਦਾ ਤ੍ਰਹਿ ਕੇ ਮੰਜੇ ਤੋਂ ਹੇਠਾ ਜਾ ਪੈਂਦਾ ਏ। ਸਿਆਣੇ ਕਹਿ ਦੇਂਦੇ ਨੇ ਫਲਾਣੀ ਚੁੜੇਲ ਨੇ ਮਾਰਿਆ ਚੁੱਕ ਕੇ ਥੱਲੇ।

ਬਾਵੀ : ਕੋਈ ਐਵੇਂ ਨਹੀਂ ਸੁੱਤਾ ਪਿਆ ਜਾ ਪੈਂਦਾ ਥੱਲੇ। ਅੱਜ-ਕਲ੍ਹ ਦੁਨੀਆਂ ਸੌ ਟੂਣੇ ਟੰਬਰ ਕਰਦੀ ਫਿਰਦੀ ਏ।

ਦਰਸ਼ਨ : ਦੁਨੀਆਂ ਭਾਵੇਂ ਲੱਖ ਟੂਣੇ ਕਰੀ ਜਾਵੇ ਪਰ ਰੱਬ ਤੋਂ ਉਪਰ ਤਾਂ ਨਹੀਂ ਕੁਝ ਵੀ। ਸਿਆਣੇ ਕਹਿੰਦੇ ਨੇ ਵਹੀ ਹੋਤਾ ਹੈ ਜੋ ਮੰਜ਼ੂਰੇ ਖ਼ੁਦਾ ਹੋਤਾ ਹੈ!

ਬਾਵੀ : ਨਾ ਨਾ, ਇਹ ਟੂਣੇ ਕਰਨ ਵਾਲੇ ਤਾਂ ਰੱਬ ਤੋਂ ਵੀ ਉੱਤੇ ਹੋ ਗਏ ਨੇ। ਜਿਹੜਾ ਬੰਦਾ ਟੂਣਾ ਟੱਪ ਜਾਂਦੈ, ਉਹੋ ਬੀਮਾਰ ਹੋ ਕੇ ਮੰਜੀ ਮੱਲ ਲੈਂਦੈ।

ਦਰਸ਼ਨ : ਭਾਬੀ, ਮੈਂ ਇਹੋ ਜਿਹੇ ਕੋਈ ਪੰਜਾਹ ਟੂਣੇ ਟੱਪਿਆ ਹੋਵਾਂਗਾ, ਮੇਰੇ ਤੇ ਤਾਂ ਕੋਈ ਅਸਰ ਨਾ ਹੋਇਆ। ਆਪਣੇ ਪਿੰਡ ਦਾ ਨੌਜਵਾਨ ਡਾਕਟਰ ਏ ਨਾ, ਉਹਦੇ ਸਾਹਮਣੇ ਤਾਂ ਇਹ ਧਾਗੇ-ਤਵੀਤਾਂ ਵਾਲੇ ਸਿਆਣੇ ਐਂ ਭੱਜਦੇ ਨੇ ਜਿਵੇਂ ਸੈਂਪਲ ਭਰਨ ਵਾਲਿਆਂ ਨੂੰ ਵੇਖ ਹਲਵਾਈ ਆਪਣੀਆਂ ਦੁਕਾਨਾਂ ਖੁੱਲ੍ਹੀਆਂ ਛੱਡ ਕੇ ਤਿੱਤਰ ਹੋ ਜਾਂਦੇ ਨੇ।

ਬਾਵੀ : ਨਾ ਨਾ, ਸਿਆਣਿਆਂ ਵਾਲੇ ਕੰਮ ਡਾਕਟਰ ਨਹੀਂ ਕਰ ਸਕਦੇ। ਮੇਰਾ ਤਾਂ ਚਿੱਤ ਨਹੀਂ ਕਰਦਾ ਕਿਸੇ ਡਾਕਟਰ ਤੋਂ ਦਵਾ ਲੈਣ ਤੇ। ਡਾਕਟਰ ਲੋਕ ਪਤਾ ਨਹੀਂ ਕੀ



ਮੂੰਹ 'ਚ ਮਿਨ-ਮਿਨ ਕਰਦੇ ਰਹਿੰਦੇ ਨੇ, ਪਤਾ ਉਦੋਂ ਚਲਦੈ ਜਦ ਟੀਕਾ ਲਾ ਦੇਂਦੇ ਨੇ।

ਦਰਸ਼ਨ : ਆਪਣੇ ਪਿੰਡ ਦਾ ਡਾਕਟਰ ਦੱਸਦਾ ਸੀ ਕਿ ਹੁਣ ਤਾਂ ਸਿਰ ਦੇ ਤੇ ਪੂਰੇ ਜਿਸਮ ਦੇ ਵੱਡੇ-ਵੱਡੇ ਆਪਰੇਸ਼ਨ ਹੋਣ ਲੱਗ ਪਏ ਨੇ। ਆਪਣੇ ਪਿੰਡ ਦਾ ਬਿਸ਼ਨਾ ਮਰ ਚੱਲਿਆ ਸੀ ਪੱਥਰੀ ਦੀ ਤਕਲੀਫ ਨਾਲ। ਸ਼ਹਿਰ ਗਿਆ, ਅਪਰੇਸ਼ਨ ਕਰਵਾ ਕੇ ਝੋਟੇ ਵਰਗਾ ਹੋ ਗਿਆ। ਡਾਕਟਰਾਂ ਤਾਂ ਦੁਨੀਆਂ ਬਚਾ ਤੀ, ਪਹਿਲਾਂ ਬਹੁਤੇ ਬੰਦੇ ਭਾਦਰੋਂ ਦੇ ਚਮਾਸਿਆਂ ਵਿਚ ਈ ਗੁੱਡੀ ਚੜ੍ਹ ਜਾਂਦੇ ਸੀ ਪਰ ਹੁਣ ਕੋਈ ਖਤਰਾ ਨਹੀਂ।

ਬਾਵੀ : ਤੂੰ ਬਹਿਸਣ ਨੂੰ ਤੱਕੜਾ ਏਂ, ਆ ਵੇਲਾ ਬਹਿਸ ਕਰਨ ਦਾ ਨਹੀਂ। ਸਿਆਣੇ ਕਹਿੰਦੇ ਨੇ ਗਿਆ ਵਕਤ ਮੁੜ ਹੱਥ ਨਹੀਉਂ ਆਉਂਦਾ, ਪੁੱਤ ਤੇਰਾ ਠੀਕ ਨਹੀਂ, ਤੂੰ ਜਲਦੀ-ਜਲਦੀ ਸਿਆਣੇ ਨੂੰ ਵਿਖਾ। ਹੱਥ ਹੌਲਾ ਕਰਾ ਇਹਦਾ।

ਦਰਸ਼ਨ : ਹੱਥ ਤਾਂ ਆਪੇ ਹੌਲਾ ਹੋ ਜਾਣੈਂ ਜਦ ਸਿਆਣਿਆਂ ਨੇ ਆਪਣੀ ਫੀਸ ਸੁਣਾਈ।

ਬਾਵੀ : ਦਰਸ਼ਨਾ, ਪੈਸਾ ਤਾਂ ਹੱਥਾਂ ਦੀ ਮੈਲ ਹੁੰਦੈ, ਫਿਰ ਵੀ ਕਮਾਇਆ ਜਾ ਸਕਦੈ ਪਰ ਬੰਦਾ ਫਿਰ ਨਹੀਂ ਆ ਸਕਦਾ।

ਦਰਸ਼ਨ : ਇੱਕ ਤਾਂ ਆਪਣੀ ਜੇਬ ਖਾਲੀ ਕਰਵਾਓ ਤੇ ਦੂਜਾ ਵਹਿਮਾਂ ਦੇ ਗਧੀਗੇੜ 'ਚ ਜਾ ਪਊ, ਸਾਨੂੰ ਸਿਆਣਾ ਕੌਣ ਆਖੂ?

ਬਾਵੀ : ਵਹਿਮ ਭਰਮ ਐਵੇਂ ਨਹੀਂ ਬਣ ਗਏ, ਕੋਈ ਗੱਲ ਜ਼ਰੂਰ ਹੁੰਦੀ ਏ।

ਦਰਸ਼ਨ : ਕਿੰਨੇ ਲੋਕ ਕਹਿੰਦੇ ਨੇ ਜੇ ਬਿੱਲੀ ਤੁਹਾਡਾ ਰਾਹ ਕੱਟ ਜਾਵੇ ਤਾਂ ਸਮਝੋ ਤੁਹਾਡਾ ਬੇੜਾ ਗਰਕ ਹੋ ਗਿਐ, ਮੇਰਾ ਰਾਹ ਬਿੱਲੀ ਨੇ ਕੋਈ ਸੌ ਵਾਰ ਕੱਟਿਆ ਹੋਵੇਗਾ, ਪਰ ਮੇਰੇ ਤੇ ਕੋਈ ਅਸਰ ਨਹੀਂ ਹੋਇਆ। ਅੱਜ ਸਵੇਰੇ ਇੱਕ ਬਿੱਲੀ ਨੇ ਮੇਰਾ ਰਾਹ ਕੱਟਿਆ, ਵੇਖ ਲੈ ਮੈਂ ਤੇਰੇ ਸਾਹਮਣੇ ਬਿਲਕੁਲ ਕੈਮ ਆਂ।

ਬਾਵੀ : ਨਾ ਨਾ, ਬਿੱਲੀ ਬਹੁਤ ਮਾੜੀ ਹੁੰਦੀ ਏ, ਨਹਿਸ਼ ਹੁੰਦੀ ਏ ਨਹਿਸ਼ ਇੱਕ ਨੰਬਰ ਦੀ।

ਦਰਸ਼ਨ : ਇੱਕ ਨੰਬਰ ਦੀ ਨਹਿਸ਼ ਏ ਨਾ, ਦਸ ਨੰਬਰ ਦੀ ਤਾਂ ਨਹੀਂ। ਐਥੇ ਤਾਂ ਦਸ ਨੰਬਰੀਏ ਵੀ ਹਿੱਕ ਕੱਢ ਕੇ ਤੁਰੇ ਫਿਰਦੇ ਨੇ, ਉਹਨਾਂ ਨੂੰ ਕੋਈ ਨਹਿਸ਼ ਨਹੀਂ ਕਹਿੰਦਾ।

ਬਾਵੀ : ਤੂੰ ਬਿੱਲੀ ਨੂੰ ਮਾਰ ਗੋਲੀ, ਆਪਣੀ ਗੱਲ ਕਰ। ਤੇਰੀ ਘਰ ਵਾਲੀ ਸੱਦਣ ਗਈ ਏ ਤਾਰੂ ਨੂੰ, ਕਿਤੇ ਘਰ ਆਏ ਤਾਰੂ ਦੇ ਗਲ ਨਾ ਪੈ ਜਾਵੀਂ।
(ਬੰਸੋ ਆਉਂਦੀ ਹੈ)
ਲੈ ਬੰਸੋ ਵੀ ਆ ਗਈ। ਬੰਸੋ! ਕਿਉਂ ਮਿਲਿਐ ਤਾਰੂ?

ਬੰਸੋ : ਆਉਂਦਾ ਪਿਐ, ਰਾਹ ਵਿਚ ਕਿਸੇ ਕੋਲ ਖੜ੍ਹਾ ਹੋ ਗਿਐ। ਉਹਦੇ ਘਰ ਗਈ, ਅੱਗੇ ਦੋ ਜਣੇ ਬੈਠੇ ਸੀ। ਮੈਂ ਉਹਦਾ ਤਰਲਾ ਮਾਰਿਆ ਤੇ ਉਹ ਉਹਨਾਂ ਦੋਹਾਂ ਨੂੰ ਛੱਡ ਕੇ ਮੇਰੇ ਨਾਲ ਚੱਲ ਪਿਆ, ਭਲਾ ਹੋਏ ਵਿਚਾਰੇ ਦਾ।

ਦਰਸ਼ਨ : ਹੁਣ ਤਾਂ ਭਲਾ ਹੋਏਗਾ ਈ, ਸਾਮੀ ਜੁ ਮਿਲ ਗਈ। ਤੂੰ ਆਪਣੇ ਭਲੇ ਦੀ ਸੋਚ

ਬਾਵੀ : ਦਰਸ਼ਨਾ, ਬੰਸੋ ਨੇ ਚੰਗਾ ਕੀਤੈ। ਤੂੰ ਕੀ ਜਾਣੇਂ, ਮਾਵਾਂ ਨੂੰ ਲਾਲ ਬੜੇ ਪਿਆਰੇ ਹੁੰਦੇ ਨੇ। ਚੰਗਾ, ਮੈਂ ਚਲਦੀ ਆਂ। ਕਾਲੇ ਦਾ ਲਾਜ ਕਰੋ ਚੰਗੀ ਤਰ੍ਹਾਂ।

(ਬਾਵੀ ਜਾਂਦੀ ਹੈ)

ਬੰਸੋ : ਤਾਰੂ ਆਉਣ ਈ ਵਾਲਾ ਏ, ਉਹਦੇ ਘਰ ਆਏ ਬੋਲਣ ਨਾ ਲੱਗ ਪਈ, ਨਹੀਂ ਤਾਂ ਮੈਥੋਂ ਵੱਧ ਬੁਰਾ ਕੋਈ ਨਹੀਂ।

ਦਰਸ਼ਨ : ਕਰ ਲੈ ਮਰਜ਼ੀ, ਪਰ ਜੇ ਕੋਈ ਕਾਲੇ ਦਾ ਨੁਕਸਾਨ ਹੋਇਆ ਤਾਂ ਧੱਕੇ ਮਾਰ ਕੇ ਕੱਢਾਂਗਾ ਬਾਹਰ।

(ਤਾਰੂ ਆਉਂਦਾ ਹੈ। ਉੱਚੀ ਆਵਾਜ਼ ਵਿਚ ਬੋਲਦਾ ਹੈ - ਜੈ ਬਾਬਾ ਧੰਨੂ ਸ਼ਾਹ ਦੀ)

ਬੰਸੋ : ਆ ਵੀਰਾ (ਮੰਜੀ ਵੱਲ ਇਸ਼ਾਰਾ ਕਰਦੀ ਹੋਈ) ਐਥੇ ਬਹਿ ਜਾ, ਮੈਂ ਅੰਦਰੋਂ ਕਾਲੇ ਨੂੰ ਬਾਹਰ ਲਿਆਉਣੀ ਆਂ। (ਬੰਸੋ ਜਾਂਦੀ ਹੈ)

ਤਾਰੂ : ਬੀਬੀ, ਜਲਦੀ ਲੈ ਕੇ ਆਓ, ਅੱਜ ਮੈਨੂੰ ਬਹੁਤ ਕੰਮ ਏ।

(ਬੰਸੋ, ਕਾਲੇ ਨੂੰ ਲੈ ਕੇ ਆਉਂਦੀ ਹੈ)

(ਇਸ ਕਾਕੇ ਦੀਆਂ ਤਾਂ ਅੱਖਾਂ ਈ ਟਾਪਰੀਆਂ ਪਈਆਂ ਨੇ, ਕਿਸੇ ਮਾੜੀ ਚੀਜ਼ ਦਾ ਅਸਰ ਹੋਇਆ ਲੱਗਦੈ, ਬਾਕੀ ਹੋਰ ਕਹਾਣੀ ਕੋਈ ਨਹੀਂ।)

ਬੰਸੋ : ਮੈਂ ਤਾਂ ਸਵੇਰ ਦੀ ਵੇਖ ਵੇਖ ਡਰੀ ਜਾਂਦੀ ਰਹੀ, ਤਾਂਹੀਉ ਤੈਨੂੰ ਖੇਚਲ ਦਿੱਤੀ ਏ ਵੀਰਾ।

ਤਾਰੂ : ਹੁਣ ਡਰਨ ਵਾਲੀ ਕਹਾਣੀ ਕੋਈ ਨਹੀਂ, ਅਸੀਂ ਆ ਗਏ ਹਾਂ।

ਜੈ ਬਾਬਾ ਧੰਨੂ ਸ਼ਾਹ ਦੀ

(ਤਾਰੂ ਦਾਤਰੀ ਨਾਲ ਕਾਲੇ ਦੇ ਦੁਆਲੇ ਚੱਕਰ ਖਿੱਚਦਾ ਹੈ)

ਜਿਸ ਕਾਕੇ ਨੂੰ ਪਾਇਆ ਕਸ਼ਟ, ਮਾਰ ਫੂਕ ਕਰਦਾਂ ਨਸ਼ਟ<br>
ਚਾਹੇ ਭੂਤ ਚਾਹੇ ਡੈਣ, ਮੇਰੇ ਸ਼ਿਲੇ ਤੈਨੂੰ ਕਹਿਣ<br>
ਆ ਭੈਰੋਂ ਕਰ ਜ਼ੋਰ ਅਜਮਾਈ, ਜਿਹਨੇ ਕੀਤੀ ਪੁੱਠੀ ਭਵਾਈਂ।<br>
ਭੋਲਾ ਕਾਕਾ ਬੜਾ ਬਿਮਾਰ, ਇਹਦੇ ਸਿਰ ਤੇ ਹੋ ਸਵਾਰ।<br>
ਉਹਨੂੰ ਫੜ ਪੁੱਠਾ ਕਰ, ਜਿਹਨੇ ਇਸਤੇ ਪਾਇਆ ਭਾਰ।

(ਬੰਸੋ ਨੂੰ) ਵੇਖ ਬੀਬੀ! ਸਾਡੀ ਨਿਗ੍ਹਾ 'ਚ ਸਭ ਕੁਝ ਆ ਗਿਐ। ਆਹ ਸਭ ਟੂਣੇ ਦਾ ਅਸਰ ਏ, ਤੇਰਾ ਮੁੰਡਾ ਕਿਸੇ ਦਾ ਕੀਤਾ ਟੂਣਾ ਟੱਪ ਗਿਆ ਏ।

ਬੰਸੋ : (ਡਰ ਕੇ) ਟੂਣਾ!

ਤਾਰੂ : ਹਾਂ ਬੀਬੀ ਤੇਰੇ ਬਾਲ ਨੂੰ ਤਕੜਾ ਹੱਥ ਪਾਇਐ। ਕਹਾਣੀ ਉਲਟੀ ਕਰਤੀ ਸਾਰੀ।

ਬੰਸੋ : ਕਿਹਨੇ?

ਤਾਰੂ : ਐਸ ਮੁਹੱਲੇ ਵਿਚੋਂ ਈ ਕਿਸੇ ਨੇ, ਹੋਰ ਕਿਹਨੇ ਹੱਥ ਪਾਉਣੈਂ।



ਬੰਸੋ : (ਜ਼ੋਰਦਾਰ ਆਵਾਜ਼ ਵਿਚ) ਕਿਹਨੇ ਕਾਲੇ ਮੂੰਹ ਵਾਲੀ ਨੇ ਮੇਰੇ ਕਾਲੇ ਨੂੰ ਹੱਥ ਪਾਇਐ। ਨੀਂ ਤੇਰਾ ਸਿਵਾ ਨਾ ਬਲੇ ਤੇਰਾ ਭਰਾਵਾਂ ਪਿੱਟੀਏ, ਤੇਰੇ ਟੁੱਟ ਜਾਣ ਨੈਣ ਪ੍ਰਾਣ, ਨੀ ਤੈਨੂੰ ਚੜ੍ਹੇ ਬੁਖਾਰ ਡੇਂਗੂ ਐਸਾ ਕਿ ਬਿਸਤਰੇ ਤੇ ਪਈ ਪਈ ਗੱਡੀ ਚੜ੍ਹ ਜਾਏਂ।

ਦਰਸ਼ਨ : (ਪ੍ਰੇਸ਼ਾਨੀ ਦੀ ਹਾਲਤ ਵਿਚ ਬੰਸੋ ਦੇ ਮੂੰਹ ਅੱਗੇ ਹੱਥ ਕਰਦਾ ਹੋਇਆ) ਚੁੱਪ ਕਰ ਜਾ। ਲੋਕਾਂ ਨੂੰ ਬੁਖਾਰ ਚਾੜ੍ਹਦੀ ਚਾੜ੍ਹਦੀ ਕਿਤੇ ਆਪਣੇ ਆਪ ਨੂੰ ਨਾ ਬੁਖਾਰ ਚੜ੍ਹਾ ਬੈਠੀਂ, ਅੱਗੇ ਮੇਰੇ ਨਾਲ ਲੜਦੀ ਰਹਿਣੀ ਏਂ ਤੇ ਹੁਣ ਲੱਗੀ ਏਂ ਗੁਆਂਢੀਆਂ ਨਾਲ ਦੋ ਹੱਥ ਕਰਨ।

ਬੰਸੋ : ਨਾ ਮੈਂ ਆਪਣਾ ਗੁੱਸਾ ਕੱਢਾਂ ਨਾ? ਤੂੰ ਅੰਦਰ ਜਾ ਕੇ ਲੁੱਕ ਜਾ।

ਦਰਸ਼ਨ : ਜੇ ਕਿਸੇ ਨੂੰ ਜ਼ਰੂਰ ਈ ਗਾਹਲ ਕੱਢਣੀ ਏ ਤਾਂ ਮੂੰਹ 'ਚ ਕੱਢ ਲੈ। ਤੇਰੇ ਸ਼ਲੋਕ ਸੁਣ ਕੇ ਕੋਈ ਡਾਂਗ ਚੁੱਕ ਕੇ ਈ ਨਾ ਦੌੜਾ ਆਏ, ਐਵੇਂ ਕਿਤੇ ਮੇਰੇ ਹੱਡ ਨਾ ਤੱਤੇ ਕਰਵਾ ਦੇਵੀਂ।

ਤਾਰੂ : ਹਾਂ ਬੀਬੀ, ਬਾਹਲਾ ਉੱਚਾ ਨਹੀਂ ਬੋਲੀਦਾ। ਜਿਹਨੇ ਇਹ ਸਾਰਾ ਕਾਰਾ ਕੀਤੈ ਜੇ ਉਹਨਾਂ ਨੂੰ ਪਤਾ ਚਲ ਗਿਆ ਕਿ ਮੈਂ ਐਥੇ ਬੈਠਾਂ ਵਾਂ ਤਾਂ ਉਹਨਾਂ ਕਿਸੇ ਹੋਰ ਸਿਆਣੇ ਤੋਂ ਤਕੜਾ ਟੂਣਾ ਕਰਵਾ ਲੈਣਾ ਏ, ਫਿਰ ਕਹਾਣੀ ਵਿਗੜ ਜਾਣੀ ਏ ਸਾਰੀ।

ਬੰਸੋ : ਤੁਹਾਡੇ ਕਹਿਣ ਤੇ ਮੈਂ ਗੁੱਸਾ ਪੀ ਲੈਂਦੀ ਆਂ ਪਰ ਮੇਰੇ ਕਾਲੇ ਨੂੰ ਠੀਕ ਕਰ ਦਿਓ।

ਤਾਰੂ : ਬੀਬੀ, ਮੈਂ ਫਾਂਡਾ ਕਰ ਦਿੱਤੈ, ਇਹਦੇ ਗਲ 'ਚ ਤਵੀਤ ਪਾਉਣਾ ਪੈਣਾ ਏ। ਜਲਦੀ ਜਲਦੀ ਇੱਕ ਸੌ ਇੱਕ ਰੁਪਏ ਲੈ ਕੇ ਆ ਰੱਬ ਦਾ ਨਾਂ ਲੈ ਕੇ।

ਬੰਸੋ : (ਹੈਰਾਨ ਹੋ ਕੇ) ਇੱਕ ਸੌ ਇੱਕ ਰੁਪਏ?

ਤਾਰੂ : ਹਾਂ, ਟੂਣਾ ਬੜਾ ਭਾਰੀ ਕੀਤਾ ਏ, ਇੱਦਾਂ ਦੇ ਟੂਣਿਆਂ ਦਾ ਲਾਜ ਕਰਨ ਤੇ ਤਾਂ ਪੰਜ-ਪੰਜ ਸੌ ਰੁਪਏ ਭੀ ਥੋੜ੍ਹੇ ਨੇ, ਭਾਰ ਤਾਂ ਸਾਰਾ ਮੇਰੇ ਤੇ ਈ ਪੈਣੈਂ। ਟੂਣਾ ਕਾਹਦਾ ਕੀਤੈ ਕਿ ਮੁੰਡੇ ਦੀ ਜਾਨ ਨੂੰ ਹੱਥ ਪਾਇਐ ਕਿਸੇ ਕੁਲੈਹਣੀ ਨਜ਼ਰ ਵਾਲੇ ਨੇ।

(ਕਾਲਾ ਸੁਣ ਕੇ ਘਬਰਾ ਜਾਂਦਾ ਹੈ।)

ਬੰਸੋ : (ਕਾਲੇ ਨੂੰ ਹੌਸਲਾ ਦਿੰਦੀ ਹੋਈ) ਨਾ ਰੋ ਮੇਰੇ ਲਾਲ, ਕੁਝ ਨਹੀਂ ਹੁੰਦਾ। ਤਵੀਤ ਗਲ 'ਚ ਪਾਇਆਂ ਰਮਾਣ ਆ ਜਾਣੈਂ। (ਨਿੱਕੇ ਜਿਹੇ ਬਟੂਏ ਵਿਚੋਂ ਇੱਕ ਸੌ ਇੱਕ ਰੁਪਏ ਤਾਰੂ ਨੂੰ ਫੜਾਉਂਦੀ ਹੈ) ਆਹ ਲੈ ਵੀਰਾ, ਮੇਰਾ ਲਾਲ ਠੀਕ ਹੋ ਜਾਏਗਾ ਨਾ?

ਤਾਰੂ : ਮੈਂ ਆਪਣੀ ਪੂਰੀ ਵਾਹ ਲਾ ਲਈ ਏ, ਜੇ ਫਿਰ ਵੀ ਕੋਈ ਮੁਸ਼ਕਲ ਹੋਈ ਤਾਂ ਮੈਂ ਚੇਲੇ ਨੂੰ ਲੈ ਕੇ ਆਵਾਂਗਾ ਸ਼ਾਮਾਂ ਨੂੰ। ਚੰਗਾ, ਰੱਬ ਰਾਖਾ!

(ਤਾਰੂ ਜਾਂਦਾ ਹੈ)

ਦਰਸ਼ਨ : (ਵਿਅੰਗ ਨਾਲ) ਕਹਿੰਦਾ ਸੀ ਸ਼ਾਮਾਂ ਨੂੰ ਗੇੜਾ ਮਾਰਾਂਗਾ! ਸਾਡੀ ਜੇਬ ਨੂੰ ਈ ਗੇੜਾ ਦੇਵੇਂਗਾ, ਹੋਰ ਕੀ ਕਰਨੈਂ? ਮੈਂ ਤਾਂ ਤੇਰੇ ਕਹਿਣ ਤੇ ਚੁੱਪ ਰਿਹਾਂ ਕਿ ਘਰ ਕਲੇਸ਼ ਕੀ ਪਾਉਣੈਂ, ਨਹੀਂ ਤਾਂ ਤਾਰੂ ਦੀ ਕੀ ਮਜ਼ਾਲ ਸੀ ਇੱਕ ਰੁਪਈਆ ਵੀ ਲੈ ਜਾਂਦਾ।

ਬੰਸੋ : ਤੈਨੂੰ ਤਾਂ ਹਰ ਵੇਲੇ ਇੱਕੋਂ ਗੱਲ ਰਹਿੰਦੀ ਏ ਪੈਸਾ, ਪੈਸਾ, ਪੈਸਾ। ਮੁੰਡੇ ਦੀ ਜਾਨ ਦੀ ਰਤਾ ਪਰਵਾਹ ਨਹੀਂ ਤੈਨੂੰ, ਇਹਦੀ ਹਾਲਤ ਵੇਖ ਵੇਖ ਮੈਨੂੰ ਡੋਬੂ ਪੈਂਦੇ ਨੇ।
(ਬੰਸੋ ਦੀ ਗੱਲ ਸੁਣ ਕੇ ਕਾਲਾ ਰੋਣ ਲੱਗ ਪੈਂਦਾ ਹੈ)

ਦਰਸ਼ਨ : ਪੁੱਤਰ ਕੀ ਹੋ ਗਿਐ?

ਕਾਲਾ : ਮੇਰਾ ਮਨ ਘਾਬਰੀ ਜਾਂਦੈ।

ਦਰਸ਼ਨ : ਕੀ ਹੋ ਰਿਹੈ ਤੇਰੇ ਮਨ ਨੂੰ? ਤੂੰ ਠੀਕ ਤੇ ਹੈਂ ਨਾ?

ਕਾਲਾ : ਬਾਪੂ ਚੱਕਰ ਆਈ ਜਾਂਦੇ ਨੇ।

ਦਰਸ਼ਨ : (ਹੌਂਸਲਾ ਦਿੰਦਾ ਹੋਇਆ) ਕੋਈ ਨਾ ਮੇਰਾ ਸ਼ੇਰ ਪੁੱਤਰ! ਚੱਕਰ ਹੁਣੇ ਹਟ ਜਾਣਗੇ, ਤੂੰ ਹੌਂਸਲਾ ਰੱਖ ਮੇਰਾ ਪੁੱਤ।

ਬੰਸੋ : ਮੇਰੇ ਪੁੱਤਰ ਨੂੰ ਚੱਕਰ ਆਉਂਦੇ ਪਏ ਨੇ। ਕਿਸ ਕਮਜਾਤ ਨੇ ਚੱਕਰ ਚਲਾਇਐ? ਕਿਹੜੀ ਏਂ ਤੂੰ ਬੁਰੀ ਨਜ਼ਰ ਵਾਲੀ ਤੇਰਾ ਮੂੰਹ ਕਾਲਾ। ਮੇਰਾ ਇੱਕੋ ਇੱਕ ਪੁੱਤਰ ਏ, ਤੂੰ ਇਹਨੂੰ ਈ ਹੱਥ ਪਾਉਣਾ ਸੀ, ਤੇਰੇ ਸਿਰ 'ਚ ਪਏ ਸਵਾਹ ਕਾਰਾ ਕਰਨ ਵਾਲੀਏ!

ਦਰਸ਼ਨ : ਰੱਬ ਦੇ ਵਾਸਤੇ ਜ਼ੁਬਾਨ ਨੂੰ ਜਰਾ ਲਗਾਮ ਦੇ। ਵਾਰ ਵਾਰ ਬੋਲੀ ਜਾਣੀ ਏਂ ਕਾਲੇ ਮੂੰਹ ਵਾਲੀਏ। ਜੇ ਬਖਸ਼ੀ ਰਾਮ ਦੀ ਘਰ ਵਾਲੀ ਬੰਤੀ ਨੇ ਸੁਣ ਲਿਆ ਤਾਂ ਉਹਨੇ ਸਮਝ ਲੈਣੇ ਗਾਹਲਾਂ ਮੈਨੂੰ ਈ ਕੱਢਦੀ ਪਈ ਏ, ਉਹਨੇ ਚੜ੍ਹ ਜਾਣੈ ਰਾਸ਼ਨ ਪਾਣੀ ਲੈ ਕੇ। ਤੇਰੇ ਵਾਂਗ ਉਹ ਵੀ ਲੜ੍ਹਨ ਦਾ ਬਹਾਨਾ ਈ ਭਾਲਦੀ ਏ, ਚੌਥੇ ਦਿਨ ਕਿਤੇ ਨਾ ਕਿਤੇ ਛਿੱਤਰ ਖਾ ਬੈਠਦੀ ਏ ਪਰ ਮਜ਼ਾਲ ਏ ਕਿਤੇ ਲੜਾਈ ਤੋਂ ਟਲਦੀ ਹੋਵੇ। ਤੂੰ ਰੌਲਾ ਪਾ ਕੇ ਉਹਨੂੰ ਸੱਦਾ ਨਾ ਦੇ।

ਬੰਸੋ : ਜੇ ਉਹਨੇ ਟੂਣਾ ਕੀਤਾ ਹੋਵੇਗਾ ਤਾਂ ਹੀ ਆਏਗੀ ਨਾ? ਜੇ ਉਹ ਆ ਗਈ ਮੈਂ ਤਾਂ ਮਾਰ ਕੇ ਇੱਟ ਚਿੱਤ ਕਰ ਦਿਆਂਗੀ।

ਦਰਸ਼ਨ : ਤਾਰੂ ਕਹਿੰਦਾ ਸੀ ਟੂਣੇ ਉਪਰੋਂ ਕਾਲਾ ਟੱਪਿਆ ਏ ਪਰ ਟੂਣੇ ਦਾ ਅਸਰ ਤੇਰੇ ਦਿਮਾਗ ਨੂੰ ਹੋ ਗਿਐ ਜਾਪਦੈ!

ਬੰਸੋ : ਮੇਰੇ ਪੁੱਤਰ ਨੂੰ ਕੁਝ ਨਾ ਹੋਵੇ, ਉਹਦਾ ਦੁੱਖ ਮੈਨੂੰ ਲੱਗ ਜਾਵੇ। ਮੈਨੂੰ ਪਤਾ ਲੱਗ ਜਾਏ ਸਹੀ ਟੂਣਾ ਕਰਨ ਵਾਲੀ ਦਾ, ਫਿਰ ਵੇਖਣਾ ਮੈਂ ਉਹਨੂੰ ਕਿਵੇਂ ਭੁਆਂਟਣੀਆਂ ਦੇਂਦੀ ਆਂ।

ਦਰਸ਼ਨ : ਘੜੀ ਚੁੱਪ ਦਾ ਦਾਨ ਬਖਸ਼। ਜੇ ਕਿਸੇ ਟੂਣਾ ਕੀਤਾ ਹੋਵੇਗਾ ਤਾਂ ਤੂੰ ਲਾਜ ਕਰਾ ਈਂ ਰਹੀ ਏ ਸਿਆਣਿਆਂ ਤੋਂ। ਐਧਰ ਕਾਲੇ ਦੀ ਹਾਲਤ ਮੰਦੀ ਹੋਈ ਏ, ਅਜੇ ਵੀ



ਵੇਲਾ ਏ ਪਿੰਡ ਦੇ ਡਾਕਟਰ ਤੋਂ ਦਵਾ ਦਾਰੂ ਕਰਵਾ ਲਈਏ।

ਬੰਸੋ : ਟੂਣੇ ਤੇ ਦਵਾਈ ਕੰਮ ਨਹੀਂ ਕਰਦੀ।

ਦਰਸ਼ਨ : ਫਿਰ ਕਰੀ ਜਾ ਪਰਕਰਮਾ ਤਾਰੂ ਦੀ। ਨਾਂ ਦਾ ਤਾਰੂ ਏ ਪਰ ਦੇਵੇਗਾ ਐਸੇ ਡੋਬੇ ਕਿ ਮੁੜ ਕੇ ਹੋਸ਼ ਨਹੀਂ ਆਉਣੀ।

ਬੰਸੋ : ਮੈਨੂੰ ਤਾਂ ਜਾਪਦੈ ਇਹ ਕਾਰਾ ਕੀਤਾ ਈ ਬੰਤੀ ਨੇ, ਮੇਰੇ ਪੇਕੇ ਪਿੰਡ ਦੀ ਏ। ਕੁਲੈਹਣੀ ਪਤਾ ਨਹੀਂ ਕਿੱਥੇ ਕਿੱਥੇ ਟੱਕਰਾਂ ਮਾਰਦੀ ਫਿਰਦੀ ਏ, ਕਾਲੇ ਮੂੰਹ ਵਾਲੀ।
(ਬੰਤੀ ਆਉਂਦੀ ਹੈ ਉਸਦਾ ਚਿਹਰਾ ਲੋਹਾ-ਲਾਖਾ ਹੋਇਆ ਹੈ)

ਬੰਤੀ : ਨੀ ਮੈਨੂੰ ਕਾਲੇ ਮੂੰਹ ਵਾਲੀ ਕਹਿਣੀ ਏਂ ਭਰਾਵਾਂ ਪਿੱਟੀਏ! ਤੂੰ ਆਪ ਚੰਗੀ ਮੇਮ ਏਂ, ਕਦੇ ਮੂੰਹ ਵੇਖਿਐ ਸ਼ੀਸ਼ੇ ਵਿੱਚ।

ਬੰਸੋ : ਆ ਈ ਗਈ ਏ ਨਾ ਕਮਜਾਤੇ। ਮੈਨੂੰ ਤਾਂ ਪਹਿਲਾਂ ਹੀ ਤੇਰੇ ਤੇ ਸ਼ੱਕ ਸੀ ਕਿ ਮੁੰਡੇ ਨੂੰ ਬੰਤੀ ਨੇ ਮੰਜੇ ਤੇ ਪਾ ਦਿੱਤਾ ਟੂਣਾ ਕਰਕੇ। ਮੇਰਾ ਸ਼ੱਕ ਸੱਚਾ ਨਿਕਲਿਆ।

ਬੰਤੀ : ਬਕਵਾਸ ਨਾ ਕਰ, ਮੈਂ ਕੋਈ ਟੂਣਾ ਟਾਣਾ ਨਹੀਂ ਕੀਤਾ, ਮੇਰਾ ਝੂਠ ਈ ਨਾਂ ਬਦਨਾਮ ਕੀਤਾ ਤਾਂ ਬੁਰੀ ਕਰਾਂਗੀ। ਮੇਰਾ ਨਾਂ ਬੰਤੀ ਏ ਬੰਤੀ, ਹੋਸ਼ ਨਾਲ ਬੋਲੀਂ।

ਬੰਸੋ : ਮੈਂ ਤਾਂ ਸਾਰੇ ਮੁਹੱਲੇ ਨੂੰ ਉੱਚੀ ਉੱਚੀ ਸੁਣਾਵਾਂਗੀ ਮੇਰੇ ਮੁੰਡੇ ਤੇ ਬੰਤੀ ਨੇ ਕਾਰਾ ਕੀਤੈ, ਮੈਂ ਕੱਲੇ ਕੱਲੇ ਨੂੰ ਦੱਸਾਂਗੀ। ਤੈਨੂੰ ਐਸਾ ਭੰਡਾਂਗੀ ਕਿ ਕੋਈ ਤੈਨੂੰ ਆਪਣੇ ਘਰ ਨਾ ਵੜ੍ਹਨ ਦੇਵੇਗਾ, ਫਿਰ ਮੈਂ ਵੇਖਾਂਗੀ ਤੂੰ ਕੀ ਕਰਦੀ ਏਂ?

ਬੰਤੀ : (ਬੜੇ ਗੁਸਿ ਵਿਚ) ਮੇਰੇ ਵਾਸਤੇ ਆਹ ਚੰਦਰੀ ਜ਼ੁਬਾਨ ਬੰਦ ਕਰ ਲੈ, ਨਹੀਂ ਤਾਂ ਜ਼ੁਬਾਨ ਖਿੱਚ ਲਵਾਂਗੀ।

ਬੰਸੋ : ਤੇਰੀ ਜ਼ੁਬਾਨ ਤਾਂ ਮੈਂ ਖਿੱਚਾਂਗੀ ਨੀਚੇ!

ਬੰਤੀ : ਨੀਚ ਹੋਵੇਗੀ ਤੂੰ, ਤੇਰੀ ਮਾਂ, ਤੇਰਾ ਪਿਉ।

ਬੰਸੋ : ਨੀ ਤੂੰ ਮੇਰੇ ਪੇਕਿਆਂ ਨੂੰ ਜਾ ਪਈ ਏਂ, ਤੇਰੇ ਪੇਕਿਆਂ ਨੂੰ ਜਾਣਦੀ ਨਹੀਂ ਮੈਂ, ਥਾਂ-ਥਾਂ ਤੋਂ ਛਿੱਤਰ ਖਾਂਦੇ ਫਿਰਦੇ ਨੇ। ਪਿੰਡ ਵਿਚ ਕਿਹੜਾ ਬੰਦਾ ਏ ਜਿਹਦੇ ਤੋਂ ਉਹਨਾਂ ਲਾਹ ਪਾਹ ਨਹੀਂ ਕਰਾਈ?

ਬੰਤੀ : ਤੇਰਿਆਂ ਦੇ ਕਿਹੜੇ ਝੰਡੇ ਝੂਲਦੇ ਪਏ ਨੇ। ਨੀਂ ਯਾਦ ਕਰ ਉਹ ਟੈਮ ਜਦ ਤੇਰੇ ਪਿਉ ਨੂੰ ਪਿੰਡ ਵਾਲਿਆਂ ਕੁੱਕੜ ਚੋਰੀ ਕਰਦਾ ਫੜ੍ਹ ਲਿਆ ਸੀ, ਜੁੱਤੀਆਂ ਮਾਰ ਮਾਰ ਉਹਦਾ ਸਿਰ ਗੰਜਾ ਕਰ ਦਿੱਤਾ ਸੀ ਤੇ ਫਿਰ ਭਰੀ ਪੰਚਾਇਤ ਵਿਚ ਉਹਨੂੰ ਜੁਰਮਾਨਾ ਕੀਤਾ ਗਿਆ ਸੀ। ਭਰਿਆ ਨਹੀਂ ਸੀ ਪੰਜ ਸੌ ਰੁਪਈਆ?

ਬੰਸੋ : ਨੀ ਤੇਰੇ ਪਿਉ ਦੀ ਚੰਗੀ ਗੁੱਡੀ ਚੜ੍ਹੀ ਪਈ ਏ! ਉਹ ਭੁੱਲ ਗਈ ਟੈਮ ਜਦ ਤੇਰੇ ਪਿਉ ਨੇ ਪਿੰਡ ਦੀ ਜ਼ਨਾਨੀ ਨੂੰ ਮੰਦਾ ਬੋਲਿਆ ਸੀ ਤਾਂ ਜ਼ਨਾਨੀ ਵਾਲਿਆਂ ਤੇਰੇ ਪਿਉ ਦੀ ਇੱਕ ਮੁੱਛ ਵੱਢ ਦਿੱਤੀ ਸੀ। ਤੇਰਾ ਪਿਉ ਇੱਕ ਮੁੱਛ ਲਈ ਸ਼ਰਮ ਦੇ ਮਾਰੇ ਦੋ ਮਹੀਨੇ ਪਿੰਡੋਂ ਬਾਹਰ ਈ ਰਿਹਾ ਸੀ।
(ਬੰਤੀ ਦੇ ਸਬਰ ਦਾ ਪਿਆਲਾ ਖਤਮ ਹੋ ਜਾਂਦਾ ਹੈ ਤੇ ਉਹ ਸਾਹੋ-ਸਾਹੀ ਹੋਈ

ਭੁੱਖੀ ਸ਼ੇਰਨੀ ਵਾਂਗ ਬੰਸੋ ਵੱਲ ਵੇਖਦੀ ਹੈ।)

ਦਰਸ਼ਨ : ਤੁਹਾਨੂੰ ਦੋਵਾਂ ਨੂੰ ਸ਼ਾਬਾਸ਼ ਮਿਲਣੀ ਚਾਹੀਦੀ ਏ। ਚੰਗਾ ਨਾਂ ਰੌਸ਼ਨ ਕਰ ਰਹੀਓ ਆਪੋ ਆਪਣੇ ਬੁੜ੍ਹਿਆਂ ਦਾ। (ਬੰਸੋ ਨੂੰ) ਕਸੂਰ ਸਾਰਾ ਤੇਰਾ ਏ, ਘਰ ਆਈ ਦੇ ਗਲ ਪੈ ਗਈ। (ਬੰਤੀ ਨੂੰ) ਭੈਣ ਜੀ, ਤੁਸੀਂ ਜਾਓ ਜਦ ਮੈਂ ਤੁਹਾਨੂੰ ਕੁਝ ਨਹੀਂ ਬੋਲਿਆ ਤਾਂ ਤੁਹਾਨੂੰ ਐਥੇ ਲੜਨ ਦੀ ਕੀ ਲੋੜ ਏ?

ਬੰਤੀ : ਤੁਸੀਂ ਨਹੀਂ ਕੁਝ ਬੋਲਿਆ, ਇਹਨੇ ਤਾਂ ਸਾਰੀ ਕਸਰ ਕੱਢ ਈ ਲਈ ਏ। ਮੈਨੂੰ ਪਤੈ ਜੋ ਮੇਰੇ ਮਨ ਤੇ ਬੀਤ ਰਹੀ ਏ।

ਦਰਸ਼ਨ : ਜਦ ਮੈਂ ਕਹਿ ਰਿਹਾਂ ਤੁਸੀਂ ਕੋਈ ਟੂਣਾ ਨਹੀਂ ਕੀਤਾ ਤਾਂ ਫਿਰ ਗੱਲ ਕਾਹਦੀ? ਜੋ ਕੁਝ ਇਹਨੇ ਬੋਲਿਐ ਤੁਹਾਨੂੰ, ਉਹਦੇ ਬਦਲੇ ਮੈਂ ਮਾਫੀ ਮੰਗ ਲੈਣਾਂ ਤੁਹਾਡੇ ਕੋਲੋਂ।

ਬੰਸੋ : (ਵਿਅੰਗ ਨਾਲ) ਮੰਗ ਮੰਗ ਮਾਫੀ, ਬੜਾ ਸੋਹਣਾ ਜੱਚਦਾ ਏਂ ਮਾਫੀ ਮੰਗਦਾ! ਘਰ ਤਾਂ ਬੜਾ ਸ਼ੇਰ ਬਣਿਆ ਹੁੰਦੈ, ਇਹਦੇ ਸਾਹਮਣੇ ਮੇਮਨਾ ਬਣ ਗਿਐਂ।

ਦਰਸ਼ਨ : (ਬੰਤੀ ਨੂੰ) ਭੈਣ ਜੀ, ਤੁਸੀਂ ਜਾਓ ਆਪਣੇ ਘਰ। ਇਹਨੂੰ ਮੈਂ ਆਪੇ ਚੁੱਪ ਕਰਾ ਲਵਾਂਗਾ।

ਬੰਤੀ : (ਜਾਂਦੀ ਹੋਈ) ਹੁਣ ਬੋਲੇ ਹਾਂ, ਮੈਂ ਪਰਲੋ ਲਿਆ ਦਿਆਂਗੀ ਪਰਲੋ।

ਦਰਸ਼ਨ : ਪਰਲੋ ਆਉਣ 'ਚ ਕੋਈ ਕਸਰ ਰਹਿ ਗਈ ਏ? (ਬੰਸੋ ਨੂੰ) ਤੂੰ ਕਿੱਥੇ ਛੇੜ ਬੈਠੀ ਏਂ ਭੂੰਡਾਂ ਦੇ ਛੱਤੇ ਨੂੰ। ਰੱਬ ਕਿਸੇ ਭਲੇਮਾਣਸ ਨੂੰ ਜ਼ਨਾਨੀਆਂ ਦੀ ਲੜਾਈ ਨਾ ਵਿਖਾਏ (ਤਾਰੂ ਆਉਂਦਾ ਹੈ।)

ਤਾਰੂ : ਦਰਸ਼ਨ ਸਿਹਾਂ, ਬੜਾ ਰੌਲਾ ਜਿਹਾ ਪੈਂਦਾ ਪਿਆ ਸੀ ਤੇਰੇ ਘਰ, ਕੀ ਗੱਲ ਹੋ ਗਈ?

ਦਰਸ਼ਨ : ਜ਼ਨਾਨੀਆਂ ਦਾ ਭੇੜ ਚਲਦਾ ਪਿਆ ਸੀ, ਦੋਵੇਂ ਠੰਡੀਆਂ ਹੋ ਗਈਆਂ ਨੇ।

ਬੰਸੋ : ਟੂਣਾ ਕੀਤਾ ਈ ਕਾਲੇ ਮੂੰਹ ਵਾਲੀ ਬੰਤੀ ਨੇ। ਮੈਂ ਟੂਣਾ ਕਰਨ ਵਾਲੇ ਨੂੰ ਮਾੜੀ ਜਿਹੀ ਗਾਹਲ ਕੱਢੀ ਤੇ ਬੰਤੀ ਦੌੜੀ ਆਈ ਭੂਚਣ ਕਿਸੇ ਥਾਂ ਦੀ।

ਤਾਰੂ : ਤੂੰ ਉਹਦਾ ਨਾਂ ਕਿਉਂ ਲਿਆ? ਗੱਲ ਆਪਣੇ ਮਨ 'ਚ ਰੱਖਣੀ ਚਾਹੀਦੀ ਏ। ਤੁਹਾਨੂੰ ਤਾਂ ਰਮਾਣ ਚਾਹੀਦੈ, ਤੁਹਾਡੀ ਕਿਸਮਤ ਚੰਗੀ ਏ, ਬੜੇ ਪਹੁੰਚੇ ਹੋਏ ਚੇਲੇ ਨੂੰ ਲੈ ਕੇ ਆਇਆਂ। ਹੁਣ ਬਣੇਗੀ ਕਹਾਣੀ।

ਦਰਸ਼ਨ : ਚੇਲੇ ਨੂੰ? ਕਿਹੜੇ ਚੇਲੇ ਨੂੰ?

ਤਾਰੂ : ਬਿੰਦਪੁਰ ਵਾਲੇ ਚੇਲੇ ਨੂੰ। ਉਹਨਾਂ ਕੋਲ ਤਾਂ ਜਰਾ ਵਿਹਲ ਨਹੀਂ ਹੁੰਦੀ। ਕੋਈ ਨਾ ਕੋਈ ਦੁਖੀਆ ਉਹਨਾਂ ਦੇ ਦਵਾਰੇ ਤੇ ਫਰਿਆਦੀ ਹੋਇਆ ਰਹਿੰਦੈ ਤੇ ਆਪਣੀ ਕਹਾਣੀ ਦੱਸਦਾ ਹੁੰਦੈ।

ਦਰਸ਼ਨ : ਤੁਹਾਡੇ ਫਾਂਡੇ ਨਾਲ ਤਾਂ ਦੋ ਪੈਸੇ ਦਾ ਵੀ ਫਰਕ ਨਹੀਂ ਪਿਆ?

ਤਾਰੂ : ਮੁੰਡੇ ਨੂੰ ਹੱਥ ਬਾਹਲਾ ਈ ਸਖ਼ਤ ਪਾਇਐ, ਇਸੇ ਕਰਕੇ ਮੈਂ ਤੁਹਾਡੀ ਖ਼ਾਤਿਰ ਚੇਲੇ ਦਾ ਤਰਲਾ ਮਾਰਿਆ। ਉਹ ਗਲੀ 'ਚ ਆ ਰਹੇ ਨੇ। ਜੇ ਕਹਿੰਦੇ ਹੋ ਤਾਂ ਮੈਂ ਉਹਨਾਂ



ਨੂੰ ਪਿਛਾਂਹ ਮੋੜ ਦੇਨਾਂ, ਬਾਕੀ ਕਹਾਣੀ ਕੋਈ ਨਹੀਂ।

ਬੰਸੋ : ਨਾ ਨਾ ਵੀਰਾ, ਉਹਨਾਂ ਨੂੰ ਵਾਪਸ ਨਾ ਮੋੜੀਂ, ਜੀ ਆਇਆਂ ਨੂੰ।
(ਚੇਲਾ ਆਉਂਦਾ ਹੈ ਅਤੇ ਉੱਚੀ ਆਵਾਜ਼ ਵਿਚ ਬੋਲਦਾ ਹੈ।)
(ਅੜੀ ਰਹਿ ਦੜੀ ਰਹਿ, ਦੁਸ਼ਮਣ ਦੀ ਛਾਤੀ ਤੇ ਚੜ੍ਹੀ ਰਹਿ)

ਤਾਰੂ : ਆਉ ਬਾਬਾ ਜੀ, ਇਥੇ ਮੰਜੇ ਤੇ ਬਿਰਾਜਮਾਨ ਹੋਵੋ।

ਚੇਲਾ : ਨਹੀਂ, ਪਹਿਲਾਂ ਬਾਲਕ ਕੋ ਹਾਜਰ ਕਰੋ।
(ਬੰਸੋ ਚੇਲੇ ਅੱਗੇ ਕਾਲੇ ਨੂੰ ਲਿਆਉਂਦੀ ਹੈ)
ਬੋਲ ਬਾਲਕ ਕੀ ਤਕਲੀਫ ਹੈ?

ਕਾਲਾ : ਮੈਨੂੰ ਚੱਕਰ ਆਉਂਦੇ ਪਏ ਨੇ।

ਚੇਲਾ : ਹਾਂ, ਕਿਸੀ ਨੇ ਤਕੜਾ ਚੱਕਰ ਚਲਾਇਆ ਲਗਤੈ।

ਤਾਰੂ : ਬਾਬਾ ਜੀ, ਇਹਨਾਂ ਗਰੀਬਾਂ ਤੇ ਰਹਿਮ ਕਰੋ, ਇਹਨਾਂ ਦਾ ਤਾਂ ਇਹੋ ਹੀ ਇੱਕੋ ਇੱਕ ਪੁੱਤ ਏ, ਇਹਨਾਂ ਦੀ ਕਹਾਣੀ ਤਾਂ ਇਹਦੇ ਨਾਲ ਈ ਏ।

ਚੇਲਾ : ਹੂੰ, ਚੱਕਰ ਚਲਾਇਆ ਇਸੀ ਵਾਸਤੇ ਕਿ ਇਨ ਕਾ ਨਾਮੋ ਨਿਸ਼ਾਨ ਮਿਟ ਜਾਏ।

ਬੰਸੋ : (ਘਬਰਾ ਕੇ) ਹੈਂ! ਨਾਮੋ ਨਿਸ਼ਾਨ ਮਿਟ ਜਾਏ .....

ਚੇਲਾ : ਹਾਂ, ਪਰ ਮਤ ਘਬਰਾਓ। ਹਮ ਠੀਕ ਵਕਤ ਤੇ ਪਹੁੰਚ ਗਏ ਹੈਂ। ਪੁੱਠੀਆਂ ਕੋ ਸਿੱਧੀਆਂ ਕਰ ਦੇਂਗੇ। ਹੁਣ ਕੋਈ ਬੋਲੇ ਨਾ, ਖਾਮੋਸ਼! ਅੜੀ ਰਹਿ, ਦੜੀ ਰਹਿ, ਦੁਸ਼ਮਣ ਕੀ ਛਾਤੀ ਪਰ ਚੜ੍ਹੀ ਰਹਿ। ਬੋਲ! ਹੇ ਭਿਆਨਕ ਸ਼ਕਲ ਵਾਲੇ? ਤੁਮ ਹੈ ਕੌਣ? ਮੈਂ ਪੂਛਤਾ ਹੂੰ ਤੁਮ ਹੈ ਕੌਣ? ਕਿਧਰ ਸੇ ਆਇਆ? ਤੇਰਾ ਟਿਕਾਣਾ? ਅੱਛਾ, ਅੱਛਾ ਪਰ ਤੁਮ ਜਾਤਾ ਕਿਉਂ ਨਹੀਂ?

ਦਰਸ਼ਨ : ਕਿਹਦੇ ਨਾਲ ਗੱਲਾਂ ਕਰ ਰਹੇ ਹੋ? ਸਾਨੂੰ ਤਾਂ ਕਿਸੇ ਦੀ ਵਾਜ ਨਹੀਂ ਸੁਣੀ।

ਚੇਲਾ : ਤੁਮ ਜਿਹੇ ਬੁੱਧੀ ਭਰਿਸ਼ਟੋਂ ਕੋ ਵਾਜ ਕੈਸੇ ਸੁਣ ਸਕਤੀ ਹੈ। ਚੁੱਪ! ਮੱਤ ਬੋਲ, ਹਮਾਰੀ ਤਪੱਸਿਆ ਮਤ ਰੋਲ।

ਬੰਸੋ : ਹੁਣ ਨਹੀਂ ਬੋਲਦੇ ਬਾਬਾ ਜੀ। (ਦਰਸ਼ਨ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੈ)

ਚੇਲਾ : ਹਾਂ ਮੈਂ ਹਾਂ ਮਿਲਾਉਗੇ ਤੋ ਰੋਗ ਸੇ ਛੁਟਕਾਰਾ ਪਾਉਗੇ। (ਕਾਲੇ ਵੱਲ ਵੇਖ ਕੇ) ਹਾਂ ਬੋਲ! ਕਿਉਂ ਬਾਲਕ ਕੇ ਪੀਛੇ ਪੈ ਗਿਐ? ਸਾਫ ਸਾਫ ਬੋਲ ਤੁਮ ਚਾਹਤਾ ਕੀ ਹੈਂ? ਨਂਈਂ ਤਾਂ ਮੈਂ ਭਸਮ ਕਰ ਦੂੰਗਾ। ਤੇਰੀ ਮਨਸ਼ਾ ਕੀ ਹੈ? ਜਲਦੀ ਸੁਣਾ ਮਤ ਦੇਰ ਕਰ। ਹਾਂ, ਹਾਂ ਮਿਲੇਗਾ ਪਰ ਤੁਮ ਇਥੇ ਰਹਿਣਾ ਨਹੀਂ। ਏਕ ਪਲ ਭੀ ਦੇਰ ਕੀਤਾ ਤੋ ਚਿਮਟੇ ਮਾਰ ਸਿਰ ਫੇਹ ਦੂੰਗਾ। (ਬੰਸੋ ਨੂੰ) ਇਸ ਬਾਲ ਕੇ ਅੰਦਰ ਭੂਤ ਵਾਸਾ ਕਰ ਗਿਐ, ਭੂਤ ਭੁੱਖਾ ਹੈ, ਕੜਾਹੀ ਮਾਂਗਤਾ ਹੈ, ਪੰਜ ਸੌ ਰੁਪਏ ਕੀ ਰਸਦ ਲਗੇਗੀ।

ਬੰਸੋ : (ਡਰਦੀ ਹੋਈ) ਭੂਤ ਨੇ ਮੇਰੇ ਪੁੱਤ ਦਾ ਕੀ ਹਾਲ ਕਰ ਦਿੱਤੈ। ਬਾਬਾ ਜੀ, ਸਾਡਾ ਖਹਿੜਾ ਛੁਡਾਉ ਭੂਤ ਤੋਂ। ਪੰਜ ਸੌ ਰੁਪਿਆ ਅਸੀਂ ਔਖੇ-ਸੌਖੇ ਹੋ ਕੇ ਦੇ ਦੇਂਦੇ ਆ।

ਦਰਸ਼ਨ : ਪੰਜ ਸੌ ਕਿਹੜੇ ਪਿਉ ਕੋਲੋਂ ਲਿਆਵੇਂਗੀ?

ਬੰਸੋ : ਆਹ ਛਾਪ ਪਈ ਸੀ, ਪੈਸੇ ਤਾਂ ਸਾਡੇ ਕੋਲ ਹੈ ਨਹੀਂ। (ਤਾਰੂ ਨੂੰ) ਵੀਰਿਆ, ਲੈ ਆਹ ਛਾਪ ਤੂੰ ਈ ਰੱਖ ਲੈ ਪੰਜ ਸੌ ਰੁਪਏ ਵਿਚ। ਜਦ ਸਾਡੇ ਕੋਲ ਪੈਸੇ ਹੋਏ, ਦੇ ਕੇ ਛੁਡਾ ਲਵਾਂਗੇ। ਉਦੋਂ ਭਾਵੇਂ ਵਿਆਜ਼ ਲਾ ਲਈਂ। (ਬੰਸੋ ਤਾਰੂ ਨੂੰ ਛਾਪ ਦਿੰਦੀ ਹੈ)

ਤਾਰੂ : ਜੀ ਸਦਕੇ ਛੁਡਾਉ, ਇਹ ਤਾਂ ਹੈ ਈ ਪੰਜ ਸੌ ਰੁਪਏ ਦੀ ਏ ਮਸਾਂ। ਰੱਖ ਈ ਲੈਂਦੇ ਆਂ, ਬੰਦਾ ਈ ਬੰਦੇ ਦਾ ਦਾਰੂ ਹੁੰਦੈ। ਬਾਬਾ ਜੀ, ਕਰੋ ਕਿਰਪਾ ਗਰੀਬ ਪਰਿਵਾਰ ਤੇ। ਇਹਨਾਂ ਦੀ ਪੰਜ ਸੌ ਵਿਚ ਈ ਕਹਾਣੀ ਫਿੱਟ ਕਰ ਦਿਓ।

ਚੇਲਾ : ਕਿਰਪਾ ਤੋ ਕਰੇਂਗੇ ਹੀ (ਕਾਲੇ ਵੱਲ ਵੇਖ ਕੇ) ਹੇ ਨਾਥ! ਮਾਰ ਝਾਤ, ਠੰਡੇ ਜਲ ਕਾ ਛੀਟਾ ਮਾਰ, ਦੇਖੋ ਗਰੀਬ ਹੈ ਪਰਵਾਰ। ਬਾਲਕ ਮੇਂ ਤਕੜਾ ਭੂਤ ਲਾ ਸ਼ਕਤੀ ਕਰ ਦੋ ਸੂਤ। (ਬੰਸੋ ਨੂੰ) ਬੀਬੀ, ਬਾਲਕ ਮੇਂ ਭੂਤ ਬਹੁਤ ਤਕੜਾ ਏ, ਭੂਤ ਕੋ ਬਾਹਰ ਕੱਢਣੇ ਕੇ ਲੀਏ ਹਮ ਕੋ ਆਪਣਾ ਜੰਤਰ ਮੰਤਰ ਚਲਾਣਾ ਹੈ ਔਰ ਬਾਲਕ ਕੋ ਕੁਝ ਤਕਲੀਫ ਝੱਲਣੀ ਹੋਗੀ।

ਬੰਸੋ : ਬਾਬਾ ਜੀ, ਤਕਲੀਫ ਤਾਂ ਮੇਰਾ ਪੁੱਤਰ ਪਹਿਲਾਂ ਵੀ ਝੱਲ ਰਿਹੈ, ਹੋਰ ਵੀ ਝੱਲ ਲਵੇਗਾ ਪਰ ਮੇਰੇ ਪੁੱਤਰ ਨੂੰ ਰਮਾਣ ਦੇ ਦਿਉ।

ਚੇਲਾ : ਲੋਹੇ ਦੀ ਇਸ ਸਬਲ ਸੇ ਭੂਤ ਕੋ ਭਜਾਉਣਾ ਪਵੇਗਾ। ਤੁਮ ਸਭ ਬੈਠੋ, ਮੈਂ ਬਾਲਕ ਕੋ ਅੰਦਰ ਲਿਜਾ ਕੇ ਭੂਤ ਦਾ ਬੰਦੋਬਸਤ ਕਰਤਾ ਹੂੰ। ਨਰਮੀ ਸੇ ਨਈਂ ਤੋ ਗਰਮੀ ਸੇ ਈ ਸਹੀ, ਮੰਤਰ ਚੱਲੇਗਾ ਤੋ ਭੂਤ ਦੌੜੇਗਾ?

ਦਰਸ਼ਨ : ਮੈਂ ਵੀ ਨਾਲ ਈ ਅੰਦਰ ਜਾਨਾਂ, ਕਾਲਾ ਕੱਲਾ ਡਰ ਜਾਵੇਗਾ।

ਬੰਸੋ : ਤੂੰ ਅੰਦਰ ਜਾ ਕੇ ਕਿਹੜਾ ਮੰਤਰ ਪੜਣੈ ਜਿਵੇਂ ਬਾਬਾ ਜੀ ਕਹਿੰਦੇ ਨੇ ਓਵੇਂ ਕਰੀਏ, ਇਹਦੇ ਵਿਚ ਈ ਸਾਡਾ ਭਲਾ ਏ।

ਤਾਰੂ : ਬਾਬਾ ਜੀ ਤੁਸੀਂ ਇੱਥੇ ਬਾਹਰ ਈ ਕਿਰਪਾ ਕਰ ਦਿਉ।

ਚੇਲਾ : ਠੀਕ ਹੈ, ਭੂਤ ਕੈਸੇ ਰਹੇਗਾ?
ਸਾਲਿਆ ਸੱਤ ਮੀਲ ਦੂਰ ਦੌੜ ਜਾ, ਨਹੀਂ ਤੋਂ ਬੁਰੀ ਕਰੂੰਗਾ।

ਕਾਲਾ : ਮੈਨੂੰ ਛੱਡ ਦੇ, ਮੈਨੂੰ ਛੱਡ ਦੇ।

ਚੇਲਾ : ਤੁਮੇ ਕੱਢ ਕੇ ਹੀ ਛੋੜਾਂਗਾ। ਹੁਰਰ .. ਚੁਰਰ ..... ਹੋ ਜਾ ਫੁਰਰ.... (ਡਾਕਟਰ ਆਉਂਦਾ ਹੈ)

ਡਾਕਟਰ : ਦਰਸ਼ਨ ਸਿੰਘ, ਇਹ ਕੀ ਹੋ ਰਿਹੈ? ਮੁੰਡਾ ਕਿਉਂ ਰੋ ਰਿਹੈ?

ਦਰਸ਼ਨ : ਡਾਕਟਰ ਸਾਹਬ, ਸਾਡੀ ਕਿਸਮਤ ਪਈ ਰੋਂਦੀ ਏ ..... (ਰੋਣਹਾਕਾ ਹੋ ਜਾਂਦਾ ਹੈ)

ਬੰਸੋ : ਕਾਲੇ ਨੂੰ ਕੋਈ ਕਸਰ ਹੋ ਗਈ ਏ, ਬਾਬਾ ਜੀ ਉਹਦਾ ਲਾਜ ਕਰਦੇ ਪਏ ਨੇ ਅੰਦਰ।

ਡਾਕਟਰ : ਤੁਸੀਂ ਮੁੰਡਾ ਮਰਵਾ ਦੇਣਾ ਸੀ, ਮੁੰਡੇ ਨੂੰ ਛੁਡਾਉ ਕਸਾਈ ਤੋਂ। ਇਹ ਕਸਾਈ ਬੱਚੇ ਨੂੰ ਮਾਰ ਦੇਵੇਗਾ।
(ਦਰਸ਼ਨ ਕਾਲੇ ਨੂੰ ਛੁਡਾਉਂਦਾ ਹੈ)



ਅਖਬਾਰਾਂ ਵਿਚ ਨਿੱਤ ਇਹਨਾਂ ਦੇ ਪਾਖੰਡਾਂ ਦੇ ਪਾਜ ਖੁਲ੍ਹਦੇ ਦੱਸੇ ਜਾਂਦੇ ਨੇ, ਪਰ ਲੋਕ ਪਤਾ ਨਹੀਂ ਕਿਉਂ ਇਹਨਾਂ ਪਾਖੰਡੀਆਂ ਨੂੰ ਮੰਨੀ ਜਾਂਦੇ ਨੇ।

ਤਾਰੂ : ਇਹ ਪਾਖੰਡੀ ਨਹੀਂ ਇਹਨਾਂ ਛਿਲੇ ਕੱਟੇ ਨੇ। ਬਾਹਰ ਦੀਆਂ ਚੀਜ਼ਾਂ ਤੋਂ ਲੋਕਾਂ ਦਾ ਬਚਾਅ ਕਰਦੇ ਨੇ।

ਡਾਕਟਰ : ਚੰਗਾ ਬਚਾਅ ਹੋ ਰਿਹਾ ਸੀ ਮੁੰਡੇ ਦਾ।

ਕਾਲਾ : ਡਾਕਟਰ ਜੀ, ਮੈਨੂੰ ਬਚਾ ਲਉ। ਮੇਰੇ ਵਿਚ ਕੋਈ ਭੂਤ ਨਹੀਂ।

ਚੇਲਾ : ਅਬ ਭੂਤ ਕਿੱਥੇ ਰਹਿਣਾ ਥਾ? ਭੂਤ ਕੀ ਹਮਨੇ ਪਹਿਲਾਂ ਈ ਛੁੱਟੀ ਕਰ ਦੀ।

ਡਾਕਟਰ : (ਚੇਲੇ ਨੂੰ) ਤੇਰੇ ਅੰਦਰ ਜਿਹੜਾ ਭੂਤ ਵੜਿਐ, ਉਹਦੀ ਵੀ ਛੁੱਟੀ ਕਰ ਦਿੰਦੇ ਆਂ।

ਕਾਲਾ : ਡਾਕਟਰ ਜੀ, ਮੇਰੇ ਪਿੰਡੇ ਤੇ ਲਾਸਾਂ ਪੈ ਗਈਆਂ ਨੇ।
(ਰੋਣ ਲੱਗ ਪੈਂਦਾ ਹੈ)

ਡਾਕਟਰ : ਦਰਸ਼ਨ ਸਿੰਘ, ਆਹ ਚੇਲੇ ਨੂੰ ਬੰਨ ਲੈ, ਜੇ ਇਹਦਾ ਭੂਤ ਨਿਕਲ ਗਿਆ ਤਾਂ ਸਾਰੇ ਲੋਕਾਂ ਦੇ ਭੂਤ ਆਪਣੇ ਆਪ ਨਿਕਲ ਜਾਣਗੇ।
(ਦਰਸ਼ਨ ਚੇਲੇ ਨੂੰ ਪਰਨੇ ਨਾਲ ਬੰਨ ਲੈਂਦਾ ਹੈ, ਚੇਲਾ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ)

ਦਰਸ਼ਨ : ਮੇਰੇ ਹੱਥਾਂ 'ਚੋਂ ਛੁੱਟਣਾ ਖਾਲਾ ਜੀ ਦਾ ਵਾੜਾ ਨਹੀਂ, ਇਹ ਹੱਥ ਤਾਂ ਝੋਟੇ ਨੂੰ ਨੱਥ ਤੋਂ ਫੜ ਕੇ ਹਿੱਲਣ ਨਹੀਂ ਦੇਂਦੇ।
(ਤਾਰੂ ਦੌੜਨ ਲੱਗਦਾ ਹੈ ਪਰ ਡਾਕਟਰ ਉਸਨੂੰ ਫੜ੍ਹ ਲੈਂਦਾ ਹੈ)

ਡਾਕਟਰ : ਤੂੰ ਕਿੱਥੇ ਚੱਲਿਆ ਸੀ, ਤੇਰੀਆਂ ਕਰਤੂਤਾਂ ਤਾਂ ਮੈਂ ਪਹਿਲਾਂ ਈ ਬੜੀਆਂ ਸੁਣੀਆਂ ਨੇ। ਤੂੰ ਸਾਰੇ ਪਿੰਡ ਨੂੰ ਪੁੱਠੇ ਗੇੜ 'ਚ ਪਾ ਰੱਖਿਐ। ਦੱਸ, ਤੂੰ ਈ ਇਸ ਭੂਤ ਨੂੰ ਘਰ ਲੈ ਕੇ ਆਇਆ ਸੀ? ਤੁਹਾਨੂੰ ਕਰਦਾਂ ਪੁਲਸ ਦੇ ਹਵਾਲੇ।

ਚੇਲਾ : ਹਮੇਂ ਜਾਨੇ ਦੋ, ਹਮੇਂ ਬੁਲਾਇਆ ਤੋਂ ਹਮ ਆਏ।

ਡਾਕਟਰ : ਤੁਸੀਂ ਘਰਾਂ ਦੇ ਘਰ ਤਬਾਹ ਕਰ ਦਿੱਤੇ। ਧਾਗੇ ਤਵੀਤ ਬਣਾ ਕੇ ਲੋਕਾਂ ਨੂੰ ਚੁਰਾਸੀ ਦੇ ਚੱਕਰਾਂ 'ਚ ਪਾ ਦਿੰਦੇ ਹੋ ਤੇ ਭੋਲੇ ਭਾਲੇ ਲੋਕਾਂ ਦਾ ਖੂਨ ਪੀਂਦੇ ਹੋ। ਕੰਮ ਕੋਈ ਕਰਨਾ ਨਹੀਂ, ਫਾਂਡੇ ਕਰ ਕੇ ਮਾਇਆ ਦੇ ਖੁੱਲੇ ਗੱਫੇ ਲਾਉਂਦੇ ਹੋ। ਚੰਗਾ ਨੁਸਖਾ ਏ ਤੁਹਾਡੇ ਕੋਲ! ਨਾ ਹਿੰਗ ਲੱਗੇ ਨਾ ਫਟਕੜੀ ਰੰਗ ਚੋਖੇ ਦਾ ਚੋਖਾ।

ਦਰਸ਼ਨ : ਡਾਕਟਰ ਸਾਹਿਬ, ਆਹ ਸਿਆਣੇ ਇਕ ਫੂਕ ਮਾਰਨ ਦੇ ਕਵੰਜਾ ਰੁਪਏ ਮੁੱਛ ਲੈਂਦੇ ਨੇ, ਜਿੰਨੀਆਂ ਫੂਕਾਂ ਉਨੇ ਪੈਸੇ, ਇਹਨਾਂ ਦਾ ਕੀ ਲੱਗਦਾ ਏ ਫੂਕ ਮਾਰਨ ਤੇ ਭਾਵੇਂ ਚਾਰ ਵਧ ਮਾਰ ਛੱਡਣ।

ਡਾਕਟਰ : ਇਹਨਾਂ ਦੋਵਾਂ ਪਾਖੰਡੀਆਂ ਨੂੰ ਅੰਦਰ ਡੱਕ ਦੇਈਏ, ਇਹਨਾਂ ਨੂੰ ਕਰਦੇ ਆਂ ਪੁਲਸ ਦੇ ਹਵਾਲੇ। ਕਾਲੇ ਦਾ ਇਲਾਜ ਮੈਂ ਆਪ ਕਰਾਂਗਾ।

ਦਰਸ਼ਨ : ਚਲੋ ਹਾਂ ਤੂੜੀ ਵਾਲੇ ਕੋਠੇ, ਵੇਖਿਓ ਅੰਦਰ ਕੀ ਭਾਅ ਵਿਕਦੀ ਏ?

ਤਾਰੂ : ਮਰ ਗਏ ਸਾਰੀ ਕਹਾਣੀ ਉਲਟੀ ਹੋ ਗਈ।

ਚੇਲਾ : ਡਾਕਟਰ ਜੀ, ਹਮ ਕੋ ਮਾਫ ਕਰ ਦੋ। ਪੁਲਸ ਦੇ ਪਾਸ ਨਾ ਭੇਜਣਾ ਨਈਂ ਤੋਂ ਪੁਲਸ ਨੇ ਮਾਰ ਮਾਰ ਹਮਰਾ ਭੜਥਾ ਬਣਾ ਦੇਣੈਂ।

ਡਾਕਟਰ : ਤੁਸੀਂ ਕਿੰਨੀਆਂ ਜ਼ਿੰਦਗੀਆਂ ਦਾ ਭੜਥਾ ਬਣਾ ਛੱਡਿਐ? ਚਲੋ ਅੰਦਰ।
(ਚੇਲੇ ਤੇ ਤਾਰੂ ਨੂੰ ਅੰਦਰ ਡੱਕ ਦਿੱਤਾ ਜਾਂਦਾ ਹੈ)
ਅੱਛਾ, ਇਹ ਦੱਸੋ, ਕਾਲੇ ਨੂੰ ਹੋਇਆ ਕੀ?

ਬੰਸੋ : ਹੋਣਾ ਕੀ ਏ ਕੱਲ੍ਹ ਸ਼ਾਮ ਨੂੰ ........

ਦਰਸ਼ਨ : (ਗੱਲ ਨੂੰ ਵਿਚੋਂ ਕੱਟ ਕੇ) ਤੂੰ ਚੁਕੀ ਰਹਿ, ਹਰ ਥਾਂ ਪੈਂ ਪੈਂ ਕਰਨ ਲੱਗ ਪੈਂਦੀ ਏਂ। ਡਾਕਟਰ ਸਾਹਿਬ, ਮੈਂ ਦਸਦਾਂ ਸਾਰੀ ਗੱਲ। ਕਲ੍ਹ ਸ਼ਾਮ ਕਾਲਾ ਚਾਰ ਕਿਲੇ ਸਪਰੇਅ ਕਰਕੇ ਆਇਆ ਤੇ ਘਰ ਆਉਂਦੇ ਸਾਰ ਈ ਕਹਿਣ ਲੱਗਾ ਮੈਨੂੰ ਚੱਕਰ ਆਉਣ ਡਹੇ ਨੇ। ਉਸ ਤੋਂ ਬਾਅਦ ਕਾਲਾ ਰਾਤ ਸੁੱਤਾ ਬੁੜਾਉਂਦਾ ਰਿਹੈ। ਮੈਂ ਤਾਂ ਤੁਹਾਡੇ ਵੱਲ ਜਾਣ ਲੱਗਾ ਸੀ ਪਰ ਆਹ ਅਕਲ ਦੀ ਦੁਸ਼ਮਣ ਇਹਨਾਂ ਸਿਆਣਿਆਂ ਨੂੰ ਲੈ ਆਈ।

ਡਾਕਟਰ : ਸ਼ੁਕਰ ਕਰੋ ਮੈਂ ਕੁਦਰਤੀ ਪਹੁੰਚ ਗਿਆ, ਤੁਹਾਡੇ ਮੁਹੱਲੇ ਮੈਂ ਮਰੀਜ਼ ਵੇਖਣ ਆਇਆ ਸੀ। ਰਹੀ ਗੱਲ ਕਾਲੇ ਦੀ, ਸਪਰੇਅ ਕਰਦੇ ਕਰਦੇ ਇਸ ਮੁੰਡੇ ਨੂੰ ਥੋੜ੍ਹੀ ਦਵਾਈ ਚੜ੍ਹ ਗਈ ਹੋਣੀ ਏ, ਜਿਸ ਕਰਕੇ ਚੱਕਰ ਆ ਗਏ। ਘਬਰਾਉਣ ਦੀ ਕੋਈ ਗੱਲ ਨਹੀਂ, ਮੈਂ ਦਵਾਈ ਦੇ ਦਿੰਦਾ ਹਾਂ, ਹੁਣ ਕੋਈ ਵਹਿਮ ਨਾ ਕਰਿਉ।

ਬੰਸੋ : ਡਾਕਟਰ ਜੀ, ਤੁਸੀਂ ਤਾਂ ਸਾਡੀਆਂ ਅੱਖਾਂ ਖੋਹਲ ਦਿੱਤੀਆਂ, ਤੁਹਾਡੀ ਬੜੀ ਬੜੀ ਮੇਹਰਬਾਨੀ।

ਦਰਸ਼ਨ : ਸ਼ੁਕਰ ਏ ਕਿਤੇ ਤੇਰੀਆਂ ਅੱਖਾਂ ਵੀ ਖੁੱਲ ਗਈਆਂ ਐਸੇ ਜਨਮ ਵਿਚ!

ਡਾਕਟਰ : (ਦਰਸ਼ਕਾਂ ਨੂੰ) ਭਾਵੇਂ ਅਸੀਂ ਸਾਇੰਸ ਦੇ ਯੁੱਗ ਵਿਚ ਵਿਚਰ ਰਹੇ ਹਾਂ ਪਰ ਲੋਕਾਂ ਦੀ ਸੋਚ ਅਜੇ ਵੀ ਪਛੜੀ ਪਈ ਏ। ਮੈਂ ਹੈਰਾਨ ਹੁੰਦਾ ਹਾਂ ਜਦ ਪੜ੍ਹੇ ਲਿਖੇ ਲੋਕ ਵੀ ਇਹਨਾਂ ਪਾਖੰਡੀਆਂ ਤੋਂ ਆਰਾਮ ਭਾਲਣ ਜਾਂਦੇ ਨੇ। ਮੇਰੇ ਲੋਕੋ! ਜੇ ਤੁਸੀਂ ਜ਼ਿੰਦਗੀ ਸੋਹਣੀ ਬਤੀਤ ਕਰਨੀ ਹੈ ਤਾਂ ਚੁਰਾਸੀ ਦੇ ਚੱਕਰਾਂ ਤੋਂ ਬਾਹਰ ਨਿਕਲਣ ਵਾਸਤੇ ਵਿਗਿਆਨਕ ਪਹੁੰਚ ਅਪਣਾਉ। ਇਹਨਾਂ ਪਾਖੰਡੀ ਲੋਕਾਂ ਨੂੰ ਨੇੜੇ ਨਾ ਢੁੱਕਣ ਦਿਉ, ਇਹ ਹੀ ਸਮੇਂ ਦੀ ਲੋੜ ਹੈ।
ਤਿੰਨੇ ਫਰੀਜ ਹੋ ਜਾਂਦੇ ਹਨ ਤੇ ਪਿਛੋਂ ਗਾਉਣ ਦੀ ਆਵਾਜ਼ ਆਉਂਦੀ ਹੈ)
ਰੁੱਤ ਫਿਰ ਗਈ, ਨਵੀਂ ਗੱਲ ਤੁਰ ਪਈ!
ਹੋਣੀ ਦੀ ਗੱਲ ਮੁਕਾਉ ਲੋਕੋ!
ਜਰਾ ਮਾਰੋ ਜ਼ੋਰ , ਸਭ ਨੂੰ ਸੁਣਾਓ ਲੋਕੋ!

(ਪਰਦਾ)